ਕੈਨੇਡਾ ਦਰਪਣ

ਸਤੰਬਰ 26, 1986

September 26, 1986

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

ਕੈਨੇਡਾ ਦਰਪਣ

The Canada Darpan — Punjabi Weekly Newspaper

Weekending September 26, 1986 Vol. 5 No. 37 Price 35¢ Out of Greater Vancouver 50¢ Ph. (604)581-4473

ਅੰਦਰ ਪੜ੍ਹੋ —

ਮਲਕੀਅਤ ਸਿੰਘ ਸਿੱਧੂ ਉਤੇ ਕਾਤਲਾਨਾ ਹਮਲਾ ਕਰਨ ਦੇ ਮਾਮਲੇ ਵਿਚ

ਫੈਡਰੇਸ਼ਨ ਦੇ ਪੰਜ ਵਿਅਕਤੀ ਫੜੇ

ਪਿਆਰਾ ਸਿੰਘ ਨੱਤ ਤੇ ਹਰਜੀਤ ਸਿੰਘ ਅਟਵਾਲ ਵੀ ਸ਼ਾਮਲ

ਵੈਨਕੂਵਰ — ਪਿਛਲੇ ਵੀਰਵਾਰ ਵੈਨਕੂਵਰ ਅਤੇ ਸਰੀ ਦੀ ਪੁਲੀਸ ਨੇ ਫੈਡਰੇਸ਼ਨ ਦੇ ਪੰਜ ਵਿਅਕਤੀ ਗ੍ਰਿਫ਼ਤਾਰ ਕਰਕੇ ਪੰਜਾਬ ਦੇ ਯੋਜਨਾ ਮੰਤਰੀ ਮਲਕੀਤ ਸਿੰਘ ਸਿੱਧੂ ਉਤੇ ਕਾਤਲਾਨਾ ਹਮਲੇ ਵਿਚ ਚਾਰਜ ਕਰ ਦਿਤੇ। ਇਨ੍ਹਾਂ ਪੰਜ ਵਿਅਕਤੀਆਂ ਵਿਚ ਫੈਡਰੇਸ਼ਨ ਦਾ ਪ੍ਰਧਾਨ ਪਿਆਰਾ ਸਿੰਘ ਨੱਤ ਅਤੇ ਸਰੀ ਗੁਰਦੁਆਰੇ ਦੀ ਐਗਜ਼ੈਕਟਿਵ ਦਾ ਮੈਂਬਰ ਹਰਜੀਤ ਸਿੰਘ ਅਟਵਾਲ ਵੀ ਸ਼ਾਮਲ ਹੈ। ਹਰਜੀਤ ਸਿੰਘ ਅਟਵਾਲ ਦਾ ਭਰਾ ਜਸਬੀਰ ਸਿੰਘ ਅਟਵਾਲ ਪਹਿਲਾਂ ਚਾਰਜ ਕੀਤਾ ਜਾ ਚੁਕਿਆ ਹੈ।

'ਪ੍ਰੋਵਿੰਸ' ਦੀ ਖਬਰ ਅਨੁਸਾਰ ਦਰਜਨਾਂ ਪੁਲਸ ਵਾਲਿਆਂ ਨੇ ਵੱਖ ਵੱਖ ਘਰਾਂ ਉਤੇ ਛਾਪੇ ਮਾਰੇ। ਇਹ ਕਾਰਵਾਈ ਪੁਲਸ ਅਤੇ ਕੈਨੇਡਾ ਦੀ ਖੁਫੀਆ ਏਜੰਸੀ ਨੇ ਰਲਕੇ ਚਾਰ ਮਹੀਨੇ ਦੀ ਤਫਤੀਸ਼ ਪਿਛੋਂ ਕੀਤੀ।

ਜਿਨ੍ਹਾਂ ਨੂੰ ਚਾਰਜ ਕੀਤਾ ਗਿਆ ਹੈ ਉਨ੍ਹਾਂ ਦੇ ਨਾਂ ਹਨ : ਪਿਆਰਾ ਸਿੰਘ ਨੱਤ, ਹਰਜੀਤ ਸਿੰਘ ਅਟਵਾਲ, ਡੁੰਮਨ ਸੰਧਰ, ਰਣਜੀਤ ਸਿੰਘ ਗਰਚਾ ਅਤੇ ਅਮਰਜੀਤ ਸਿੰਘ ਸੰਧੂ।

ਜਿਹੜੇ ਚਾਰ ਵਿਅਕਤੀ ਪਹਿਲਾਂ ਚਾਰਜ ਕੀਤੇ ਗਏ ਹਨ ਉਹ ਹਨ : ਜਸਪਾਲ ਸਿੰਘ ਅਟਵਾਲ, ਜਸਬੀਰ ਸਿੰਘ ਅਟਵਾਲ, ਅਮਰਜੀਤ ਸਿੰਘ ਢੀਂਡਸਾ ਅਤੇ ਸੁਖਦਿਆਲ ਸਿੰਘ। ਇਨ੍ਹਾਂ ਦੀਆਂ ਜ਼ਮਾਨਤਾਂ ਪਹਿਲਾਂ ਹੋ ਗਈਆਂ ਸਨ ਪਰ ਬਾਅਦ ਵਿਚ ਮਨਸੂਖ ਕਰ ਦਿਤੀਆਂ ਗਈਆਂ।

ਇਨ੍ਹਾਂ ਪੰਜ ਵਿਅਕਤੀਆਂ ਨੂੰ ਕੋਰਟ ਵਿਚ ਪੇਸ਼ ਕੀਤਾ ਗਿਆ ਅਤੇ ਤਾਰੀਖ 22 ਸਤੰਬਰ ਪਾ ਦਿਤੀ ਗਈ।

ਖਬਰਾਂ ਅਨੁਸਾਰ 22 ਸਤੰਬਰ ਨੂੰ ਇਹ ਨੌਂ ਵਿਅਕਤੀ ਇਕੱਠੇ ਹੀ ਕੋਰਟ ਵਿਚ ਪੇਸ਼ ਹੋਣਗੇ। ਕੇਸ ਜਲਦੀ ਹੀ ਸ਼ੁਰੂ ਹੋਣ ਦੀ ਸੰਭਾਵਨਾ ਦੱਸੀ ਗਈ ਹੈ।

ਤਲਵਿੰਦਰ ਸਿੰਘ ਤੇ ਛੇ ਸਾਥੀਆਂ ਦਾ ਕੇਸ 2 ਨਵੰਬਰ ਤੱਕ ਮੁਲਤਵੀ

ਹੈਮਿਲਟਨ — ਬੱਬਰ ਖਾਲਸਾ ਦੇ ਸੱਤ ਵਿਅਕਤੀ ਜਿਨ੍ਹਾਂ ਉਤੇ ਭਾਰਤੀ ਪਾਰਲੀਮੈਂਟ ਉਡਾਉਣ, ਇਕ ਪਾਰਲੀਮੈਂਟ ਮੈਂਬਰ ਦੇ ਬੱਚੇ ਅਗਵਾ ਕਰਨ ਆਦਿ ਦੇ ਦੋਸ਼ ਲਾਏ ਹਨ — ਦੋ ਦਿਨਾਂ ਦੀਆਂ ਗਵਾਹੀਆਂ ਪਿਛੋਂ 2 ਨਵੰਬਰ ਤੱਕ ਮੁਲਤਵੀ ਕਰ ਦਿਤਾ ਗਿਆ ਹੈ।

ਤਲਵਿੰਦਰ ਸਿੰਘ ਅਤੇ ਉਸਦੇ ਸਾਥੀਆਂ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਮੁਢਲੀ ਸੁਣਵਾਈ ਦੌਰਾਨ ਇਨ੍ਹਾਂ ਵਿਅਕਤੀਆਂ ਨੇ ਕਿਹਾ ਕਿ ਉਨ੍ਹਾਂ ਨੇ ਇਹ ਗੱਲਾਂ ਗੁੱਸੇ ਕਾਰਨ ਕੀਤੀਆਂ ਪਰ ਉਨ੍ਹਾਂ ਅਜਿਹਾ ਜੁਰਮ ਕਰਨ ਦੀ ਸਾਜ਼ਿਸ਼ ਨਹੀਂ ਕੀਤੀ।

ਸਫਾਈ ਦੇ ਇਕ ਗਵਾਹ ਨੇ ਕਿਹਾ ਕਿ ਸਿੱਖਾਂ ਨੂੰ ਪੁਲਸ 'ਮੁਕਾਬਲੇ' ਬਣਾ ਕੇ ਮਾਰ ਰਹੀ ਹੈ।

ਮੈਮੋਰੀਅਲ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ: ਸਟੀਫਨ ਕੇਲਰ ਗਵਾਹ ਵਜੋਂ ਪੇਸ਼ ਹੋਏ ਤੇ ਕਿਹਾ ਕਿ ਖਬਰਾਂ ਤੋਂ ਪਤਾ ਲਗਦਾ ਹੈ ਕਿ ਪੁਲਸ ਤੇ ਸਿੱਖਾਂ ਵਿਚਕਾਰ ਜੋ 'ਮੁਕਾਬਲੇ' ਦੱਸੇ ਜਾਂਦੇ ਹਨ ਉਹ ਅਸਲ ਵਿਚ ਪੁਲਸ ਵਲੋਂ ਕਤਲ ਕੀਤੇ ਜਾਂਦੇ ਹਨ।

ਸਫ਼ਾਈ ਦੇ ਵਕੀਲ ਮਾਈਕਲ ਕੋਡ ਨੇ ਇਕ ਮੈਗਜ਼ੀਨ ਪੇਸ਼ ਕਰਦਿਆਂ ਕਿਹਾ ਕਿ ਇਨ੍ਹਾਂ ਵਿਚੋਂ ਇਕ ਦੇ ਭਰਾ ਨੂੰ ਪੁਲਸ 'ਮੁਕਾਬਲੇ' ਵਿਚ ਮਾਰਿਆ ਗਿਆ।

ਪਰ ਸਰਕਾਰੀ ਵਕੀਲ ਡੀਨ ਪੈਕੁਅਟ ਦਾ ਕਹਿਣਾ ਸੀ ਕਿ ਇਨ੍ਹਾਂ ਸੱਤਾਂ ਵਿਅਕਤੀਆਂ ਨੇ ਦਹਿਸ਼ਤਪਸੰਦੀ ਦੀ ਸਾਜ਼ਿਸ਼ ਕੀਤੀ ਤਾਂਕਿ ਇਹ ਵੱਖਰਾ ਮੁਲਕ ਬਣਾ ਸਕਣ।

ਕਥਿਤ ਸੱਤ ਦੋਸ਼ੀਆਂ ਨੇ ਕਿਹਾ ਕਿ ਉਹ ਦੋਸ਼ੀ ਨਹੀਂ ਹਨ। ਕੋਰਟ ਨੇ ਸੁਣਵਾਈ 2 ਨਵੰਬਰ ਤੱਕ ਅਗੇ ਪਾ ਦਿਤੀ। 2 ਨਵੰਬਰ ਨੂੰ ਪਤਾ ਲਗੇਗਾ ਕਿ ਇਨ੍ਹਾਂ ਵਿਰੁਧ ਕੇਸ ਬਣਦਾ ਹੈ ਜਾਂ ਨਹੀਂ।

ਸਫ਼ਾਈ ਦੇ ਵਕੀਲ ਨੇ ਇਹ ਵੀ ਕਿਹਾ ਕਿ ਇਨ੍ਹਾਂ ਦੀ ਟੇਪਾਂ ਉਤੇ ਗਲਬਾਤ ਗੁੱਸੇ ਕਾਰਨ ਹੀ ਸੀ — ਇਨ੍ਹਾਂ ਨੇ ਕੋਈ ਐਕਸ਼ਨ ਕਰਨ ਦੀ ਸਕੀਮ ਨਹੀਂ ਬਣਾਈ।

ਇਨ੍ਹਾਂ ਸੱਤ ਵਿਅਕਤੀਆਂ ਵਿਚ ਬੀ. ਸੀ. ਦੇ ਦੋ ਵਿਅਕਤੀ ਤਲਵਿੰਦਰ ਸਿੰਘ ਅਤੇ ਅਜਾਇਬ ਸਿੰਘ ਬਾਗੜੀ ਹਨ। ਬਾਕੀ ਦੇ ਪੰਜ ਓਨਟੇਰੀਓ ਸੂਬੇ ਨਾਲ ਸਬੰਧਤ ਹਨ। ਤਲਵਿੰਦਰ ਸਿੰਘ ਤੇ ਉਸਦੇ ਦੋ ਹੋਰ ਸਾਥੀਆਂ ਦੀਆਂ ਜ਼ਮਾਨਤਾਂ ਨਹੀਂ ਸਨ ਹੋਈਆਂ। ਚਾਰ ਵਿਅਕਤੀ ਜ਼ਮਾਨਤ ਉਤੇ ਹਨ।

ਪਾਕਿਸਤਾਨ, ਰੂਸ ਦੇ ਹਿੱਸਿਆਂ ਵਿਚ ਭੁਚਾਲ

ਕਰਾਚੀ — ਪੱਛਮੀ ਪੈਸੀਫਿਕ ਵਿਚ ਮੈਰੀਆਨਾ ਟਾਪੂਆਂ ਵਿਚ ਭੁਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਪਾਕਿਸਤਾਨ ਅਤੇ ਸੋਵੀਅਤ ਯੂਨੀਅਨ ਦੇ ਕੁਝ ਹਿੱਸਿਆਂ ਵਿਚ ਵੀ ਝਟਕੇ ਮਹਿਸੂਸ ਹੋਏ। ਯੂਨਾਨ ਵਿਚ ਵੀ ਤੂਫਾਨ ਨੇ ਕਾਫੀ ਤਬਾਹੀ ਮਚਾਈ ਹੈ।

ਰੂਸੀ ਡਿਪਲੋਮੈਟ ਦਾ ਕਤਲ

ਇਸਲਾਮਾਬਾਦ — ਇਥੇ ਇਕ ਬੰਦੂਕਧਾਰੀ ਨੇ ਰੂਸੀ ਸਫਾਰਤਖਾਨੇ ਦੇ ਮਿਲਟਰੀ ਅਟੈਚੀ ਨੂੰ ਗੋਲੀਆਂ ਨਾਲ ਮਾਰ ਦਿਤਾ। ਡਿਪਲੋਮੈਟ ਦੇ ਨਾਲ ਉਸਦੀ ਬੀਵੀ ਤੇ ਗਿਆਰਾਂ ਸਾਲ ਦਾ ਬੱਚਾ ਵੀ ਸੀ।

ਖਬਰਾਂ ਅਨੁਸਾਰ ਗੋਲੀਆਂ ਮਾਰਨ ਵਾਲਾ ਪਾਗਲ ਦੱਸਿਆ ਗਿਆ ਹੈ।

ਕੁਝ ਦਿਨ ਪਹਿਲਾਂ ਈਰਾਕੀ ਡਿਪਲੋਮੈਟ ਦੀ ਕਾਰ ਵਿਚ ਬੰਬ ਰੱਖਕੇ ਉਸਨੂੰ ਵੀ ਮਾਰ ਦਿਤਾ ਗਿਆ ਸੀ। ਰਾਜਸੀ ਸੂਤਰਾਂ ਦਾ ਕਹਿਣਾ ਹੈ ਕਿ ਇਹ ਕਤਲਾਂ ਦੀਆਂ ਕਾਰਵਾਈਆਂ ਸਾਮਰਾਜੀ ਖੁਫੀਆ ਏਜੰਸੀਆਂ ਵਲੋਂ ਕਰਵਾਈਆਂ ਜਾ ਰਹੀਆਂ ਹਨ।

ਬੀ. ਸੀ. ਵਿਚ ਚੋਣਾਂ 29 ਅਕਤੂਬਰ ਨੂੰ ?

ਵੈਨਕੂਵਰ — ਬੀ. ਸੀ. ਸੋਕਰਡ ਸਰਕਾਰ ਵਲੋਂ ਪਹਿਲੀ ਅਕਤੂਬਰ ਨੂੰ ਇਹ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ ਕਿ ਬੀ. ਸੀ. ਵਿਚ ਆਮ ਚੋਣਾਂ 29 ਅਕਤੂਬਰ ਨੂੰ ਕਰਵਾਈਆਂ ਜਾਣਗੀਆਂ। ਖਬਰਾਂ ਅਨੁਸਾਰ ਪ੍ਰੀਮੀਅਰ ਵੈਂਡਰਜ਼ਾਮ ਵਲੋਂ ਇਸ ਤਰ੍ਹਾਂ ਦੇ ਇਸ਼ਾਰੇ ਦਿਤੇ ਜਾ ਰਹੇ ਹਨ ਜਿਨ੍ਹਾਂ ਤੋਂ ਇਹ ਸੰਭਾਵਨਾ ਨਜ਼ਰ ਆਉਂਦੀ ਹੈ ਕਿ ਚੋਣਾਂ ਦਾ ਬਿਗਲ ਵੱਜਣ ਵਾਲਾ ਹੈ।

ਬਾਕੀ ਪੰਨਾ 2 'ਤੇ

ਡੈਲਟਾ-ਸਰੀ ਨਿਵਾਸੀਆਂ ਨੂੰ ਹੁਣ ਹੋਰ ਥਾਂ ਜਾਣ ਦੀ ਲੋੜ ਨਹੀਂ — ਸਿੱਧੇ ਸਕਾਟ ਰੋਡ ਉਤੇ ਚਲੇ ਆਓ

ਆਪਣੀ ਮਰਜ਼ੀ ਦੇ ਗਹਿਣੇ ਬਣਵਾਓ — 40 ਸਾਲ ਦਾ ਤਜਰਬਾ

ਸਾਡੇ ਕੋਲ ਚਾਂਦੀ ਦੇ ਗਹਿਣੇ ਸਪੈਸ਼ਲ ਤੇ ਵੱਖਰੇ ਵੱਖਰੇ ਡੀਜ਼ਾਈਨਾਂ ਵਿਚ ਹਨ - ਆਓ ਤੇ ਆ ਕੇ ਦੇਖੋ

PH. 588-5808

ਏ. ਸੀ. ਜਿਊਲਰਜ਼



ਫਗਵਾੜੇ ਵਾਲਿਆਂ ਦੀ ਦੁਕਾਨ

9373 - 120 St. Delta, B.C.

ਬਾਦਲ ਨੇ ਅਮਰੀਕਾ 'ਚ ਕਰੋੜਾਂ ਰੁਪਏ ਦਾ ਫਾਰਮ ਖ੍ਰੀਦਿਆ

ਟੌਹੜਾ ਨੇ ਵੀ ਪੈਸੇ ਬਣਾਉਣ 'ਚ ਘੱਟ ਨਹੀਂ ਕੀਤੀ

ਤਪਾ ਮੰਡੀ — ਸ਼੍ਰੋਮਣੀ ਅਕਾਲੀ ਦਲ ਦੇ ਪ੍ਰਚਾਰ ਸਕੱਤਰ ਸ੍ਰੀ ਸੁਰਜੀਤ ਸਿੰਘ ਸੋਖੀ ਨੇ ਸਾਬਕਾ ਮੁਖ ਮੰਤਰੀ ਤੇ ਬਾਦਲ ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਤੇ ਦੋਸ਼ ਲਾਇਆ ਹੈ ਕਿ ਇਸ ਨੇ ਆਪਣੇ ਪੁੱਤਰ ਨੂੰ ਕੈਲੇਫੋਰਨੀਆ ਵਿਚ ਕਰੋੜਾਂ ਰੁਪਏ ਦਾ ਫਾਰਮ ਖਰੀਦ ਕੇ ਦਿਤਾ ਹੈ ਅਤੇ ਪੰਜਾਬ ਤੇ ਦੂਜੇ ਪ੍ਰਾਂਤਾਂ ਵਿਚ ਇਨਾਂ ਕਾਫੀ ਬੇਨਾਮੀ ਜਾਇਦਾਦ ਬਣਾ ਰਖੀ ਹੈ, ਜਿਸ ਨੂੰ ਜ਼ਬਤ ਕੀਤਾ ਜਾਣਾ ਬਣਦਾ ਹੈ। ਇਕ ਮੁਲਾਕਾਤ ਦੌਰਾਨ ਉਨ੍ਹਾਂ ਇਹ ਵੀ ਇੰਕਸ਼ਾਫ ਕੀਤਾ ਕਿ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਸ੍ਰੀ ਗੁਰਚਰਨ ਸਿੰਘ ਟੌਹੜਾ ਨੇ ਆਪਣੇ ਪ੍ਰਧਾਨਗੀ ਕਾਲ ਸਮੇਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲੱਖਾਂ ਰੁਪਏ ਆਪਣੇ ਜੁਆਈ ਦੇ ਨਾਂ ਬੈਂਕ ਵਿਚ ਜਮ੍ਹਾਂ ਕਰਵਾ ਦਿਤੇ ਸਨ, ਜਿਸ ਦੀ ਉਚ ਪੱਧਰੀ ਜਾਂਚ ਕਰਵਾਈ ਜਾਣੀ ਚਾਹੀਦੀ ਹੈ ਤੇ ਟੌਹੜਾ ਸਾਹਿਬ ਹੁਣ ਪਟਿਆਲਾ ਵਿਚ ਇਕ ਸ਼ਾਨਦਾਰ ਸ਼ਾਹੀ ਕਿਸਮ ਦੀ ਕੋਠੀ ਦੀ ਉਸਾਰੀ ਕਰਵਾ ਰਹੇ ਹਨ, ਜਿਸ ਦਾ ਨਕਸ਼ਾ ਵਿਦੇਸ਼ਾਂ ਵਿਚੋਂ ਬਣਕੇ ਆਇਆ ਹੈ। ਉਨ੍ਹਾਂ ਇਨ੍ਹਾਂ ਅਕਾਲੀ ਆਗੂਆਂ ਨੂੰ ਕੁਰਸੀਆਂ ਦੇ ਭੁਖੜ ਆਖਦਿਆਂ ਕਿਹਾ ਕਿ ਹੁਣ ਇਹ ਆਪਣਾ ਸਾਰਾ ਜ਼ੋਰ ਬਰਨਾਲਾ ਸਰਕਾਰ ਨੂੰ ਡੇਗਨ ਤੇ ਲਾ ਰਹੇ ਹਨ ਪਰ ਉਹਨਾਂ ਦੇ ਮਨਸੂਬੇ ਪੂਰੇ ਨਹੀਂ ਹੋਣੇ।

ਭਵਾਨੀਗੜ੍ਹ — ਪੰਜਾਬ ਦੇ ਖੁਰਾਕ ਸਪਲਾਈ ਮੰਤਰੀ ਸ੍ਰੀ ਬਲਦੇਵ ਸਿੰਘ ਮਾਨ ਨੇ ਦੋਸ਼ ਲਾਇਆ ਹੈ ਕਿ ਪ੍ਰਕਾਸ਼ ਸਿੰਘ ਬਾਦਲ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਇਹਨਾਂ ਦੇ ਸਾਥੀਆਂ ਨੂੰ ਪੰਥ ਨਾਲ ਜਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਕੋਈ ਸ਼ਰਧਾ ਨਹੀਂ ਹੈ। ਉਹ ਇਥੋਂ 40 ਕਿਲੋਮੀਟਰ ਦੂਰ ਪਿੰਡ ਨੀਲੋਵਾਲ ਦੇ ਪ੍ਰਾਇਮਰੀ ਸਕੂਲ ਦਾ ਨੀਂਹ ਪੱਥਰ ਰਖ ਰਹੇ ਸਨ। ਮੰਤਰੀ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਅਤੇ ਉਸਦੇ ਸਾਥੀਆਂ ਨੇ ਕੁਰਸੀਆਂ ਦੇ ਲਾਲਚ ਵਿਚ ਆ ਕੇ ਪੰਥ ਦੀ ਪਿੱਠ ਵਿਚ ਛੁਰਾ ਮਾਰਿਆ ਹੈ ਅਤੇ ਉਹ ਅਕਾਲੀ ਸਰਕਾਰ ਨੂੰ ਤੋੜਨ ਦੀ ਕੋਸ਼ਿਸ਼ ਵਿਚ ਰੁਝੇ ਹੋਏ ਹਨ। ਉਹ ਆਪਣੇ ਪਿਆਰੇ ਨੇਤਾ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਾਤਲਾਂ ਦੇ ਭੋਗਾਂ ਤੇ ਜਾਂਦੇ ਹਨ।

ਸੋਭਰਾਜ ਦੀ ਪਟੀਸ਼ਨ ਤੇ 24 ਨੂੰ ਸੁਣਵਾਈ

ਨਵੀਂ ਦਿੱਲੀ — ਜ਼ਿਲਾ ਤੇ ਸੈਸ਼ਨ ਜੱਜ ਸ੍ਰੀ ਐਨ. ਸੀ. ਕੋਚਰ ਨੇ ਅੰਤਰਰਾਸ਼ਟਰੀ ਅਪਰਾਧੀ ਚਾਰਲਸ ਸੋਭਰਾਜ ਦੀ ਤਿਹਾੜ ਜੇਲ੍ਹ ਦੇ ਸੁਪਰਡੈਂਟ ਵਿਰੁਧ ਤੌਹੀਨ ਅਦਾਲਤ ਦੀ ਦਾਇਰ ਕੀਤੀ ਦਰਖਾਸਤ ਦੀ ਸੁਣਵਾਈ 24 ਸਤੰਬਰ ਤੇ ਮੁਲਤਵੀ ਕਰ ਦਿਤੀ ਹੈ। ਚਾਰਲਸ ਨੇ ਆਪਣੀ ਪਟੀਸ਼ਨ ਵਿਚ ਦੋਸ਼ ਲਾਇਆ ਹੈ ਕਿ ਜੇਲ੍ਹ ਦੇ ਸੁਪਰਡੈਂਟ ਰਾਜੇਸ਼ ਸੋਮਾਲ ਨੇ ਅਦਾਲਤ ਦੇ ਹੁਕਮ ਦੇ ਬਾਵਜੂਦ ਉਸਦੀ ਤਨਹਾਈ ਹਿਰਾਸਤ ਖਤਮ ਨਹੀਂ ਕੀਤੀ।

ਪੰਨਾ 1 ਦੀ ਬਾਕੀ

ਆਸ ਕੀਤੀ ਜਾਂਦੀ ਹੈ ਕਿ ਉਸ ਦਿਨ ਸਵੇਰੇ ਪਹਿਲਾਂ ਕੈਬਨਿਟ ਮੀਟਿੰਗ ਹੋਵੇਗੀ। ਦੁਪਹਿਰੇ ਚੋਣਾਂ ਦਾ ਐਲਾਨ ਕਰ ਦਿਤਾ ਜਾਵੇਗਾ ਤੇ ਸ਼ਾਮ ਨੂੰ ਮਿ: ਵੈਂਡਰਜ਼ਾਮ ਰਿਚਮੰਡ ਹਾਈ ਸਕੂਲ ਵਿਚ ਨੌਮੀਨੇਸ਼ਨ ਮੀਟਿੰਗ ਵਿਚ ਹਾਜ਼ਰ ਹੋਣਗੇ। ਸੋਕਰਡ ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਪਹਿਲੀ ਅਕਤੂਬਰ ਤੱਕ ਉਡੀਕਣਾ ਚਾਹੀਦਾ ਹੈ।

ਐਨ. ਡੀ. ਪੀ. ਨੇ 68 ਹਲਕਿਆਂ ਵਿਚੋਂ 63 ਵਿਚ ਆਪਣੇ ਉਮੀਦਵਾਰ ਚੁਣ ਲਏ ਹਨ। ਉਨ੍ਹਾਂ ਦੀਆਂ ਐਡਾਂ ਟੀ. ਵੀ. ਉਤੇ ਵੀ ਸ਼ੁਰੂ ਹੋ ਗਈਆਂ ਹਨ ਜਿਸ ਤੋਂ ਜਾਪਦਾ ਹੈ ਕਿ ਚੋਣ ਬਹੁਤੀ ਦੂਰ ਨਹੀਂ।

ਲਿਬਰਲ ਪਾਰਟੀ ਨੇ 20 ਉਮੀਦਵਾਰ ਚੁਣ ਲਏ ਹਨ ਅਤੇ ਇਸ ਪਾਰਟੀ ਵਲੋਂ ਤਿਆਰੀਆਂ ਜ਼ੋਰ ਸ਼ੋਰ ਨਾਲ ਸ਼ੁਰੂ ਹਨ।

ਰਾਜਸੀ ਹਲਕਿਆਂ ਅਨੁਸਾਰ ਐਕਸਪੋ ਤੋਂ ਪਿਛੋਂ 50,000 ਕਾਮੇ ਵਿਹਲੇ ਹੋ ਜਾਣਗੇ ਇਸ ਕਾਰਨ ਛੇਤੀ ਚੋਣ ਕਰਵਾਉਣ ਲਈ ਸੋਕਰਡ ਸਰਕਾਰ ਕਾਹਲੀ ਹੈ।

ਡਾਕਿਆਂ, ਕਤਲਾਂ ਦੇ ਹਾਮੀ ਨਹੀਂ ਹਾਂ ਪ੍ਰੰਤੂ ਜ਼ੁਲਮ ਵਿਰੁਧ ਲੜਾਂਗੇ — ਬਾਬਾ

ਮੁਕਤਸਰ — ਸੰਯੁਕਤ ਅਕਾਲੀ ਦਲ ਦੇ ਕਨਵੀਨਰ ਬਾਬਾ ਜੋਗਿੰਦਰ ਸਿੰਘ ਨੇ ਕਿਹਾ ਹੈ ਕਿ ਅਸੀਂ ਕਤਲਾਂ, ਡਾਕਿਆਂ ਦੇ ਹਾਮੀ ਨਹੀਂ ਪਰ ਜ਼ੁਲਮ ਵਿਰੁਧ ਲੜਨਾ ਤੇ ਕੌਮ, ਧਰਮ ਦੀ ਰਖਿਆ ਕਰਨਾ ਹਰ ਸਿੱਖ ਦਾ ਫਰਜ਼ ਹੈ। ਬਾਬਾ ਜੀ ਜੋ ਪਿੰਡ ਖਪਿਆਂ ਵਾਲੀ ਵਿਖੇ ਆਮ ਜਲਸੇ ਵਿਚ ਬੋਲ ਰਹੇ ਸਨ, ਨੇ ਕਿਹਾ ਕਿ ਸਿਖਾਂ ਦਾ ਇਖਲਾਕ ਸਦਾ ਉਚਾ ਰਿਹਾ ਹੈ ਤੇ ਉਹ ਕਿਸੇ ਦੁਸ਼ਮਣ ਦੀ ਭੈਣ, ਮਾਂ ਤੇ ਹਮਲਾ ਨਹੀਂ ਕਰਦੇ ਸਗੋਂ ਉਹ ਵੈਰੀ ਨਾਲ ਵੀ ਜੰਗ ਦੇ ਮੈਦਾਨ ਵਿਚ ਲੜਦੇ ਹਨ। ਵਰਿਆਮ ਸਿੰਘ (ਮੁਖ ਦੋਸ਼ੀ ਬੱਸ ਕਾਂਡ) ਦੇ ਵਾਰਸਾਂ ਦਾ ਘਰ ਸਾੜਨ ਦੀ ਨਿੰਦਾ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਘਰ ਸਾੜਨ ਵਾਲਿਆਂ ਦਾ ਘਰ ਸੜ ਜਾਵੇ ਤਾਂ ਉਹਨਾਂ ਨਾਲ ਕੀ ਬੀਤੇਗੀ? ਕੈਪਟਨ ਹਰਚਰਨ ਸਿੰਘ ਨੇ ਘਰ ਸਾੜਨ ਨੂੰ ਗੈਰ ਵਿਧਾਨਿਕ ਤੇ ਅਣ ਮਨੁੱਖੀ ਕਦਮ ਦਸਿਆ। ਸਿਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਸ: ਚਮਕੌਰ ਸਿੰਘ ਨੇ ਕਿਹਾ ਕਿ ਜੇਕਰ 1984 ਵਿਚ ਸਿਖ ਫੌਜੀ ਬਗਾਵਤ ਨਾ ਕਰਦੇ ਤਾਂ ਇੰਦਰਾ ਗਾਂਧੀ ਨੇ ਸਾਰੇ ਭਾਰਤ ਦੇ ਸਿਖਾਂ ਨੂੰ ਖਤਮ ਕਰਨ ਦੀ ਯੋਜਨਾ ਬਣਾਈ ਸੀ? ਇਹਨਾਂ ਦੀ ਕੁਰਬਾਨੀ ਸਿੱਖਾਂ ਲਈ ਢਾਲ ਬਣੀ ਉਹਨਾਂ ਕਿਹਾ ਕਿ ਅਸੀਂ ਕੋਈ ਮੰਗਤੇ ਨਹੀਂ। ਅਸੀਂ ਆਪਣੇ ਹੱਕ ਲੈਣੇ ਹਨ। ਉਹਨਾਂ ਪ੍ਰੈਸ ਤੇ ਦੋਸ਼ ਲਾਇਆ ਕਿ ਉਹ ਵੀ ਗੁਲਾਮੀ ਵਲ ਵਧ ਰਿਹਾ ਹੈ ਤੇ ਸਹੀ ਤਸਵੀਰ ਪੇਸ਼ ਨਹੀਂ ਕਰਦਾ। ਸ: ਸਤਿੰਦਰ ਸਿੰਘ ਭੋਲਾ ਨੇ ਕਿਹਾ ਕਿ ਜਦ ਬਰਨਾਲਾ ਸਰਕਾਰ ਬਣੀ ਤਾਂ ਪਹਿਲੇ ਚਾਰ ਮਹੀਨੇ ਸ਼ਾਂਤੀ ਰਹੀ ਤੇ ਨੌਜਵਾਨਾਂ ਉਡੀਕ ਕੀਤੀ ਕਿ ਉਹਨਾਂ ਦੇ ਕੈਦੀ ਘਰ ਮੁੜਨਗੇ ਪਰ ਜਦ ਕੇਂਦਰ ਦੇ ਇਸ਼ਾਰੇ ਤੇ ਬਰਨਾਲਾ ਚੰਡੀਗੜ੍ਹ 26 ਜਨਵਰੀ ਨੂੰ ਨਾ ਲੈ ਸਕਿਆ ਤੇ ਕੈਦੀ ਰਿਹਾਅ ਨਾ ਹੋਏ ਤਾਂ ਨੌਜਵਾਨਾਂ ਨੂੰ ਦੂਜਾ ਰਾਹ ਮੁੜ ਅਪਨਾਉਣਾ ਪਿਆ। ਉਹਨਾਂ ਦੋਸ਼ ਲਾਇਆ ਕਿ ਅੰਨ੍ਹਾਂ ਪੁਲਸ ਤਸ਼ੱਦਦ ਨੌਜਵਾਨਾਂ ਨੂੰ ਅਤਿਵਾਦ ਵੱਲ ਧਕੇਲ ਰਿਹਾ ਹੈ। ਬਾਗੀ ਅਕਾਲੀਆਂ ਦੀ ਆਲੋਚਨਾ ਕੀਤੀ ਤੇ ਕਿਹਾ ਕਿ ਉਹ ਤੇ ਬਰਨਾਲਾ ਦੋਵੇਂ ਕੁਰਸੀ ਯੁਧ ਲਈ ਲੜ ਰਹੇ ਹਨ। ਉਹਨਾਂ ਅਪੀਲ ਕੀਤੀ ਕਿ ਹਰ ਪਿੰਡ ਵਿਚ ਸਿਖ ਸਟੂਡੈਂਟਸ ਫੈਡਰੇਸ਼ਨ ਵਿਚ ਨੌਜਵਾਨ ਭਰਤੀ ਹੋਣ।

ਪਾਕਿਸਤਾਨ ਵਿਚ ਜਨੂੰਨੀ ਹਵਾਵਾਂ ਤੇਜ਼

ਸ਼ੀਆ ਤੇ ਸੁੰਨੀਆਂ ਵਿਚਕਾਰ ਟੱਕਰ — 6 ਮਰੇ

ਲਾਹੌਰ — ਇਥੋਂ ਪ੍ਰਾਪਤ ਖਬਰਾਂ ਅਨੁਸਾਰ ਮੁਸਲਮਾਨਾਂ ਦੇ ਸ਼ੀਆ ਤੇ ਸੁੰਨੀ ਮੁਸਲਮਾਨਾਂ ਵਿਚਕਾਰ ਟੱਕਰ ਵਿਚ ਇਥੇ ਚਾਰ ਵਿਅਕਤੀ ਮਾਰੇ ਗਏ। ਬਹਾਵਲਪੁਰ ਵਿਚ ਦੋ ਵਿਅਕਤੀਆਂ ਦੀਆਂ ਜਾਨਾਂ ਗਈਆਂ। ਸਰਕਾਰ ਆਪਣੀ ਗੱਦੀ ਕਾਇਮ ਰੱਖਣ ਲਈ ਅਜਿਹੀਆਂ ਸਾਜ਼ਸ਼ਾਂ ਕਰ ਰਹੀ ਹੈ — ਇਹ ਦੋਸ਼ ਵਿਰੋਧੀ ਨੇਤਾਵਾਂ ਵਲੋਂ ਲਾਇਆ ਗਿਆ ਹੈ। ਇਹ ਵੀ ਪਤਾ ਲੱਗਾ ਹੈ ਕਿ ਪੀਪਲਜ਼ ਪਾਰਟੀ ਵਿਚ ਫੁੱਟ ਵੀ ਸਰਕਾਰ ਵਲੋਂ ਹੀ ਪਾਈ ਗਈ ਹੈ।

ਕਨੇਡੀਅਨ ਫਾਰਮਵਰਕਰ ਯੂਨੀਅਨ ਵਲੋਂ ਬੇਇਨਸਾਫੀ ਭਰੇ ਬੇਰੁਜ਼ਗਾਰੀ ਭੱਤੇ ਦੇ ਖਿਲਾਫ ਇਕ ਭਾਰੀ ਰੋਸ ਮਾਰਚ

ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵਲੋਂ 27 ਸਤੰਬਰ ਦਿਨ ਸਨਿਚਰਵਾਰ ਦੁਪਹਿਰ ਇਕ ਵਜੇ ਵੈਨਕੂਵਰ ਕੁਈਨ ਇਲਿਜਬਿਥ ਥੀਏਟਰ, ਜੋ ਕਿ 649 ਕੈਂਬੀ ਸਟਰੀਟ 'ਤੇ ਹੈ, ਤੋਂ ਪੁਰਾਣੇ ਕੋਰਟ ਹਾਊਸ ਜੋ ਕਿ ਹਾਰਨਬੀ ਤੇ ਜਾਰਜੀਆ ਦੇ ਕੋਨੇ ਤੇ ਹੈ, ਤਕ ਭਾਰੀ ਰੋਸ ਮਾਰਚ ਹੋਵੇਗਾ ਅਤੇ ਪੂਰੇ ਦੋ ਵਜੇ ਕੋਰਟ ਹਾਊਸ ਦੇ ਸਾਹਮਣੇ ਮਜ਼ਦੂਰ ਲੀਡਰਾਂ ਅਤੇ ਉਘੇ ਵਿਅਕਤੀਆਂ ਵਲੋਂ ਇਸ ਕਾਨੂੰਨ ਦੇ ਖਿਲਾਫ ਵਿਚਾਰ ਦੱਸੇ ਜਾਣਗੇ।


ਸਾਰੇ ਫਾਰਮ ਵਰਕਰਜ਼ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪੂਰੇ ਇਕ ਵਜੇ ਹੁੰਮ ਹੁਮਾ ਕੇ ਵੈਨਕੂਵਰ ਕੁਈਨ ਇਲਿਜ਼ਬਿਥ ਥੀਏਟਰ ਪਹੁੰਚੋ। ਪਹਿਲਾਂ ਦੀ ਤਰ੍ਹਾਂ ਜਿਨ੍ਹਾਂ ਪਾਸ ਰਾਈਡ ਨਹੀਂ ਉਨ੍ਹਾਂ ਲਈ ਹਰ ਗੁਰੂ ਘਰ ਤੋਂ ਬੱਸਾਂ ਦਾ ਇੰਤਜ਼ਾਮ ਹੈ। ਹੋਰ ਜਾਣਕਾਰੀ ਲਈ ਯੂਨੀਅਨ ਦੇ ਦਫਤਰ ਫੋਨ ਕਰੋ।

ਸਰਵਨ ਬੋਲ, ਪ੍ਰਧਾਨ
ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ

ਹੋਰ ਜਾਣਕਾਰੀ ਲਈ ਫੋਨ ਕਰੋ :—
ਐਬਟਸਫੋਰਡ — 852-2503 — ਮਿਸ਼ਨ — 826-9909
ਵੈਨਕੂਵਰ — 430-6055

ਮੇਨਕਾ ਦੇ ਜਨਤਾ ਪਾਰਟੀ 'ਚ ਸ਼ਾਮਲ ਹੋਣ ਬਾਰੇ ਫੈਸਲਾ 2 ਅਕਤੂਬਰ ਨੂੰ


ਹੁਸ਼ਿਆਰਪੁਰ — ਭਰੋਸੇਯੋਗ ਵਸੀਲਿਆਂ ਅਨੁਸਾਰ ਸੰਜੇ ਵਿਚਾਰ ਮੰਚ ਛੇਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਜਾਏਗਾ। ਦਿੱਲੀ ਵਿਚ ਜਨਤਾ ਪਾਰਟੀ ਦੀ ਹੋਈ ਮੀਟਿੰਗ ਵਿਚ ਇਹ ਮਸਲਾ ਵਿਚਾਰ ਅਧੀਨ ਆਇਆ। ਇਹ ਫੈਸਲਾ ਹੋਇਆ ਕਿ ਜੇਕਰ ਸ੍ਰੀਮਤੀ ਮੇਨਕਾ ਗਾਂਧੀ ਜਨਤਾ ਪਾਰਟੀ ਵਿਚ ਸ਼ਾਮਲ ਹੋਣ ਬਾਰੇ 2 ਅਕਤੂਬਰ ਤੱਕ ਦਰਖਾਸਤ ਦੇਵੇ ਤਾਂ ਪਾਰਟੀ ਦੀ 2 ਅਕਤੂਬਰ ਨੂੰ ਦਿੱਲੀ ਵਿਚ ਹੋਣ ਵਾਲੀ ਮੀਟਿੰਗ ਵਿਚ ਇਸ ਮਸਲੇ ਤੇ ਵਿਚਾਰ ਕੀਤੀ ਜਾਏਗੀ। ਇਹਦੇ ਨਾਲ ਹੀ ਮੇਨਕਾ ਗਾਂਧੀ ਨੇ ਵੀ ਆਪਣੀ ਪਾਰਟੀ ਦੀ ਮੀਟਿੰਗ 2 ਅਕਤੂਬਰ ਨੂੰ ਦਿੱਲੀ ਵਿਚ ਸੱਦੀ ਹੈ। ਦੂਜੇ ਪਾਸੇ ਜਨਤਾ ਪਾਰਟੀ ਵਿਚ ਮੇਨਕਾ ਨੂੰ ਸ਼ਾਮਲ ਕਰਨ ਦਾ ਵਿਰੋਧ ਪਾਇਆ ਜਾਂਦਾ ਹੈ ਕਿ ਮੇਨਕਾ ਨੂੰ ਯੁਵਾ ਮੋਰਚੇ ਦਾ ਪ੍ਰਧਾਨ ਬਣਾਏ ਜਾਣ ਨਾਲ ਇਸ ਵੇਲੇ ਪਾਰਟੀ ਦੇ ਪ੍ਰਧਾਨਾਂ ਤੇ ਦੂਜੇ ਅਹੁਦੇਦਾਰਾਂ ਵਿਚ ਅਸੰਤੋਸ਼ ਪੈਦਾ ਹੋ ਜਾਏਗਾ। ਕੁਝ ਆਗੂਆਂ ਦਾ ਇਹ ਵਿਚਾਰ ਹੈ ਕਿ ਮੇਨਕਾ ਗਾਂਧੀ ਨੂੰ ਪਾਰਟੀ ਦਾ ਜਨਰਲ ਸਕੱਤਰ ਬਣਾ ਦਿਤਾ ਜਾਏਗਾ। 2 ਅਕਤੂਬਰ ਤੋਂ ਪਿਛੋਂ ਇਸ ਬਾਰੇ ਕੋਈ ਨਿਰਣਾ ਹੋਣ ਦੀ ਆਸ ਹੈ।



BILL VANDER ZALM
tempted to call vote



BOB SKELLY
expects election soon



ART LEE
will head a slate


GM


GM WESTMINSTER
CHEVROLET OLDSMOBILE

"we run a very simple business"
Telephone (604) 521-7731

1984 ਦੇ ਗਰੈਂਡ ਸੇਲਜ਼ ਮਾਸਟਰ

ਸਾਡੇ ਕੋਲ ਨਵੀਂਆਂ, ਪੁਰਾਣੀਆਂ ਕਾਰਾਂ, ਸਪੋਰਟਸ ਕਾਰਾਂ, ਪਿਕ ਆਪ ਆਦਿ ਹਨ।
ਆਪ ਆਪਣੀ ਕਾਰ ਵੇਚਣ ਜਾਂ ਖ੍ਰੀਦਣ ਤੋਂ ਪਹਿਲਾਂ ਇਕ ਵਾਰੀ
ਗੁਰਜੀਤ ਬਾਵਾ ਨੂੰ ਮਿਲੋਂ
ਜਾਂ ਫੂਨ ਜ਼ਰੂਰ ਕਰੋ। ਉਹ ਤੁਹਾਨੂੰ ਵਧੀਆ ਕੀਮਤ ਤੇ ਕਾਰ ਦਿਵਾਉਣਗੇ। ਉਹ ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਵੀ ਕਰਵਾਉਣਗੇ।






ਗੁਰਜੀਤ ਢੀਂਡਸਾ ਬਾਵਾ

BUS. 521-7731
Pager 687-1985 ÷5531
12th. Street at Queens Ave., New Westminster - B.C.

ਸਮਝੌਤੇ ਬਾਰੇ ਕੇਂਦਰ ਦੀ ਨੀਤ ਮਾੜੀ — ਬਰਨਾਲਾ



ਗੰਗਾਨਗਰ — ਪੰਜਾਬ ਦੇ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਪੰਜਾਬ ਸਮਝੌਤਾ ਸਹੀ ਰੂਪ ਵਿਚ ਲਾਗੂ ਨਹੀਂ ਕਰ ਰਹੀ ਜਿਸ ਕਰਕੇ ਪੰਜਾਬ ਦੇ ਲੋਕਾਂ ਵਿਚ ਭਾਰੀ ਰੋਹ ਪਾਇਆ ਜਾ ਰਿਹਾ ਹੈ। ਸਮਝੌਤਾ ਲਾਗੂ ਨਾ ਹੋਣ ਕਾਰਨ ਕਈ ਪ੍ਰਕਾਰ ਦੀਆਂ ਹੋਰ ਉਲਝਣਾਂ ਪੈਦਾ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਪੰਜਾਬ ਨਾਲ ਚੰਡੀਗੜ੍ਹ ਅਤੇ ਪਾਣੀਆਂ ਦੀ ਵੰਡ ਦੇ ਮਸਲੇ ਤੇ ਖਾਹ ਮਖਾਹ ਹੀ ਵਾਦ ਵਿਵਾਦ ਖੜ੍ਹਾ ਕਰ ਰਹੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਪੰਜਾਬ ਸਰਕਾਰ ਨੂੰ ਕਈ ਸਮੱਸਿਆਵਾਂ ਜਿਵੇਂ ਅਤਿਵਾਦ ਆਦਿ ਦਾ ਟਾਕਰਾ ਕਰਨਾ ਪੈ ਰਿਹਾ ਹੈ ਪਰ ਕੁਝ ਨਾਰਾਜ਼ ਅਕਾਲੀ ਉਲਟਾ ਅਕਾਲੀ ਸਰਕਾਰ ਦੀਆਂ ਲੱਤਾਂ ਖਿੱਚਣ ਵਿਚ ਲੱਗੇ ਹੋਏ ਹਨ। ਮੁਖ ਮੰਤਰੀ ਨੇ ਕੇਂਦਰ ਸਰਕਾਰ ਤੇ ਇਹ ਵੀ ਦੋਸ਼ ਲਾਇਆ ਕਿ ਪੰਜਾਬ ਦੇ ਵਿਕਾਸ ਅਤੇ ਹੋਰ ਕੇਸਾਂ ਲਈ ਕੇਂਦਰ ਪੰਜਾਬ ਨੂੰ ਪੂਰੀ ਮਦਦ ਨਹੀਂ ਦੇ ਰਿਹਾ ਜਦਕਿ ਦੂਸਰੇ ਰਾਜਾਂ ਨੂੰ ਵਧੇਰੇ ਸਹਾਇਤਾ ਦਿੱਤੀ ਜਾ ਰਹੀ ਹੈ।

ਬਾਦਲ-ਟੌਹੜਾ ਦੀ ਆਲੋਚਨਾ

ਮੁਖ ਮੰਤਰੀ ਨੇ ਸ: ਪ੍ਰਕਾਸ਼ ਸਿੰਘ ਬਾਦਲ ਅਤੇ ਸ: ਗੁਰਚਰਨ ਸਿੰਘ ਟੌਹੜਾ ਦੀ ਸਖਤ ਆਲੋਚਨਾ ਕਰਦਿਆਂ ਕਿਹਾ ਕਿ ਇਨ੍ਹਾਂ ਕੁਰਸੀ ਦੇ ਭੁੱਖੇ ਆਗੂਆਂ ਨੇ ਪਾਰਟੀ ਵਿਚ ਫੁਟ ਪਾ ਕੇ ਪਾਰਟੀ ਨੂੰ ਕਮਜ਼ੋਰ ਕੀਤਾ ਅਤੇ ਸਰਕਾਰ ਨੂੰ ਵੀ ਕਿਸੇ ਹੱਦ ਤਕ ਢਾਅ ਲਾਉਣ ਦੀ ਨਾਕਾਮ ਚਾਲ ਚੱਲੀ ਹੈ। ਸ: ਸੁਖਜਿੰਦਰ ਸਿੰਘ ਬਾਰੇ ਉਨ੍ਹਾਂ ਕਿਹਾ ਕਿ ਇਸ ਵਿਅਕਤੀ ਦਾ ਕੋਈ ਸਟੈਂਡ ਨਹੀਂ ਅਤੇ ਇਸ ਨੇ ਪੰਥ ਨੂੰ ਥਾਂ ਥਾਂ ਤੇ ਧੋਖਾ ਦਿਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਬਾਗੀ ਅਕਾਲੀ ਆਗੂ ਪੰਜਾਬ ਦੇ ਹਿਤਾਂ ਲਈ ਕੇਂਦਰ ਸਰਕਾਰ ਵਿਰੁੱਧ ਮੋਰਚਾ ਲਾਉਣ ਤੋਂ ਤਾਂ ਡਰਦੇ ਹਨ ਪਰ ਪੰਜਾਬ ਦੇ ਲੋਕਾਂ ਨੂੰ ਆਪਣੇ ਨਿੱਜੀ ਸੁਆਰਥਾਂ ਲਈ ਗੁੰਮਰਾਹ ਕਰ ਰਹੇ ਹਨ।

ਮੁਖ ਧਾਰਾ ਵਿਚ ਆਉਣ

ਪੰਜਾਬ ਦੇ ਨੌਜਵਾਨਾਂ ਨੂੰ ਸ: ਬਰਨਾਲਾ ਨੇ ਅਪੀਲ ਕੀਤੀ ਹੈ ਕਿ ਉਹ ਆਪਣੇ ਗਿਲੇ ਸ਼ਿਕਵੇ ਭੁਲਾ ਕੇ ਮੁਖ ਧਾਰਾ ਵਿਚ ਸ਼ਾਮਲ ਹੋ ਕੇ ਰਾਜ ਸਰਕਾਰ ਦੀ ਤਾਕਤ ਨੂੰ ਮਜ਼ਬੂਤ ਕਰਨ। ਬਾਦਲ ਅਕਾਲੀ ਦਲ ਦੇ 8 ਸਤੰਬਰ ਦੇ ਧਰਨਿਆਂ ਦੇ ਪ੍ਰੋਗਰਾਮ ਨੂੰ ਮੁਖ ਮੰਤਰੀ ਨੇ ਨਿਰਾ ਫਰਾਡ ਦਸਦਿਆਂ ਕਿਹਾ ਕਿ ਪੰਜਾਬ ਦੇ ਸਮੂੰਹ ਲੋਕ ਇਸ ਪ੍ਰੋਗਰਾਮ ਨੂੰ ਅਸਫਲ ਬਣਾਇਆ ਕਿਉਂਕਿ ਇਹ ਪਰੋਗਰਾਮ ਤਾਂ ਲੋਕਾਂ ਨੂੰ ਗੁੰਮਰਾਹ ਕਰਨ ਵਾਲਾ ਸੀ। ਉਨ੍ਹਾਂ ਦੋਸ਼ ਲਾਇਆ ਕਿ ਬਾਗੀ ਅਕਾਲੀ ਆਗੂਆਂ ਨੇ ਪੰਜਾਬ ਵਿਚ ਦਹਿਸ਼ਤਵਾਦ ਨੂੰ ਸ਼ਹਿ ਦਿਤੀ ਹੈ ਇਸ ਲਈ ਲੋਕ ਉਨ੍ਹਾਂ ਨੂੰ ਮੂੰਹ ਨਾ ਲਾਉਣ। ਪੰਜਾਬ ਦੇ ਸਭ ਵਰਗਾਂ ਦੇ ਲੋਕਾਂ ਨੂੰ ਉਨ੍ਹਾਂ ਆਪਸੀ ਏਕਤਾ ਬਣਾਈ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਸ਼ਰਾਰਤੀ ਅਨਸਰਾਂ ਦੀਆਂ ਚਾਲਾਂ ਨਾਕਾਮ ਬਣਾਈਆਂ ਜਾਣ ਜੋ ਕਿ ਹਿੰਦੂ ਸਿੱਖਾਂ ਵਿਚ ਪਾੜਾ ਪਾਉਣਾ ਚਾਹੁੰਦੇ ਹਨ।

ਕੋਚ ਫੈਕਟਰੀ

ਹੁਸੈਨਪੁਰ ਕਪੂਰਥਲਾ ਵਿਖੇ 300 ਕਰੋੜ ਰੁਪਏ ਦੀ ਲਾਗਤ ਨਾਲ ਜੋ ਕੋਚ ਫੈਕਟਰੀ ਲਾਈ ਜਾ ਰਹੀ ਹੈ ਉਸ ਵਿਚ ਵਧੇਰੇ ਰੁਜ਼ਗਾਰ ਪੰਜਾਬ ਦੇ ਲੋਕਾਂ ਨੂੰ ਦਵਾਉਣ ਦਾ ਮੁਖ ਮੰਤਰੀ ਨੇ ਭਰੋਸਾ ਦਿਵਾਇਆ ਹੈ। ਇਸ ਦੇ ਮੁਕੰਮਲ ਹੋਣ ਨਾਲ ਦਸ ਹਜ਼ਾਰ ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸਨਅਤ ਨੂੰ ਢਾਅ ਨਹੀਂ ਲੱਗੀ ਸਗੋਂ ਬਾਹਰਲੇ ਸਿੱਖਾਂ ਨੇ ਪੰਜਾਬ ਵਿਚ 120 ਕਰੋੜ ਦੀ ਸਨਅਤ ਲਾਈ ਹੈ। 60 ਕਰੋੜ ਰੁਪਏ ਦੀ ਲਾਗਤ ਨਾਲ ਪੰਜਾਬ ਦੀਆਂ ਸੜਕਾਂ ਤੇ ਪੁਲਾਂ ਦੀ ਉਸਾਰੀ ਕੀਤੀ ਜਾਵੇਗੀ। ਸੁਲਤਾਨਪੁਰ ਲੋਧੀ ਇਲਾਕੇ ਵਿਚ ਧੁਸੀ ਬਣਾਈ ਜਾਵੇਗੀ। ਖੰਡ ਮਿੱਲ ਲਾਉਣ ਬਾਰੇ ਸਰਕਾਰ ਕੇਂਦਰ ਨਾਲ ਸਲਾਹ ਕਰੇਗੀ। ਸੁਲਤਾਨਪੁਰ ਲੋਧੀ ਨਗਰ ਪਾਲਕਾ ਦੀਆਂ ਗਲੀਆਂ ਨਾਲੀਆਂ ਪੱਕੀਆਂ ਕਰਨ ਲਈ ਪੰਜ ਲੱਖ ਰੁਪਏ ਤੇ ਸਰਕਾਰੀ ਸਕੂਲ ਦੇ ਸ਼ਹੀਦ ਊਧਮ ਸਿੰਘ ਹਾਲ ਦੀ ਉਸਾਰੀ ਲਈ ਇਕ ਲੱਖ ਰੁਪਏ ਦੀ ਗਰਾਂਟ ਦੇਣ ਦਾ ਉਨ੍ਹਾਂ ਐਲਾਨ ਕੀਤਾ।

25 ਦੇ ਪੰਜਾਬ ਬੰਦ ਲਈ ਬਾਦਲ ਦਲ ਦੀ ਕਮੇਟੀ

ਲੁਧਿਆਣਾ — ਅਕਾਲੀ ਦਲ (ਬਾਦਲ) ਦੇ ਸੀਨੀਅਰ ਮੀਤ ਪ੍ਰਧਾਨ ਸ. ਸੁਰਜਨ ਸਿੰਘ ਠੇਕੇਦਾਰ ਨੇ ਦਲ ਦੇ 25 ਸਤੰਬਰ ਦੇ ਤਜਵੀਜ਼ਸ਼ੁਦਾ ਪੰਜਾਬ ਬੰਦ ਨੂੰ ਸਫਲ ਬਣਾਉਣ ਲਈ ਹੋਰਨਾਂ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਨ ਵਾਸਤੇ ਇਕ ਅੱਠ ਮੈਂਬਰੀ ਕਮੇਟੀ ਕਾਇਮ ਕੀਤੀ ਹੈ। ਇਥੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਸ. ਸੁਰਜਨ ਸਿੰਘ ਨੇ ਦੱਸਿਆ ਕਿ ਕਮੇਟੀ ਵਿਚ ਸ. ਸੁਖਜਿੰਦਰ ਸਿੰਘ, ਸ. ਕੁਲਦੀਪ ਸਿੰਘ ਵਡਾਲਾ, ਸ. ਗੁਰਦਾਸ ਸਿੰਘ ਬਾਦਲ, ਸ. ਸੁਖਦੇਵ ਸਿੰਘ ਢੀਂਡਸਾ, ਸ. ਸੁੱਚਾ ਸਿੰਘ ਛੋਟੇਪੁਰ, ਸ. ਪ੍ਰੇਮ ਸਿੰਘ ਲਾਲਪੁਰਾ ਤੇ ਸ. ਸ਼ੇਰ ਸਿੰਘ ਝੂਮਛੇੜੀ ਸ਼ਾਮਲ ਹੋਣਗੇ।

ਸ. ਸੁਰਜਨ ਸਿੰਘ ਨੇ ਦੱਸਿਆ ਕਿ ਦਲ ਦੀ ਵਰਕਿੰਗ ਕਮੇਟੀ ਨੇ ਪੰਜਾਬ ਸਰਕਾਰ ਨੂੰ ਅਲਟੀਮੇਟਮ ਦਿਤਾ ਸੀ ਕਿ ਉਹ ਡੇਰਾ ਬਾਬਾ ਨਾਨਕ ਤੇ ਖੇਮਕਰਨ ਸੈਕਟਰਾਂ ਵਿਚ ਬੀ. ਐਸ. ਐਫ. ਵਲੋਂ 14 ਸਿਖ ਯੁਵਕਾਂ ਨੂੰ ਮਾਰਨ ਦੀਆਂ ਘਟਨਾਵਾਂ ਦੀ ਹਾਈ ਕੋਰਟ ਦੇ ਇਕ ਸਿਟਿੰਗ ਜੱਜ ਪਾਸੋਂ ਜਾਂਚ ਕਰਵਾਏ। ਉਨ੍ਹਾਂ ਕਿਹਾ ਕਿ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰਾਂ, ਵਿਧਾਇਕਾਂ, ਸੰਸਦ ਮੈਂਬਰਾਂ, ਸੰਯੁਕਤ ਅਕਾਲੀ ਦਲ ਦੇ ਨੁਮਾਇੰਦਿਆਂ, ਯੂਥ ਅਕਾਲੀ ਦਲ, ਦਮਦਮੀ ਟਕਸਾਲ, ਨਿਹੰਗ ਸਿੰਘ ਦਲਾਂ ਤੇ ਸੰਤ ਸਮਾਜ ਦੀ ਇਕ ਮੀਟਿੰਗ 16 ਸਤੰਬਰ ਨੂੰ ਅੰਮ੍ਰਿਤਸਰ ਵਿਖੇ ਹੋਈ ਜਿਸ ਵਿਚ 25 ਸਤੰਬਰ ਦੇ ਪੰਜਾਬ ਬੰਦ ਦੇ ਪਰੋਗਰਾਮ ਨੂੰ ਅੰਤਮ ਰੂਪ ਦਿਤਾ ਗਿਆ। ਉਨ੍ਹਾਂ ਕਿਹਾ ਕਿ ਸਿੱਖਾਂ 'ਤੇ ਜਬਰ ਵਿਰੁਧ ਸੰਘਰਸ਼ ਕਰਨ ਲਈ ਉਨ੍ਹਾਂ ਦਾ ਦਲ ਸਾਰੀਆਂ ਸਿੱਖ ਜਥੇਬੰਦੀਆਂ ਦੀ ਹਮਾਇਤ ਹਾਸਲ ਕਰੇਗਾ। ਇਸੇ ਦੌਰਾਨ ਹਰਿਆਣਾ ਅਕਾਲੀ ਦਲ ਦੇ ਜਨਰਲ ਸਕੱਤਰ ਜਥੇਦਾਰ ਕਰਤਾਰ ਸਿੰਘ ਟੱਕਰ ਇਥੇ ਸ. ਸੁਰਜਨ ਸਿੰਘ ਠੇਕੇਦਾਰ ਨੂੰ ਮਿਲੇ ਅਤੇ ਮੁਤਾਲਬਾ ਕੀਤਾ ਕਿ ਸੰਕਟ ਦੀ ਇਸ ਘੜੀ ਵਿਚ ਉਹ ਸਮੂਹ ਸਿੱਖਾਂ ਨੂੰ ਇਕਮੁਠ ਕਰਨ ਦਾ ਯਤਨ ਕਰਨ। ਉਨ੍ਹਾਂ ਕਿਹਾ ਕਿ ਸ੍ਰੀ ਬੰਸੀ ਲਾਲ ਨੂੰ ਮੁਖ ਮੰਤਰੀ ਥਾਪੇ ਜਾਣ ਪਿਛੋਂ ਹਰਿਆਣਾ ਦੇ ਸਿੱਖਾਂ ਵਿਚ ਭਰੋਸੇ ਦੀ ਭਾਵਨਾ ਵਧੀ ਹੈ। ਪਰ ਠੇਕੇਦਾਰ ਸੁਰਜਨ ਸਿੰਘ ਨੇ ਇਸ ਅਪੀਲ ਨੂੰ ਰੱਦ ਕਰ ਦਿੱਤਾ।

ਜੰਮੂ-ਕਸ਼ਮੀਰ ਵਿਚ ਹਿੰਦੂ-ਮੁਸਲਿਮ ਫਸਾਦ

80 ਵਿਅਕਤੀ ਜ਼ਖਮੀ — ਭੰਨਤੋੜ ਜਾਰੀ

ਸ੍ਰੀਨਗਰ — ਜੰਮੂ ਕਸ਼ਮੀਰ ਸੂਬੇ ਵਿਚ ਹਿੰਦੂ-ਮੁਸਲਿਮ ਫਸਾਦ ਗੰਭੀਰ ਰੂਪ ਧਾਰ ਗਏ ਹਨ। ਕੱਲ੍ਹ ਹੋਈਆਂ ਝੜਪਾਂ ਵਿਚ 80 ਵਿਅਕਤੀ ਜ਼ਖਮੀ ਹੋਣ ਦੀ ਖਬਰ ਹੈ।

ਸੂਬੇ ਵਿਚ ਗਵਰਨਰੀ ਰਾਜ ਦੀ ਮਿਆਦ ਵਧਾਏ ਜਾਣ ਕਾਰਨ ਦੋਵਾਂ ਫਿਰਕਿਆਂ ਵਿਚ ਖਿਚਾਅ ਵਧ ਗਿਆ ਹੈ।

ਸ੍ਰੀਲੰਕਾ ਵਿਚ ਖਾਨਾਜੰਗੀ ਸ਼ੁਰੂ ਹੋ ਗਈ

ਜਫ਼ਨਾ ਉਤੇ 15,000 ਫੌਜੀਆਂ ਵਲੋਂ ਹਮਲਾ

ਕੋਲੰਬੋ — ਇਥੇ ਪੁਜੀਆਂ ਖਬਰਾਂ ਅਨੁਸਾਰ ਸ੍ਰੀਲੰਕਾ ਦੀ ਸਰਕਾਰ ਅਤੇ ਤਾਮਿਲ ਘੱਟ ਗਿਣਤੀ ਵਿਚਕਾਰ ਲੜਾਈ ਪਿਛਲੇ ਹਫਤੇ ਤੋਂ ਖਾਨਾਜੰਗੀ ਦੀ ਸੂਰਤ ਅਖਤਿਆਰ ਕਰ ਗਈ ਹੈ। ਸਰਕਾਰ ਵਲੋਂ ਜਫ਼ਨਾ ਦੇ ਇਲਾਕੇ ਉਤੇ ਹੈਲੀਕਾਪਟਰਾਂ ਰਾਹੀਂ 15,000 ਫੌਜੀ ਤਾਮਿਲ ਲੋਕਾਂ ਦਾ ਮੁਕਾਬਲਾ ਕਰ ਰਹੇ ਹਨ ਖਬਰਾਂ ਤੋਂ ਨੁਕਸਾਨ ਦਾ ਪਤਾ ਨਹੀਂ ਲੱਗ ਸਕਿਆ ਪਰ ਬੀ. ਬੀ. ਸੀ. ਦੀਆਂ ਖਬਰਾਂ ਅਨੁਸਾਰ ਘਮਸਾਨ ਦਾ ਯੁੱਧ ਸ਼ੁਰੂ ਹੋ ਗਿਆ ਹੈ।

ਪ੍ਰਿੰਸ ਜੌਰਜ ਵਿਚ

ਇੰਮੀਗਰੇਸ਼ਨ ਬਾਰੇ ਮੁਫ਼ਤ ਸਲਾਹ ਮਸ਼ਵਰਾ

ਕੈਨੇਡਾ ਦੀ ਨਵੀਂ ਇੰਮੀਗਰੇਸ਼ਨ ਪਾਲਿਸੀ

1. ਰਿਸ਼ਤੇਦਾਰ ਨੂੰ ਬਾਹਰੋਂ ਮੰਗਵਾਉਣ ਬਾਰੇ
2. ਘਰੇਲੂ ਕਾਮੇ ਬਾਹਰੋਂ ਮੰਗਵਾਉਣ ਬਾਰੇ ਤੇ ਲੈਂਡਡ ਇੰਮੀਗਰੈਂਟ ਸਟੇਟਸ ਦਿਵਾਉਣ ਬਾਰੇ
3. ਇਕ ਸੌ ਓਪਨ ਆਕੂਪੇਸ਼ਨਜ਼
4. ਬਾਹਰ ਰਹਿੰਦੇ ਰਿਸ਼ਤੇਦਾਰ ਦੀ ਮੱਦਦ
5. ਪ੍ਰੀਵਾਰ ਨੂੰ ਇਕੱਠੇ ਕਰਨ ਬਾਰੇ
6. ਮੱਦਦ ਦੀ ਅੰਡਰਟੇਕਿੰਗ

Phone 562-4441

Ext. 751

How to Qualify ? Come and talk about new Immigration Policy

ਵੈਨਕੂਵਰ ਵਾਲੇ ਬਾਬੂ ਜਿਮ ਨਰਾਇਣ, ਇੰਮੀਗਰੇਸ਼ਨ ਐਡਵੋਕੇਟ ਲੈਕਚਰ ਦੇਣਗੇ

ਦੋ ਸੈਸ਼ਨ

ਸ਼ਨਿਚਰਵਾਰ 27 ਸਤੰਬਰ, 1986 — **10 a.m. to 5.30 p.m.**

ਐਤਵਾਰ 28 ਸਤੰਬਰ, 1986 — **9 a.m. to 3.30 p.m.**

ਕਾਨਫਰੰਸ ਰੂਮ : ਕਨਾਟ ਇੰਨ 1550 ਵਿਕਟੋਰੀਆ

(opp. Woodword Shopping Mall)

PRINCE GEORGE, B.C.

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: (Hon.) DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

ਬਾਦਲ ਦਲ ਦੇ ਸ਼ੋਸ਼ੇ

ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਬਹੁਤ ਸਫ਼ਾਂ ਵਿਚ ਵੰਡਿਆ ਜਾ ਚੁਕਿਆ ਹੈ। ਸ਼੍ਰੋਮਣੀ ਅਕਾਲੀ ਦਲ ਦੀ ਮੁਖ ਧਾਰਾ ਵਿਚੋਂ ਨਵਾਂ ਵੱਖ ਹੋਇਆ ਧੜਾ ਪੰਜਾਬ ਦੇ ਜਾਗੀਰਦਾਰਾਂ ਦਾ ਧੜਾ ਹੈ ਜਿਸਦੀ ਸਰਪ੍ਰਸਤੀ ਪੁਰਾਣਾ ਰਜਵਾੜਾ ਅਮਰਿੰਦਰ ਸਿੰਘ ਤੇ ਹਜ਼ਾਰਾਂ ਏਕੜਾਂ ਦਾ ਮਾਲਕ ਪ੍ਰਕਾਸ਼ ਸਿੰਘ ਬਾਦਲ ਕਰ ਰਹੇ ਹਨ। ਸੁਖਜਿੰਦਰ ਸਿੰਘ ਪੰਜਾਬ ਦੀ ਰਾਜਨੀਤੀ ਵਿਚ ਅਜਿਹਾ ਚੁਫੇਰਗੜ੍ਹੀਆ ਹੈ ਜਿਸ ਬਾਰੇ ਕੋਈ ਨਿਸਚੇ ਨਾਲ ਨਹੀਂ ਕਹਿ ਸਕਦਾ ਕਿ ਉਹ ਕਿਸ ਦੇ ਨਾਲ ਖੜ੍ਹਾ ਹੈ। ਇਹੀ ਹਾਲ ਗੁਰਚਰਨ ਸਿੰਘ ਟੌਹੜੇ ਦਾ ਹੈ। ਕਿਹਾ ਤਾਂ ਬੇਸ਼ਕ ਟੌਹੜੇ ਬਾਰੇ ਇਹ ਜਾਂਦਾ ਹੈ ਕਿ ਅਕਾਲੀ ਸਫ਼ਾਂ ਵਿਚ ਜੇ ਕੋਈ ਅਸਲੀ ਵਿਅਕਤੀ ਰਾਜਸੀ ਤੌਰ ਉਤੇ ਪੈਂਤੜੇਬਾਜ਼ ਹੈ ਤਾਂ ਉਹ ਕੇਵਲ ਟੌਹੜਾ ਹੀ ਹੈ ਪਰ ਜੋ ਪੈਂਤੜੇ ਟੌਹੜੇ ਨੇ ਪਿਛਲੇ ਚਾਰ ਸਾਲ ਵਿਚ ਬਦਲੇ ਹਨ ਉਨ੍ਹਾਂ ਨੂੰ ਰਾਜਸੀ ਤੌਰ ਉਤੇ ਪਾਏਦਾਰ ਨਹੀਂ ਕਿਹਾ ਜਾ ਸਕਦਾ।

ਇਨ੍ਹਾਂ ਚਾਰ ਵਿਅਕਤੀਆਂ ਦਾ ਰੌਲਾ ਸਿੱਖ ਮਸਲੇ ਹੱਲ ਕਰਨ ਦਾ ਰੌਲਾ ਨਹੀਂ ਹੈ। ਇਨ੍ਹਾਂ ਦੀ ਸੋਚ ਆਪਣੀਆਂ ਕੁਰਸੀਆਂ ਨਾਲ ਹੀ ਬੱਝੀ ਨਜ਼ਰ ਆਉਂਦੀ ਹੈ। ਤਿੰਨ ਵਾਰੀ ਮੁੱਖ ਮੰਤਰੀ ਰਹਿਕੇ ਬਾਦਲ ਨੂੰ ਤਸੱਲੀ ਨਹੀਂ ਹੋਈ। ਅਮਰਿੰਦਰ ਸਿੰਘ ਤਾਂ ਭਲਾ ਆਇਆ ਹੀ ਮੁਖ ਮੰਤਰੀ ਬਣਨ ਲਈ ਅਕਾਲੀਆਂ ਵਿਚ ਸੀ। ਟੌਹੜੇ ਦਾ 14 ਸਾਲ ਪ੍ਰਧਾਨਗੀ ਕਰਕੇ ਅਜੇ ਮਨ ਨਹੀਂ ਰਾਜ਼ੀ ਹੋਇਆ।

ਬਾਦਲ ਤੇ ਟੌਹੜੇ ਦਾ ਦਿੱਲੀ ਦਾ ਡਰਾਮਾ ਵੀ ਖਤਮ ਹੋ ਗਿਆ ਹੈ। ਇਕ ਪਾਸੇ ਇਹ ਦੋਵੇਂ ਸਿੱਖ ਮਸਲਿਆਂ ਨੂੰ ਹੱਲ ਕਰਨ ਦੇ ਦਾਅਵੇ ਕਰਦੇ ਹਨ — ਜੇ ਇਹ ਵਿਅਕਤੀ ਏਨੇ ਹੀ ਕਾਬਲ ਸਨ ਤਾਂ ਇਹ ਪਿਛਲੇ ਚਾਰ ਸਾਲ ਤੋਂ ਇਹ ਕਿੱਥੇ ਛੁਪੇ ਹੋਏ ਸਨ। ਅਸਲ ਵਿਚ ਇਹ — ਬਾਦਲ, ਟੌਹੜਾ, ਸੁਖਜਿੰਦਰ — ਤਿੱਖੜੀ ਸਿੱਖ ਮਸਲੇ ਨੂੰ ਏਸ ਨੌਬਤ ਤੱਕ ਪਹੁੰਚਾਣ ਦੀ ਜ਼ਿਮੇਂਵਾਰ ਹੈ। ਨਾਲ ਚੌਥਾ ਜ਼ਿਮੇਂਵਾਰ ਵਿਅਕਤੀ ਖਜ਼ਾਨਾ ਮੰਤਰੀ ਬਲਵੰਤ ਸਿੰਘ ਹੈ। ਸੁਰਜੀਤ ਸਿੰਘ ਬਰਨਾਲਾ ਦੂਜੀ ਕਤਾਰ ਦੇ ਲੀਡਰਾਂ ਵਿਚੋਂ ਉਭਰ ਕੇ ਆਪਣੀ ਈਮਾਨਦਾਰੀ ਤੇ ਸੂਝਬੂਝ ਸਦਕਾ ਅੱਗੇ ਆਇਆ ਹੈ ਤੇ ਇਹ ਚੰਡਾਲ ਚੌਕੜੀ ਉਸ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ। ਬਾਬਾ ਦਲ ਵਿਚ ਨਾ ਕੋਈ ਦਲ ਦਾ ਮੈਂਬਰ ਰਿਹਾ ਹੈ ਸੇਖਵਾਂ, ਆਤਮਾ ਸਿੰਘ, ਬ੍ਰਹਮਪੁਰਾ ਵਰਗੇ ਸਾਰੇ ਬਾਦਲ ਦੇ ਬੰਦੇ ਹਨ ਤੇ ਉਨ੍ਹਾਂ ਦਾ ਇਕੋ ਇਕ ਮਕਸਦ ਬਾਬੇ ਦੇ ਪ੍ਰਭਾਵ ਨੂੰ ਵਰਤਣਾ ਹੈ। ਹੁਣ ਇਨ੍ਹਾਂ ਦੇ ਇਕੱਠੇ ਹੋਣ ਦੀਆਂ ਗੱਲਾਂ ਚਲ ਰਹੀਆਂ ਹਨ ਪਰ ਬਾਬੇ ਦੇ ਆਲਦੁਆਲੇ ਫੈਲਿਆ ਅਮਲਾ ਇਹ ਕਦਾਚਿਤ ਬਰਦਾਸ਼ਤ ਨਹੀਂ ਕਰੇਗਾ।

ਇਰਸ਼ਾਦ ਦੇ ਮੁਕਾਬਲੇ 16 ਉਮੀਦਵਾਰ

ਢਾਕਾ — ਬੰਗਲਾ ਦੇਸ਼ ਵਿਚ ਚੋਣਾਂ ਅਕਤੂਬਰ ਵਿਚ ਹੋ ਰਹੀਆਂ ਹਨ। ਪਤਾ ਲੱਗਾ ਹੈ ਕਿ ਜਨਰਲ ਇਰਸ਼ਾਦ ਫਿਰ ਪ੍ਰਧਾਨਗੀ ਦੀ ਚੋਣ ਲੜ ਰਹੇ ਹਨ। ਉਨ੍ਹਾਂ ਦੇ ਮੁਕਾਬਲੇ ਵਿਚ 16 ਉਮੀਦਵਾਰ ਹੁਣ ਤੱਕ ਨਾਮਜ਼ਦਗੀ ਪੇਪਰ ਭਰ ਚੁਕੇ ਹਨ।

ਇਸੇ ਦੌਰਾਨ ਚੋਣਾਂ ਦੇ ਝਗੜੇ ਵਿਚ 12 ਵਿਅਕਤੀ ਫੜੇ ਗਏ। ਇਨ੍ਹਾਂ ਉਤੇ ਦੋਸ਼ ਲਾਇਆ ਗਿਆ ਹੈ ਕਿ ਉਹ ਇਕ ਫੈਕਟਰੀ ਵਿਚ ਬੰਬ ਬਣਾ ਰਹੇ ਸਨ।

ਪੈਰਿਸ ਵਿਚ ਬੰਬ ਧਮਾਕੇ

ਪੈਰਿਸ — ਪੈਰਿਸ ਵਿਚ ਪਿਛਲੇ ਹਫਤੇ ਵਿਚ ਪੰਜ ਬੰਬ ਧਮਾਕੇ ਹੋ ਚੁਕੇ ਹਨ ਜਿਨ੍ਹਾਂ ਵਿਚ ਤਿੰਨ ਵਿਅਕਤੀ ਮਾਰੇ ਗਏ ਹਨ। ਸੌ ਤੋਂ ਉਪਰ ਜ਼ਖਮੀ ਹਸਪਤਾਲਾਂ ਵਿਚ ਪੁਚਾਏ ਗਏ। ਫਰਾਂਸ ਨੇ ਵੀਜ਼ਾ ਦੀ ਪਾਬੰਦੀ ਲਾ ਦਿੱਤੀ ਹੈ। ਕੈਨੇਡਾ ਤੋਂ ਜਾਣ ਵਾਲੇ ਲੋਕਾਂ ਉਤੇ ਵੀ ਇਹ ਪਾਬੰਦੀ ਲਾਗੂ ਕਰ ਦਿਤੀ ਗਈ ਹੈ।

ਸਿੱਖ ਸੰਮੇਲਨ - ਸਹੀ ਦਿਸ਼ਾ ਵਲ ਇਕ ਕਦਮ

ਸਤਨਾਮ ਸਿੰਘ ਮਾਣਿਕ



ਸੰਮੇਲਨ ਵਿਚ ਭਾਗ ਲੈਣ ਵਾਲੇ ਵਿਦਵਾਨਾਂ ਵਿਚ ਸ਼ਾਮਲ ਹਨ (ਖੱਬੇ ਤੋਂ ਸੱਜੇ) ਡਾ: ਸੁਖਦੇਵ ਸਿੰਘ (ਵਾਈਸ ਚਾਂਸਲਰ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ), ਜਸਵੰਤ ਸਿੰਘ ਕੰਵਲ, ਐਸ ਐਸ ਜੌਹਲ, ਬੀ ਐਸ ਬਿੰਦਰਾ, ਸ੍ਰੀਮਤੀ ਬਿਮਲ ਕੌਰ ਖਾਲਸਾ, ਜੀ ਐਸ ਬੱਲ ਐਡਵੋਕੇਟ,

ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਪਿਛਲੇ ਸਮੇਂ ਵਿਚ ਸਿੱਖ ਭਾਈਚਾਰੇ ਨੂੰ ਬਹੁਤ ਹੀ ਕਠਿਨ ਦੌਰ ਵਿਚੋਂ ਗੁਜ਼ਰਨਾ ਪਿਆ ਹੈ। ਹਰਿਮੰਦਰ ਸਾਹਿਬ ਤੋਂ ਫੌਜੀ ਕਾਰਵਾਈ ਅਤੇ ਨਵੰਬਰ 1984 ਦੇ ਦੇਸ਼ ਵਿਆਪੀ ਸਿੱਖ ਵਿਰੋਧੀ ਦੰਗੇ ਅਤੇ ਪੰਜਾਬ ਵਿਚ ਫੌਜੀ ਤੇ ਅਰਧ ਫੌਜੀ ਦਲਾਂ ਦਾ ਜ਼ਬਰ (ਜਿਹੜਾ ਕਿ ਅਜੇ ਵੀ ਜਾਰੀ ਹੈ) ਨੇ ਸਿੱਖ ਭਾਈਚਾਰੇ ਨੂੰ ਅੰਤਰਮੁਖੀ ਬਣਾ ਦਿੱਤਾ ਸੀ, ਸਿੱਖ ਇਹ ਮਹਿਸੂਸ ਕਰਨ ਲਗ ਪਏ ਸਨ ਕਿ ਸਾਰੇ ਦੇਸ਼ ਵਿਚ ਉਹਨਾਂ ਦਾ ਕੋਈ ਨਹੀਂ ਹੈ। ਉਹਨਾਂ ਦੀਆਂ ਜਾਇਜ਼ ਮੰਗਾਂ ਮੰਨਣ ਲਈ ਕੇਂਦਰੀ ਸਰਕਾਰ ਸੁਹਿਰਦ ਨਹੀਂ ਹੈ।(ਪੰਜਾਬ ਸਮਝੌਤੇ ਦੀ ਕੋਈ ਵੀ ਮੱਦ ਲਾਗੂ ਨਾ ਹੋਣ ਕਾਰਨ ਇਹ ਧਾਰਨਾ ਪੱਕੀ ਹੋਈ ਹੈ) ਉਪਰੋਕਤ ਸਾਰੇ ਦੁਖਦਾਈ ਸਮਾਚਾਰਾਂ ਦਾ ਸਿੱਖਾਂ ਦੇ ਵੱਖ ਵੱਖ ਵਰਗਾਂ ਤੇ ਵੱਖ ਵੱਖ ਪ੍ਰਭਾਵ ਪਿਆ।

1. ਪੰਜਾਬ ਤੋਂ ਬਾਹਰਲੇ ਸਿੱਖ ਭੈਭੀਤ ਹੋ ਗਏ ਤੇ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਏ। ਵੱਖ ਵੱਖ ਰਾਜਾਂ ਤੋਂ ਬਹੁਤ ਸਾਰੇ ਪਰਿਵਾਰ ਪੰਜਾਬ ਵੀ ਪਰਤ ਆਏ। ਕੁਝ ਲੋਕਾਂ ਨੇ ਭੈ ਹੇਠ ਪਤਿਤ ਹੋ ਕੇ ਆਪਣੇ ਆਪ ਨੂੰ ਸਿੱਖ ਭਾਈਚਾਰੇ ਤੋਂ ਅਲੱਗ ਵੀ ਕਰ ਲਿਆ।

2. ਪੰਜਾਬ ਦੇ ਬਹੁਗਿਣਤੀ ਆਮ ਸਿੱਖ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਅਤੇ ਪੰਜਾਬ ਸਮਝੌਤਾ ਲਾਗੂ ਨਾ ਹੋਣ ਤੋਂ ਨਿਰਾਸ਼ ਹੋ ਕੇ ਨਿਰਲੇਪ ਹੋ ਗਏ। ਸਿੱਖਾਂ ਦਾ ਇਹ ਤਬਕਾ ਸਿੱਖ ਪੰਥ ਦੀ ਸਮੁੱਚੀ ਲੀਡਰਸ਼ਿਪ ਤੋਂ ਦੁਖੀ ਮਹਿਸੂਸ ਕਰਨ ਲੱਗਾ ਅਤੇ ਆਪਣੀ ਹੇਠੀ ਲਈ ਲੀਡਰਸ਼ਿਪ ਦੀ ਅਯੋਗਤਾ ਨੂੰ ਜ਼ਿਮੇਂਵਾਰ ਸਮਝਦਾ ਹੈ।

3. ਸਿੱਖ ਭਾਈਚਾਰੇ ਦਾ ਨੌਜਵਾਨ ਵਰਗ ਜਿਹੜਾ ਕਿ ਧਰਮ ਯੁਧ ਮੋਰਚੇ ਦੇ ਆਖਰੀ ਦਿਨਾਂ ਵਿਚ ਹੀ ਅਕਾਲੀ ਲੀਡਰਸ਼ਿਪ ਤੋਂ ਬਾਗੀ ਹੋ ਗਿਆ ਸੀ ਤੇ ਜਿਸ ਨੂੰ ਫੌਜੀ ਤੇ ਅਧਰ ਫੌਜੀ ਜਬਰ ਦਾ ਵਿਸ਼ੇਸ਼ ਤੌਰ ਤੇ ਸਾਹਮਣਾ ਕਰਨਾ ਪਿਆ ਸੀ, ਬਦਲਾ ਲੈਣ ਦੇ ਰਸਤੇ ਤੇ ਤੁਰ ਪਿਆ। ਇਹ ਵਰਗ ਮਹਿਸੂਸ ਕਰਦਾ ਹੈ ਕਿ ਹਿੰਦੋਸਤਾਨ ਵਿਚ ਸਿੱਖਾਂ ਦਾ ਕੋਈ ਭਵਿਖ ਨਹੀਂ ਤੇ ਵੱਖਰੇ ਰਾਜ ਨਾਲ ਹੀ ਸਿੱਖ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ।

4. ਸਿੱਖਾਂ ਦਾ ਇਕ ਬਹੁਤ ਹੀ ਛੋਟਾ ਵਰਗ ਇਨ੍ਹਾਂ ਸਾਰੇ ਸਮਾਚਾਰਾਂ ਤੋਂ ਦੁਖੀ ਸੀ ਉਹ ਇਹ ਵੀ ਸਮਝਦਾ ਸੀ ਕਿ ਕੇਂਦਰੀ ਸਰਕਾਰ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਸਿੱਖਾਂ ਦੀ ਰਾਜਨੀਤਕ ਧਾਰਮਿਕ ਅਤੇ ਸਭਿਆਚਾਰਕ ਪਹਿਚਾਣ ਮਿਟਾਉਣ ਦੀ ਕੁਟਲਨੀਤੀ ਦਾ ਮੁਕਾਬਲਾ ਕਰਨ ਲਈ ਸਿੱਖ ਸੰਘਰਸ਼ ਠੀਕ ਦਿਸ਼ਾ ਵੱਲ ਸੇਧਤ ਨਹੀਂ ਹੈ। ਇਸ ਲੰਮੇ, ਔਖੇ ਤੇ ਕਠਿਨ ਸੰਘਰਸ਼ ਲਈ ਦੇਸ਼ ਭਰ ਦੀਆਂ ਹੋਰ ਕੌਮੀਅਤਾਂ ਜਿਹਨਾਂ ਨੂੰ ਸਾਡੇ ਵਰਗੀਆਂ ਸਮੱਸਿਆਵਾਂ ਦਾ ਹੀ ਸਾਹਮਣਾ ਹੈ, ਨੂੰ ਨਾਲ ਲੈ ਕੇ ਆਪਣੇ ਸੰਘਰਸ਼ ਨੂੰ ਮਜ਼ਬੂਤ ਤੇ ਵਿਸ਼ਾਲ ਕਰਨਾ ਚਾਹੀਦਾ ਹੈ ਤੇ ਇਸ ਤਰ੍ਹਾਂ ਹੀ ਕੇਂਦਰ ਦੇ ਤਸ਼ੱਦਦ ਦਾ ਸਾਹਮਣਾ ਕੀਤਾ ਜਾ ਸਕਦਾ ਹੈ। ਪਰ ਇਸ ਵਰਗ ਦੀ ਗੱਲ ਕੋਈ ਸੁਣਨ ਲਈ ਪਹਿਲਾਂ ਤਿਆਰ ਨਹੀਂ ਸੀ।

ਗੱਲ ਕੀ ਅਜੋਕੇ ਸੰਕਟਮਈ ਸਮੇਂ ਵਿਚ ਸਿੱਖ ਪੰਥ ਦੀ ਲੀਡਰਸ਼ਿਪ ਵੱਲੋਂ ਕੋਈ ਯੋਗ ਅਗਵਾਈ ਨਾ ਦੇ ਸਕਣ ਕਾਰਨ ਸਿੱਖਾਂ ਵਿਚ ਉਪਰੋਕਤ ਵੱਖ ਵੱਖ ਵਿਚਾਰਧਾਰਾਵਾਂ ਪੈਦਾ ਹੋ ਗਈਆਂ। ਜਿਸ ਤਰ੍ਹਾਂ ਦੇ ਹਾਲਾਤ ਵਿਚੀਂ ਸਿੱਖਾਂ ਨੂੰ ਗੁਜ਼ਰਨਾ ਪਿਆ, ਜਿੰਨੇ ਜਬਰ ਦਾ ਸਾਹਮਣਾ ਉਹਨਾਂ ਨੂੰ ਕਰਨਾ ਪਿਆ, ਉਸ ਕਾਰਨ ਵਿਚਾਰਧਾਰਕ ਮਦਭੇਦਾਂ ਦਾ ਉਭਰਨਾ ਸੁਭਾਵਕ ਵੀ ਸੀ। ਪਰ ਸੰਕਟਮਈ ਦੌਰ ਵਿਚ ਸਿੱਖ ਸਮੱਸਿਆ ਬਾਰੇ ਤੇ ਇਸ ਸਮੱਸਿਆ ਵਿਚੋਂ ਬਾਹਰ ਨਿਕਲਣ ਲਈ ਕੋਈ ਸਾਂਝੀ ਨੀਤੀ ਅਪਨਾਉਣ ਬਾਰੇ ਸਹਿਮਤੀ ਨਾ ਹੋਣ ਕਾਰਨ ਸੰਕਟ ਵਿਚੋਂ ਨਿਕਲਣਾ ਸਿੱਖ ਭਾਈਚਾਰੇ ਲਈ ਕਠਿਨ ਹੋ ਗਿਆ ਅਤੇ ਇਸੇ ਕਰਕੇ ਸਿੱਖ ਭਾਈਚਾਰਾ ਲੰਮੇ ਸਮੇਂ ਤੋਂ ਆਪਣੇ ਆਪ ਨੂੰ ਇਕ ਹਨੇਰੀ ਗੁਫਾ ਵਿਚ ਘਿਰਿਆ ਮਹਿਸੂਸ ਕਰ ਰਿਹਾ ਹੈ ਜਿਸ ਵਿਚੋਂ ਨਿਕਲਣ ਲਈ ਕੋਈ ਰਸਤਾ ਨਜ਼ਰ ਨਹੀਂ ਆ ਰਿਹਾ ਹੋਵੇ ਤੇ ਅੰਦਰ ਸਾਹ ਘੁਟਦਾ ਜਾ ਰਿਹਾ ਹੋਵੇ। ਇਸ ਸਾਰੀ ਸਥਿਤੀ ਦਾ ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਸਿੱਖ ਭਾਈਚਾਰੇ ਦੇ ਵੱਖਰੇ ਵੱਖਰੇ ਵਿਚਾਰ ਰੱਖਣ ਵਾਲੇ ਵਰਗਾਂ ਵਿਚ ਇਕ ਦੂਜੇ ਪ੍ਰਤੀ ਸਹਿਣਸ਼ੀਲਤਾ ਨਹੀਂ ਸੀ। ਇਕ ਦੂਜੇ ਦੀ ਗੱਲ ਸੁਣਨ ਲਈ ਉਹ ਤਿਆਰ ਨਹੀਂ ਸਨ। ਉਹ ਸਿੱਖ ਪੰਥ ਦੀ ਹੇਠੀ ਲਈ ਇਕ ਦੂਜੇ ਨੂੰ ਜ਼ਿਮੇਂਵਾਰ ਠਹਿਰਾਉਂਦੇ ਸਨ। ਇਕ ਦੂਜੇ ਨੂੰ ਪੰਥ ਧਰੋਹੀ ਤੇ ਗਦਾਰ ਤਕ ਕਹਿੰਦੇ ਸਨ ਤੇ ਇਥੋਂ ਤੱਕ ਕਿ ਇਕ ਦੂਜੇ ਨੂੰ ਆਪਣੇ ਮੁਖ ਵਿਰੋਧੀ ਕੇਂਦਰੀ ਹੁਕਮਰਾਨਾਂ ਨਾਲੋਂ ਵੀ ਵਧੇਰੇ ਵੈਰਭਾਵਨਾ ਨਾਲ ਦੇਖਦੇ ਹਨ। ਅਜ ਵੀ ਇਸ ਸੋਚ ਵਿਚ ਬਹੁਤਾ ਫਰਕ ਨਹੀਂ ਪਿਆ।

ਫੌਜੀ ਕਾਰਵਾਈ ਅਤੇ ਨਵੰਬਰ 84 ਦੇ ਦੰਗਿਆਂ ਤੋਂ ਬਾਅਦ ਇਹ ਆਸ ਕੀਤੀ ਜਾਂਦੀ ਸੀ ਕਿ ਸਿੱਖ ਭਾਈਚਾਰੇ ਦੇ ਬੁਧੀਜੀਵੀ ਲੋਕ ਤੇ ਲੀਡਰ ਸਿਰ ਜੋੜਕੇ ਬੈਠਣਗੇ, ਸਵੈ ਪੜਚੋਲ ਕਰਨਗੇ ਅਤੇ ਅੱਗੋਂ ਲਈ ਕੋਈ ਸਹੀ ਦਿਸ਼ਾ ਨਿਰਧਾਰਤ ਕਰਕੇ ਆਪਣੇ ਹੱਕਾਂ ਦੀ ਪ੍ਰਾਪਤੀ ਅਤੇ ਵਕਾਰ ਦੀ ਬਹਾਲੀ ਲਈ ਜਦੋਜਹਿਦ ਕਰਨਗੇ। ਪਰ ਇਹ ਆਸ ਪੂਰੀ ਨਾ ਹੋ ਸਕੀ। ਸਿੱਖ ਭਾਈਚਾਰਾ ਤੇ ਇਸ ਦੇ ਬੁਧੀਜੀਵੀ ਲਗਾਤਾਰ ਮਤਭੇਦਾਂ ਦਾ ਸ਼ਿਕਾਰ ਰਹੇ ਜਾਂ ਠੀਕ ਦਿਸ਼ਾ ਕੀ ਹੈ ਬਾਰੇ ਦੁਬਿਧਾ ਵਿਚ ਫਸੇ ਰਹੇ ਅਤੇ ਉਨ੍ਹਾਂ ਵਿਚ ਆਪਣੇ ਅੰਦਰ ਝਾਤੀ ਮਾਰਕੇ ਸਵੈਪੜਚੋਲ ਕਰਨ ਦਾ ਸਾਹਸ ਪੈਦਾ ਨਾ ਹੋਇਆ। ਸ਼ਾਇਦ ਇਸ ਦਾ ਮੁਖ ਕਾਰਨ ਹੋਸ਼ ਤੇ ਜੋਸ਼ ਦਾ ਭਾਰੂ ਹੋ ਜਾਣਾ ਸੀ। ਪਰ ਅੰਦਰੋਂ ਅੰਦਰੋਂ ਇਹ ਕੁਝ ਚਿੰਤਕਾਂ ਵਲੋਂ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਜੇਕਰ ਸਵੈ-ਪੜਚੋਲ ਦਾ ਅਮਲ ਆਰੰਭ ਨਾ ਹੋਇਆ ਤਾਂ ਅਸੀਂ ਹਨੇਰੀ ਗੁਫਾ ਵਿਚੋਂ ਬਾਹਰ ਨਹੀਂ ਨਿਕਲ ਸਕਾਂਗੇ ਤੇ ਆਪਣੇ ਦੁਸ਼ਮਣਾਂ ਨੂੰ ਸਿੱਖ ਭਾਈਚਾਰੇ ਨੂੰ ਜਬਰ ਦਾ ਸ਼ਿਕਾਰ ਬਣਾਉਣ ਲਈ ਹੋਰ ਮੌਕਾ ਦਿਆਂਗੇ।

ਪਰ ਹੁਣ ਸਿੱਖ ਭਾਈਚਾਰੇ ਨੇ ਹਨੇਰੀ ਗੁਫਾ ਵਿਚੋਂ ਬਾਹਰ ਆਉਣ ਲਈ ਇਸ ਗੁਫਾ ਦੀਆਂ ਕੰਧਾਂ ਨੂੰ ਟਟੋਲਣਾ ਸ਼ੁਰੂ ਕਰ ਦਿਤਾ ਹੈ। ਇਸ ਵਿਚੋਂ ਬਾਹਰ ਨਿਕਲਣ ਦਾ ਰਸਤਾ ਲੱਭਣਾ ਸ਼ੁਰੂ ਕਰ ਦਿੱਤਾ ਹੈ। ਉਸ ਨੇ ਆਪਣੇ ਅੰਦਰ ਝਾਤੀ ਮਾਰਨੀ ਸ਼ੁਰੂ ਕਰ ਦਿੱਤੀ ਹੈ। ਇਸ ਦੇ ਨਾਲ ਹੀ ਉਸ ਨੇ ਵਿਚਾਰਧਾਰਕ ਮਤਭੇਦਾਂ ਦੇ ਬਾਵਜੂਦ ਇਕ ਦੂਜੇ ਦੀ ਗੱਲ ਨੂੰ ਸੁਣਨੇ ਸਮਝਣ ਤੇ ਉਸ ਦੀ ਸਾਰਥਿਕਤਾ ਨੂੰ ਪਰਖਣ ਲਈ ਸਹਿਣਸ਼ੀਲਤਾ ਤੇ ਤਰਕ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੱਤਾ ਹੈ।

ਇਸ ਦਾ ਸੰਕੇਤ 31 ਅਗਸਤ 1986 ਨੂੰ ਇੰਜਨੀਅਰਿੰਗ ਕਾਲਜ ਲੁਧਿਆਣਾ ਵਿਖੇ 'ਸਿਖ ਸਮੱਸਿਆ ਹੈ ਕੀ ਤੇ ਸਿੱਖ ਹੁਣ ਕੀ ਕਰਨ ?' ਦੇ ਵਿਸ਼ੇ ਤੇ ਹੋਏ ਸਿੱਖ ਸੰਮੇਲਨ ਤੋਂ ਮਿਲਿਆ ਹੈ। ਇਸ ਸੰਮੇਲਨ ਦੀ ਭਾਵੇਂ ਹੋਰ ਕੋਈ ਪ੍ਰਾਪਤੀ ਸਮਝੀ ਜਾਵੇ ਜਾਂ ਨਾ ਪਰ ਸਭ ਤੋਂ ਵੱਡੀ ਪ੍ਰਾਪਤੀ ਇਹੀ ਹੈ ਕਿ ਸਿੱਖਾਂ ਵਿਚ ਤਰਕ ਜਿਹੜੀ ਕਿ ਦੁਖਦਾਈ ਵਰਤਾਰਿਆਂ ਕਾਰਨ ਜਜ਼ਬਾਤ ਹੇਠਾਂ ਦੱਬ ਗਈ ਸੀ, ਮੁੜ ਪਰਤੀ ਹੈ। 60 ਦੇ ਲਗਪਗ ਵੱਖਰੇ ਵੱਖਰੇ ਵਿਚਾਰ ਰੱਖਣ ਵਾਲੇ ਬੁਲਾਰੇ ਪਹਿਲੀ ਵਾਰੀ ਇਕੋ ਸਟੇਜ ਤੋਂ ਨਿਰਭੈ ਹੋ ਕੇ ਬੋਲੇ ਹਨ ਤੇ ਉਨ੍ਹਾਂ ਨੇ ਆਜ਼ਾਦਾਨਾ ਤੌਰ ਤੇ ਆਪਣੀ ਗੱਲ ਆਖੀ ਹੈ। ਸਖਤ ਮਤਭੇਦ ਰੱਖਣ ਵਾਲੇ ਵੱਖ ਵੱਖ ਵਰਗਾਂ ਦੇ ਸਰੋਤਿਆਂ ਨੇ ਬਹੁਤ ਹੀ ਤਹੱਮਲ ਨਾਲ ਸਭ ਦੇ ਵਿਚਾਰਾਂ ਨੂੰ ਸੁਣਿਆ ਹੈ। ਇਹ ਗੱਲ ਹੀ ਇਕ ਸਿਹਤਮੰਦ ਰੁਝਾਣ ਹੈ ਜਿਹੜਾ ਕਿ ਸਿੱਖ ਭਾਈਚਾਰੇ ਨੂੰ ਸਹੀ ਯੁੱਧਨੀਤੀ ਘੜਨ ਵਿਚ ਅਤੇ ਸਹੀ ਦਿਸ਼ਾ ਵਿਚ ਸੰਘਰਸ਼ ਲਾਮਬੰਦ ਕਰਕੇ ਮੌਜੂਦਾ ਸੰਕਟ ਵਿਚੋਂ ਨਿਕਲਣ ਲਈ ਸਹਾਇਤਾ ਦੇ ਸਕਦਾ ਹੈ।

ਸੰਮੇਲਨ ਵਿਚ ਉਭਰੇ ਨੁਕਤੇ

ਜਿਸ ਤਰ੍ਹਾਂ ਪਹਿਲਾਂ ਹੀ ਜ਼ਿਕਰ ਕੀਤਾ ਗਿਆ ਹੈ ਕਿ ਵਰਤਮਾਨ ਸਥਿਤੀ

ਬਾਕੀ ਪੰਨਾ 6 ਉੱਤੇ

Immigration and Citizenship Matters
JAMES SUE & COMPANY

Immigration Advocates

- Filing a successful application for immigrant visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters

For help contact :
BABU JIM NARAIN of James, Sue & Company who was 18 years of experience on Immigration and Citizenship matters with top Immigration Lawyers.

ਸਪੈਸ਼ਲ ਅਨਾਊਂਸਮੈਂਟ
ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੇਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ!

Evening Office :
433-4685

#210 - 535 W. 10th Ave. Vancouver, B.C. **Tel: Off. 873-9441**

ਗੋਰਖਾ ਫਰੰਟ ਦੇ ਪ੍ਰਚਾਰ ਤੋਂ ਬੰਗਾਲ ਸਰਕਾਰ ਪਰੇਸ਼ਾਨ

ਕਲਕੱਤਾ — ਪੱਛਮੀ ਬੰਗਾਲ ਦੀ ਸਰਕਾਰ ਇੰਨ੍ਹੀਂ ਦਿਨੀਂ ਦਾਰਜੀਲਿੰਗ ਵਿਚ ਗੋਰਖਾ ਨੈਸ਼ਨਲ ਲਿਬਰੇਸ਼ਨ ਫਰੰਟ ਦੀ ਹਮਦਰਦੀ ਵਿਚ ਛਾਪੇ ਜਾ ਰਹੇ ਕਿਤਾਬਚਿਆਂ ਤੋਂ ਕਾਫੀ ਪਰੇਸ਼ਾਨ ਹੈ। ਇਨ੍ਹਾਂ ਪੈਂਫਲਿਟਾਂ ਵਿਚ ਇਕ ਵੱਖਰੇ ਗੋਰਖਾਲੈਂਡ ਦੀ ਹਮਾਇਤ ਕੀਤੀ ਗਈ ਹੈ। ਭਾਵੇਂ ਇਨ੍ਹਾਂ ਪੈਂਫਲਿਟਾਂ ਉਤੇ ਇਨ੍ਹਾਂ ਨੂੰ ਛਾਪਣ ਵਾਲਿਆਂ ਦਾ ਕੋਈ ਜ਼ਿਕਰ ਨਹੀਂ ਪਰ ਤਾਂ ਵੀ ਇਹ ਸਮਝਿਆ ਜਾ ਰਿਹਾ ਹੈ ਕਿ ਜਿਸ ਕਿਸਮ ਦੀਆਂ ਇਨ੍ਹਾਂ ਵਿਚ ਲਿਖਤਾਂ ਸ਼ਾਮਲ ਹਨ, ਉਹ ਸਿਰਫ ਗੋਰਖਾ ਨੈਸ਼ਨਲ ਫਰੰਟ ਵਲੋਂ ਹੀ ਛਪ ਸਕਦੀਆਂ ਹਨ। ਪੱਛਮੀ ਬੰਗਾਲ ਸਰਕਾਰ ਨੂੰ ਜਿਹੜੀ ਗੱਲ ਹੋਰ ਵੀ ਪਰੇਸ਼ਾਨ ਕਰਦੀ ਹੈ, ਉਹ ਹੈ ਇਨ੍ਹਾਂ ਪੈਂਫਲਿਟਾਂ ਵਿਚ ਪੇਸ਼ ਕੀਤੀ ਭਾਸ਼ਾ। ਵਿਆਕਰਣ ਪਖੋਂ ਇਹ ਬਹੁਤ ਵਧੀਆ ਅੰਗਰੇਜ਼ੀ ਵਿਚ ਲਿਖੇ ਹੁੰਦੇ ਹਨ। ਇਨ੍ਹਾਂ ਵਿਚ ਕਿਤੇ ਕੋਈ ਗਲਤੀ ਨਜ਼ਰ ਨਹੀਂ ਆਉਂਦੀ। ਇਨ੍ਹਾਂ ਵਿਚ ਦਿੱਤੇ ਤੱਥਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਕਿ ਗੋਰਖਾਲੈਂਡ ਦਾ ਕੇਸ ਮਜ਼ਬੂਤ ਬਣਦਾ ਹੈ।

ਸਰਕਾਰ ਦੀਆਂ ਖੁਫੀਆ ਏਜੰਸੀਆਂ ਦੇ ਸੂਤਰਾਂ ਅਨੁਸਾਰ "ਘੱਟ ਤੋਂ ਘੱਟ ਗੋਰਖਾ ਫਰੰਟ ਵਿਚ ਅਜਿਹਾ ਕੋਈ ਵੀ ਯੋਗ ਵਿਅਕਤੀ ਨਹੀਂ ਜੋ ਇਹੋ ਜਿਹੇ ਪੈਂਫਲਿਟ ਲਿਖ ਸਕਦਾ ਹੋਵੇ ਅਤੇ ਨਾ ਹੀ ਇਹ ਕੰਮ ਦਾਰਜੀਲਿੰਗ ਵਿਚ ਰਹਿੰਦੇ ਨਿਪਾਲੀਆਂ ਦਾ ਜਾਪਦਾ ਹੈ ਜਿਨ੍ਹਾਂ ਦੀ ਗੋਰਖਾ ਫਰੰਟ ਨਾਲ ਹਮਦਰਦੀ ਹੈ। ਇਸ ਬਾਰੇ ਦੋ ਤਰ੍ਹਾਂ ਦੇ ਵਿਚਾਰ ਪ੍ਰਗਟ ਕੀਤੇ ਜਾ ਰਹੇ ਹਨ। ਇਕ ਇਹ ਕਿ ਪੈਂਫਲਿਟ ਗੋਰਖਾ ਫਰੰਟ ਦੇ ਹਮਦਰਦਾਂ ਵਲੋਂ ਲਿਖੇ ਗਏ ਹਨ ਜੋ ਦਿੱਲੀ ਜਾਂ ਹੋਰਨਾਂ ਰਾਜਾਂ ਵਿਚ ਰਹਿੰਦੇ ਹਨ। ਦੂਜਾ, ਇਹ ਇਸਾਈ ਮਿਸ਼ਨਰੀਆਂ ਵਲੋਂ ਲਿਖੇ ਗਏ ਹਨ ਜਿਨ੍ਹਾਂ ਨੇ ਹਮੇਸ਼ਾਂ ਹੀ ਵਖਰੀ ਹੋਂਦ ਜਤਲਾਉਣ ਵਾਲੇ ਲੋਕਾਂ ਦੀ ਹਮਾਇਤ ਕੀਤੀ ਹੈ। ਜੇਕਰ ਮੰਨ ਲਿਆ ਜਾਵੇ ਕਿ ਇਨ੍ਹਾਂ ਦੋਹਾਂ ਵਰਗਾਂ ਵਿਚੋਂ ਕਿਸੇ ਇਕ ਨੇ ਇਹ ਪੈਂਫਲਿਟ ਲਿਖੇ ਹਨ ਤਾਂ ਇਕ ਗੱਲ ਅਜੇ ਵੀ ਲੱਭਣੀ ਬਾਕੀ ਹੈ ਕਿ ਇਹ ਕਿਹੜੀ ਸੰਸਥਾ ਵਲੋਂ ਅਤੇ ਕਿੱਥੋਂ ਛਾਪੇ ਜਾਂਦੇ ਹਨ।

"ਟਾਈਮਜ਼ ਆਫ ਇੰਡੀਆ" ਅਖਬਾਰ ਨੇ ਇਸ ਲਹਿਰ ਬਾਰੇ ਹੋਰ ਵੇਰਵੇ ਦਿਤੇ ਹਨ। ਇਕ ਪੈਂਫਲਿਟ ਵਿਚ ਇਹ ਕਿਹਾ ਗਿਆ ਹੈ ਕਿ ਪੱਛਮੀ ਬੰਗਾਲ ਤੇ ਕੇਂਦਰ ਸਰਕਾਰ ਨੇ ਹਮੇਸ਼ਾ ਹੀ ਗੋਰਖਿਆਂ ਨੂੰ ਆਪਣੇ ਹਿਤਾਂ ਲਈ ਵਰਤਿਆ ਹੈ। ਸਰਕਾਰ ਨੇ ਗੋਰਖਾ ਸਿਪਾਹੀਆਂ ਨੂੰ ਉਤਰ ਪੂਰਬੀ ਰਾਜਾਂ ਵਿਚ ਚਲ ਰਹੀਆਂ ਲਹਿਰਾਂ ਨੂੰ ਕੁਚਲਣ ਲਈ ਵਰਤਿਆ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਲੋਕਾਂ ਦੇ ਮਨਾਂ ਵਿਚ ਹਥਿਆਰਬੰਦ ਗੋਰਖਿਆਂ ਬਾਰੇ ਨਾ ਕੇਵਲ ਨਫਰਤ ਹੀ ਭਰ ਗਈ ਸਗੋਂ ਸਮੁੱਚੇ ਖਿੱਤੇ ਵਿਚ ਰਹਿੰਦੇ ਭਾਰਤੀ ਮੂਲ ਦੇ ਸਿਵਲੀਅਨ ਗੋਰਖਿਆਂ ਲਈ ਲੋਕਾਂ ਵਿਚ ਜਿਉਣਾ ਦੁੱਭਰ ਹੋ ਗਿਆ।

ਗੋਰਖਾ ਫਰੰਟ ਦੇ ਇਨ੍ਹਾਂ ਪੈਂਫਲਿਟਾਂ ਦਾਹ ਸਾਹਮਣਾ ਕਰਨ ਲਈ ਅਤੇ ਲੋਕਾਂ ਵਿਚ ਵਧ ਰਹੇ ਪ੍ਰਭਾਵ ਨੂੰ ਘਟਾਉਣ ਲਈ ਸੀ. ਪੀ. ਐਮ. ਦੇ ਮੁਕਾਬਲੇ ਵਿਚ ਆਪਣਾ ਸਾਹਿਤ ਪੇਸ਼ ਕਰਨ ਦਾ ਫੈਸਲਾ ਕੀਤਾ ਹੈ। ਇਨ੍ਹਾਂ ਪੈਂਫਲਿਟਾਂ ਦਾ ਉਦੇਸ਼ ਲੋਕਾਂ ਨੂੰ ਇਹ ਦੱਸਣਾ ਹੋਏਗਾ ਕਿ ਖੱਬੇ ਪੱਖੀ ਫਰੰਟ ਨੇ ਗੋਰਖਿਆਂ ਲਈ ਹੁਣ ਤਕ ਕੀ ਕੁਝ ਕੀਤਾ ਹੈ ਅਤੇ ਗੋਰਖਾ ਫਰੰਟ ਦੀਆਂ ਹਰਕਤਾਂ ਨਾਲ ਕੀ ਨੁਕਸਾਨ ਪਹੁੰਚੇਗਾ। ਪਰ ਇਹ ਅਜੇ ਵੀ ਸ਼ੱਕ ਵਾਲੀ ਗੱਲ ਹੈ ਕਿ ਇਹ ਪੈਂਫਲਿਟ ਉਨ੍ਹਾਂ ਕਸਬਿਆਂ ਵਿਚ ਕਿਵੇਂ ਵੰਡੇ ਜਾਣਗੇ ਜਿਨ੍ਹਾਂ ਬਾਰੇ ਮੁਖ ਮੰਤਰੀ ਜੋਤੀ ਬਾਸੂ ਨੇ ਖੁਦ ਮੰਨਿਆ ਹੈ ਕਿ "ਇਨ੍ਹਾਂ ਕਸਬਿਆਂ ਵਿਚ ਗੋਰਖਾ ਫਰੰਟ ਦਾ ਰਾਜ ਹੈ।"

ਗੋਰਖਾ ਲੈਂਡ ਦੀ ਮੰਗ ਦੀਆਂ ਜੜ੍ਹਾਂ ਵੀ ਇਤਿਹਾਸ ਵਿਚ ਪਈਆਂ ਹਨ। ਇਕ ਸਮਾਂ ਸੀ ਜਦੋਂ ਦਾਰਜੀਲਿੰਗ ਤੇ ਇਸ ਦੇ ਇਰਦ ਗਿਰਦ ਇਨਾਕਾ ਨੇਪਾਲ, ਸਿੱਕਮ ਤੇ ਭੂਟਾਨ ਵਿਚ ਸਾਰੇ ਝਗੜੇ ਦੀ ਜੜ੍ਹ ਬਣ ਗਿਆ ਸੀ। 18ਵੀਂ ਤੇ 19ਵੀਂ ਸਦੀ ਵਿਚ ਇਹ ਝਗੜਾ ਚਲਦਾ ਰਿਹਾ। ਬਰਤਾਨੀਆਂ ਨੇ ਆਪਣੇ ਸਾਮਰਾਜੀ ਉਦੇਸ਼ਾਂ ਲਈ ਇਸ ਇਲਾਕੇ ਦਾ ਇਕ ਹਿੱਸਾ ਨੇਪਾਲ ਤੋਂ ਖੋਹ ਕੇ ਸਿੱਕਮ ਨੂੰ ਤੋਹਫੇ ਵਜੋਂ ਦੇ ਦਿਤਾ ਅਤੇ ਫਿਰ ਸੌ ਸਾਲ ਪਹਿਲਾਂ ਵਾਪਸ ਲੈ ਲਿਆ। ਇਹ ਵੀ ਵਿਅੰਗ ਵਾਲੀ ਗੱਲ ਹੈ ਕਿ ਭਾਰਤੀ ਕਮਿਊਨਿਸਟ ਪਾਰਟੀ ਪਹਿਲੀ ਪਾਰਟੀ ਸੀ ਜਦੋਂ ਉਸ ਨੇ 1946 ਵਿਚ "ਆਜ਼ਾਦ ਭਾਰਤ ਵਿਚ ਆਜ਼ਾਦ ਗੋਰਖਾਲੈਂਡ" ਦਾ ਨਾਅਰਾ ਲਾਇਆ। ਫਿਰ 1959 ਵਿਚ ਪਾਰਟੀ ਨੇ ਕਿਹਾ ਕਿ ਪਹਿਲਾ ਐਲਾਨ "ਗਲਤੀ" ਸੀ ਅਤੇ ਉਸ ਨੇ ਪਹਿਲੇ ਐਲਾਨ ਵਿਚ ਸੋਧ ਕਰ ਕੇ ਨਵਾਂ ਐਲਾਨ ਕੀਤਾ ਕਿ "ਪਹਾੜੀ ਇਲਾਕਿਆਂ ਨੂੰ ਖੇਤਰੀ ਮੁਖਤਿਆਰੀ ਦਿੱਤੀ ਜਾਵੇ।" ਇਸ ਪਿਛੋਂ ਜਦ ਸਥਾਨਕ ਨਿਪਾਲੀ ਖੁਦ ਆਪਣੇ ਹੱਕਾਂ ਤੋਂ ਸੁਚੇਤ ਹੋ ਗਏ ਅਤੇ ਉਨ੍ਹਾਂ ਨੇ ਨਿਪਾਲੀਆਂ ਦੀਆਂ ਭਾਵਨਾਵਾਂ ਪ੍ਰਗਟ ਕਰਨੀਆਂ ਸ਼ੁਰੂ ਕਰ ਦਿੱਤੀਆਂ ਤਾਂ ਸੀ. ਪੀ. ਆਈ. ਨੇ ਗੋਰਖਿਆਂ ਤੋਂ ਮੂੰਹ ਫੇਰ ਲਿਆ। ਹੁਣ ਉਸ ਨੇ "ਖੇਤਰੀ ਮੁਖਤਾਰੀ" ਦਾ ਸ਼ਬਦ ਵਰਤਣਾ ਵੀ ਛੱਡ ਦਿਤਾ ਅਤੇ ਉਲਟਾ ਇਹ ਕਹਿਣਾ ਸ਼ੁਰੂ ਕਰ ਦਿਤਾ ਕਿ ਖੁਦਮੁਖਤਾਰ ਪਹਾੜੀ ਇਲਾਕਿਆਂ ਵਿਚ ਰਹਿੰਦੇ ਘੱਟ ਗਿਣਤੀ ਦੇ ਲੋਕ ਜਿਵੇਂ ਲੈਪਚਾ, ਭੁਟੀਆ, ਬੰਗਾਲੀ ਤੇ ਹੋਰ ਮੈਦਾਨੀ ਇਲਾਕਿਆਂ ਦੇ ਲੋਕਾਂ ਦੇ ਹੱਕਾਂ ਦੀ ਰਾਖੀ ਕੀਤੀ ਜਾਵੇਗੀ। ਪੱਛਮੀ ਬੰਗਾਲ ਦੀ ਸੀ. ਪੀ. ਐਮ. ਹਕੂਮਤ ਇਸੇ ਵਿਚਾਰ ਨੂੰ ਹੀ ਹੁਣ ਅਗੇ ਤੋਰ ਰਹੀ ਹੈ।

ਇਸੇ ਦੌਰਾਨ ਗੋਰਖਾ ਫਰੰਟ ਦੇ ਨੇਤਾ ਸੁਭਾਸ਼ ਗਿਸਿੰਗ ਦੀ ਸਫਲਤਾ ਉਸ ਦੇ ਆਪਣੇ ਕੁਝ ਗੁਣਾਂ ਕਰਕੇ ਵੀ ਹੈ। ਉਹ ਭੀੜ ਨੂੰ ਆਪਣੇ ਵੱਲ ਖਿੱਚਣ ਨੂੰ ਕਾਫੀ ਮਾਹਰ ਹੈ ਅਤੇ ਆਪਣੇ ਨਿਵੇਕਲੇ ਅੰਦਾਜ਼ ਰਾਹੀਂ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ। "8ਵੀਂ ਗੋਰਖਾ ਰਾਈਫਲ" ਵਿਚੋਂ ਕੱਢਿਆ ਸੁਭਾਸ਼ ਗਿਸਿੰਗ ਗੋਰਖਾ ਨੈਸ਼ਨਲ ਲਿਬਰੇਸ਼ਨ ਫਰੰਟ ਨੂੰ "ਗੋਰਖਾਲੈਂਡ ਦੀ ਫੌਜ" ਆਖਦਾ ਹੈ। ਉਸ ਦੀਆਂ ਦਲੀਲਾਂ ਵੀ ਸਿੱਧੀਆਂ ਸਾਦੀਆਂ ਹੁੰਦੀਆਂ ਹਨ। ਮਿਸਾਲ ਦੇ ਤੌਰ 'ਤੇ ਉਹ ਉਚੀ ਬਾਂਹ ਖੜ੍ਹੀ ਕਰਕੇ ਕਹੇਗਾ : ਬੰਗਾਲੀਆਂ ਕੋਲ ਬੰਗਾਲ ਹੈ, ਗੁਜਰਾਤੀਆਂ ਕੋਲ ਗੁਜਰਾਤ, ਮਨੀਪੁਰੀਆਂ ਕੋਲ ਮਨੀਪੁਰ ਤਾਂ ਕੀ ਗੋਰਖਿਆਂ ਨੂੰ ਗੋਰਖਾਲੈਂਡ ਨਹੀਂ ਮਿਲਣਾ ਚਾਹੀਦਾ?

ਜੇ ਛੋਟੇ ਜਿਹੇ ਸਿੱਕਮ ਵਿਚ 30 ਐਮ. ਐਲ. ਏ. ਹੋ ਸਕਦੇ ਹਨ ਤਾਂ ਉਨ੍ਹਾਂ ਤੋਂ ਆਬਾਦੀ ਵਿਚ ਤਿੰਨ ਗੁਣਾਂ ਵੱਧ ਦਾਰਜੀਲਿੰਗ ਵਿਚ ਕੇਵਲ ਤਿੰਨ ਹੀ ਐਮ. ਐਲ. ਏ. ਕਿਉਂ ਹਨ? ਇਸ ਪਿਛੋਂ ਉਹ ਹਵਾ ਵਿਚ ਆਪਣੀ ਖੁਖਰੀ ਲਹਿਰਾਉਂਦਾ ਹੈ ਅਤੇ ਬੜ੍ਹਕਾਂ ਮਾਰ ਰਹੇ ਆਪਣੇ ਸਮਰਥਕਾਂ ਵਿਚ ਐਲਾਨ ਕਰਦਾ ਹੈ ਕਿ "ਇਹ (ਖੁਖਰੀ) ਹੈ ਉਨ੍ਹਾਂ ਜ਼ੁਲਮਾਂ ਦਾ ਜਵਾਬ ਜੋ ਕੇਂਦਰ ਤੇ ਪੱਛਮੀ ਬੰਗਾਲ ਸਰਕਾਰ ਵਲੋਂ ਸਾਡੇ ਉਤੇ ਢਾਹੇ ਜਾਂਦੇ ਹਨ।

ਗਲੇ ਮਿਲਣ ਨੂੰ ਜੀਅ ਕਰਦੈ ਪਰ ਜੰਦਰੇ ਲਗੇ ਬੂਹਿਆ ਤੇ

ਜਲੰਧਰ — ਜਦੋਂ ਕਿਸੇ ਦੇਸ਼ ਦੀ ਸਰਕਾਰ ਉਥੋਂ ਦੇ ਲੋਕਾਂ ਦੀਆਂ ਆਸਾਂ ਤੇ ਪੂਰੀ ਨਹੀਂ ਉਤਰਦੀ ਤਾਂ ਉਹ ਲੋਕ ਭਾਵਨਾ ਨੂੰ ਦਬਾਉਣ ਲਈ ਅਤਿਆਚਾਰ ਤੇ ਰਾਜਨੀਤੀ ਤੋਂ ਪ੍ਰੇਰਤ ਦੋਸ਼ਾਂ ਦਾ ਸਹਾਰਾ ਲੈਂਦੀ ਹੈ। ਇਹ ਗੱਲ ਭਾਰਤ-ਪਾਕ ਸੀਮਾ ਤੇ ਰੀਟ੍ਰੀਟ ਦੇ ਸਮਾਗਮ ਤੋਂ ਪਿਛੋਂ ਭਾਰਤ-ਪਾਕਿ ਸੀਮਾ ਤੇ ਦੋਵੇਂ ਪਾਸੇ ਖੜੇ ਲੋਕਾਂ ਵਲੋਂ ਆਖੀ ਗਈ। ਪਾਕਿਸਤਾਨ ਦੇ ਇਕ ਸ਼ਹਿਰੀ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਪਰ ਮੱਧਮ ਆਵਾਜ਼ ਨਾਲ ਆਖਿਆ ਕਿ ਜਨਰਲ ਜ਼ਿਆ ਆਪਣੀ ਗੱਦੀ ਨਾਲ ਚੰਬੜਿਆ ਰਹਿਣਾ ਚਾਹੁੰਦਾ ਹੈ ਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਆਪਣੇ ਪੈਰਾਂ ਹੇਠ ਕੁਚਲਣ ਲਈ ਭਾਰਤ ਅਤੇ ਰੂਸ ਉਤੇ ਕੁਮਾਰੀ ਭੁਟੋ ਦੀ ਸਹਾਇਤਾ ਕਰਨ ਦੇ ਦੋਸ਼ ਲਾ ਰਿਹਾ ਹੈ। ਇਸੇ ਤਰ੍ਹਾਂ ਭਾਰਤੀ ਸੀਮਾ ਤੇ ਖੜੇ ਇਕ ਆਦਮੀ ਨੇ ਆਖਿਆ ਕਿ ਭਾਰਤ ਸਰਕਾਰ ਵੀ ਕਈ ਮਨਘੜਤ ਦੋਸ਼ ਲਾ ਰਹੀ ਹੈ ਜਿਨ੍ਹਾਂ ਬਾਰੇ ਉਸ ਪਾਸ ਕੋਈ ਠੋਸ ਸਬੂਤ ਨਹੀਂ ਹਨ। ਕੁਝ ਪਾਕਿਸਤਾਨੀਆਂ ਨੇ ਹੱਥ ਹਿਲਾ ਕੇ ਭਾਰਤੀਆਂ ਨੂੰ ਜੀ ਆਇਆਂ ਆਖਿਆ। ਉਤਰ ਵਿਚ ਭਾਰਤੀਆਂ ਨੇ ਆਪਣੇ ਹੱਥ ਹਿਲਾ ਕੇ ਉਨ੍ਹਾਂ ਨੂੰ ਖੁਸ਼ਆਮਦੀਦ ਕਹੀ ਸੀਮਾ ਤੇ ਇਸ ਤਰ੍ਹਾਂ ਜਾਪਦਾ ਸੀ ਕਿ ਭਾਰਤ-ਪਾਕਿਸਤਾਨ ਕੋਈ ਦੋ ਵੱਖਰੇ ਦੇਸ਼ ਨਹੀਂ ਹਨ ਕੇਵਲ ਇਨ੍ਹਾਂ ਵਿਚ ਲਕੀਰਾਂ ਖਿਚ ਦਿਤੀਆਂ ਗਈਆਂ ਹਨ ਜਿਨ੍ਹਾਂ ਨੂੰ ਇਸ ਆਪਸੀ ਪਿਆਰ ਨਾਲ ਮਿਟਾਉਣਾ ਚਾਹੁੰਦੇ ਹਨ। ਹਿੰਦੁਸਤਾਨ ਸਮਾਚਾਰ ਦੇ ਵਿਸ਼ੇਸ਼ ਪ੍ਰਤੀਨਿਧੀ ਨਾਲ ਭਾਵੇਂ ਪਾਕਿਸਤਾਨੀ ਰੇਜਰਾਂ ਨੇ ਪਾਕਿਸਤਾਨੀ ਸ਼ਹਿਰੀਆਂ ਨੂੰ ਖੁਲ੍ਹ ਕੇ ਗੱਲ ਕਰਨ ਦੀ ਆਗਿਆ ਨਹੀਂ ਦਿਤੀ ਪਰ ਫਿਰ ਵੀ ਪਾਕਿਸਤਾਨੀਆਂ ਨੇ ਭਾਰਤੀ ਲੋਕਾਂ ਲਈ ਆਪਣੀਆਂ ਸ਼ੁਭਕਾਮਨਾਵਾਂ ਪ੍ਰਗਟ ਕਰਦਿਆਂ ਆਖਿਆ ਕਿ ਕਾਸ਼ ਸਾਡੇ ਵਿਚਕਾਰ ਪਈਆਂ ਵਿੱਥਾਂ (ਲਕੀਰਾਂ) ਦੂਰ ਹੋ ਸਕਣ ਤੇ ਫਿਰ ਅਸੀਂ ਇਕ ਦੂਜੇ ਨੂੰ ਘੁਟ ਕੇ ਭਰਾਵਾਂ ਵਾਂਗ ਗਲਵੱਕੜੀ ਪਾ ਸਕੀਏ। ਇਥੇ ਇਹ ਗੱਲ ਵਰਨਣਯੋਗ ਹੈ ਕਿ ਝੰਡਾ ਉਤਾਰਨ ਸਮੇਂ ਰੀਟ੍ਰੀਟ (ਸਲਾਮੀ) ਪਰੇਡ ਹੁੰਦੀ ਹੈ ਤੇ ਫਿਰ ਇਸ ਪਿਛੋਂ ਭਾਰਤ ਤੇ ਪਾਕਿਸਤਾਨ ਵਲੋਂ ਆਏ ਲੋਕ ਸੀਮਾ ਨੂੰ ਦੇਖਣ ਲਈ ਜਾਂਦੇ ਹਨ। ਕੋਈ ਵੀ ਸ਼ਹਿਰੀ ਭਾਰਤ-ਪਾਕਿ ਸੀਮਾ ਤੇ ਖਿਚੀ ਲਕੀਰ ਨੂੰ ਪਾਰ ਨਹੀਂ ਕਰਦਾ। ਪਰ ਬੱਚੇ ਕਿਸੇ ਕਾਨੂੰਨ ਦੀ ਪ੍ਰਵਾਹ ਕੀਤਿਆਂ ਇਸ ਲਕੀਰ ਨੂੰ ਵੀ ਪਾਰ ਕਰ ਜਾਂਦੇ ਹਨ।

ROKKO SAREES & FABRICS
6201 Fraser Street
VANCOUVER
Tel: 327-3033
ਰੋਕੋ ਸਾੜ੍ਹੀਜ਼ ਹਫ਼ਤੇ ਦੇ ਸੱਤੇ ਦਿਨ
ਖੁਲ੍ਹਾ ਰਹਿੰਦਾ ਹੈ


ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ
ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ



ਬਾਰੇ ਸਿੱਖਾਂ ਵਿਚ ਵੱਖ ਵੱਖ ਵਿਚਾਰ ਪਾਏ ਜਾਂਦੇ ਹਨ ਅਤੇ ਇਸ ਕਰਕੇ ਸੁਭਾਵਕ ਹੀ ਸੀ ਕਿ ਵਰਤਮਾਨ ਸੰਕਟ ਅਤੇ ਇਸ ਤੋਂ ਨਿਕਲਣ ਲਈ ਵਖਰੇ ਵਖਰੇ ਸੁਝਾਅ ਹੀ ਸਾਹਮਣੇ ਆਉਂਦੇ। ਸੰਮੇਲਨ ਵਿਚ ਵਿਸ਼ੇਸ਼ ਤੌਰ ਤੇ ਇਹ ਨੁਕਤੇ ਉਭਰਕੇ ਸਾਹਮਣੇ ਆਏ।

(1) ਪੰਜਾਬ ਦੀ ਸਮੱਸਿਆ ਮੁਖ ਤੌਰ ਤੇ ਰਾਜਨੀਤਕ ਹੈ ਅਤੇ ਇਸ ਦੇ ਵੱਖ ਵੱਖ ਪਹਿਲੂ, ਆਰਥਕ, ਸਭਿਆਚਾਰਕ ਅਤੇ ਧਾਰਮਿਕ ਹਨ।

(2) ਸਿੱਖਾਂ ਵਿਚ ਕੇਂਦਰੀ ਸਰਕਾਰ ਦੇ ਪੰਜਾਬ ਤੇ ਖਾਸ ਕਰਕੇ ਸਿੱਖਾਂ ਪ੍ਰਤੀ ਵਿਤਕਰੇ ਵਿਰੁੱਧ ਭਾਰੀ ਰੋਹ ਹੈ।

(3) ਸਿੱਖਾਂ ਨੂੰ ਦੇਸ਼ ਭਰ ਦੇ ਦਬੇ ਕੁਚਲੇ ਲੋਕਾਂ ਅਤੇ ਆਪਣੀ ਪਛਾਣ ਕਾਇਮ ਰਖਣ ਲਈ ਜੂਝ ਰਹੀਆਂ ਹੋਰ ਕੌਮੀਅਤਾਂ ਅਤੇ ਪੰਜਾਬ ਦੇ ਹਿੰਦੂਆਂ ਨੂੰ ਨਾਲ ਲੈ ਕੇ ਸੰਘਰਸ਼ ਕਰਨਾ ਚਾਹੀਦਾ ਹੈ।

(4) ਸਿੱਖਾਂ ਨੂੰ ਵੱਖਰੇ ਰਾਜ ਦੀ ਪ੍ਰਾਪਤੀ ਲਈ ਜਦੋ ਜਹਿਦ ਕਰਨੀ ਚਾਹੀਦੀ ਹੈ।

ਸਿੱਖ ਸਮੱਸਿਆ ਹੈ ਕੀ ਦੇ ਪਹਿਲੇ ਨੁਕਤੇ ਤੇ ਬਹੁਗਿਣਤੀ ਬੁਲਾਰਿਆਂ ਦਾ ਇਹ ਦ੍ਰਿਸ਼ਟੀਕੋਣ ਸੀ ਕਿ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਕਾਂਗਰਸੀ ਨੇਤਾਵਾਂ ਨੇ ਸਿੱਖਾਂ ਨਾਲ ਵਾਇਦੇ ਕੀਤੇ ਸਨ ਕਿ ਉਨ੍ਹਾਂ ਨੂੰ ਖੁਦਮੁਖਤਿਆਰੀ ਦਿਤੀ ਜਾਵੇਗੀ, ਦੇਸ਼ ਦਾ ਫੈਡਰਲ ਢਾਂਚਾ ਹੋਵੇਗਾ ਅਤੇ ਉਨ੍ਹਾਂ ਨੂੰ ਆਰਥਕ ਵਿਕਾਸ ਕਰਨ ਅਤੇ ਆਪਣੀ ਧਾਰਮਿਕ ਅਤੇ ਸਭਿਆਚਾਰਕ ਪਹਿਚਾਣ ਕਾਇਮ ਰਖਣ ਲਈ ਪੂਰੇ ਮੌਕੇ ਮੁਹੱਈਆਂ ਕੀਤੇ ਜਾਣਗੇ। ਪਰ ਬਾਅਦ ਵਿਚ ਕੇਂਦਰੀ ਹੁਕਮਰਾਨਾਂ ਨੇ ਇਹ ਵਾਇਦੇ ਪੂਰੇ ਨਹੀਂ ਕੀਤੇ ਸਗੋਂ ਪੰਜਾਬ ਤੇ ਖਾਸ ਕਰਕੇ ਸਿੱਖਾਂ ਪ੍ਰਤੀ ਵਿਤਕਰੇ ਵਾਲੀ ਨੀਤੀ ਅਪਣਾਈ ਗਈ। ਪੰਜਾਬ ਦਾ ਭਾਸ਼ਾਈ ਪੁਨਰਗਠਨ ਫਿਰਕੂ ਲੀਹਾਂ ਤੇ ਕੀਤਾ ਗਿਆ ਤੇ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰਹਿਣ ਦਿਤੇ। ਪੰਜਾਬ ਦੇ ਕੁਦਰਤੀ ਵਸੀਲਿਆਂ ਦੀ ਲੁਟ ਖਸੁੱਟ ਕੀਤੀ ਗਈ ਅਤੇ ਪੰਜਾਬ ਨੂੰ ਇਕ ਮੰਡੀ ਬਣਾਂ ਦਿਤਾ ਗਿਆ। ਇਸ ਦਾ ਸਨਅਤੀ ਵਿਕਾਸ ਨਾ ਕਰਕੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਮੁਹੱਈਆ ਨਾ ਕੀਤੇ ਗਏ ਤੇ ਪੰਜਾਬੀਆਂ ਨੂੰ ਰੁਜ਼ਗਾਰ ਦੀ ਭਾਲ ਵਿਚ ਦਰ ਦਰ ਭਟਕਣਾ ਪਿਆ।

ਪੰਜਾਬ ਤੇ ਖਾਸਕਰ ਸਿੱਖਾਂ ਦੀ ਧਾਰਮਿਕ ਤੇ ਸਭਿਆਚਾਰਕ ਪਛਾਣ ਨੂੰ ਖਤਮ ਕਰਨ ਲਈ ਇਕ ਤੋਂ ਬਾਅਦ ਕਈ ਵਾਰ ਕੀਤੇ ਗਏ। ਸਮੇਂ ਸਮੇਂ ਸਿੱਖ ਪੰਥ ਨੇ ਇਨ੍ਹਾਂ ਬੇਇਨਸਾਫੀਆਂ ਵਿਰੁਧ ਆਵਾਜ਼ ਉਠਾਈ ਪਰ ਹਰ ਵਾਰ ਕੇਂਦਰੀ ਹੁਕਮਰਾਨਾਂ ਨੇ ਬਦਦਿਆਨਤਦਾਰੀ ਦਾ ਸਬੂਤ ਦਿਤਾ। ਨਵੇਂ ਨਵੇਂ ਵਾਇਦੇ ਕੀਤੇ ਪਰ ਪਿਛੋਂ ਉਨ੍ਹਾਂ ਤੇ ਅਮਲ ਨਾ ਕੀਤਾ ਤੇ ਜੇ ਅਮਲ ਵੀ ਕੀਤਾ ਤਾਂ ਇਸ ਢੰਗ ਨਾਲ ਕਿ ਪੰਜਾਬ ਦੇ ਪੱਲੇ ਕੁਝ ਨਾ ਪਿਆ। ਇਸ ਤੋਂ ਇਲਾਵਾ ਸੰਘਰਸ਼ ਕਰਦੇ ਸਿੱਖਾਂ ਨੂੰ ਜਬਰ ਦਾ ਨਿਸ਼ਾਨਾ ਬਣਾਇਆ ਗਿਆ।

ਦੂਜੀ ਗੱਲ ਜੋ ਉਭਰਕੇ ਸਾਹਮਣੇ ਆਈ, ਉਹ ਇਹ ਹੈ ਕਿ ਕੇਂਦਰੀ ਹੁਕਮਰਾਨਾਂ ਦੇ ਉਪਰੋਕਤ ਵਿਤਕਰਿਆਂ ਵਿਰੁਧ ਤੇ ਉਸ ਦੀ ਜਬਰ ਵਾਲੀ ਨੀਤੀ ਵਿਰੁਧ ਅਜੇ ਤਕ ਸਿੱਖਾਂ ਵਿਚ ਭਾਰੀ ਰੋਹ ਪਾਇਆ ਜਾ ਰਿਹਾ ਹੈ। ਜੇਕਰ ਕੇਂਦਰੀ ਸਰਕਾਰ ਨੇ ਸਮੇਂ ਦੀ ਨਜ਼ਾਕਤ ਨੂੰ ਪਹਿਚਾਣਕੇ ਸਹੀ ਰਾਹ ਅਖਤਿਆਰ ਨਾ ਕੀਤਾ ਤੇ ਜਬਰ ਦਾ ਰੁਖ ਅਪਣਾਈ ਰਖਿਆ ਤਾਂ ਇਹ ਰੋਹ ਸ਼ਾਂਤ ਨਹੀਂ ਹੋਵੇਗਾ ਸਗੋਂ ਇਹ ਰੋਹ ਜਿਥੇ ਪੰਜਾਬ ਨੂੰ ਉਬਲਦਾ ਰਖੇਗਾ, ਉਥੇ ਸਮੁੱਚਾ ਦੇਸ਼ ਵੀ ਚੈਨ ਨਾਲ ਨਹੀਂ ਰਹਿ ਸਕੇਗਾ। ਇਸ ਲਈ ਸਿੱਖ ਜਜ਼ਬਾਤ ਨੂੰ ਸਮਝਕੇ ਉਨ੍ਹਾਂ ਦੀਆਂ ਜਾਇਜ਼ ਸ਼ਿਕਾਇਤਾਂ ਨੂੰ ਦੂਰ ਕਰਨਾ ਬਹੁਤ ਹੀ ਜ਼ਰੂਰੀ ਹੈ।

ਸੰਮੇਲਨ ਵਿਚ ਤੀਜੀ ਗੱਲ ਜੋ ਉਭਰਕੇ ਸਾਹਮਣੇ ਆਈ ਹੈ, ਉਹ ਇਹ ਹੈ ਕਿ ਇੰਨਾ ਕੁਝ ਹੋ ਗੁਜ਼ਰਨ ਤੋਂ ਬਾਅਦ ਵੀ ਬਹੁਗਿਣਤੀ ਸਿੱਖ ਭਾਈਚਾਰਾ ਹਿੰਦੁਸਤਾਨ ਨਾਲੋਂ ਟੁਟਕੇ ਵੱਖ ਹੋਣ ਲਈ ਤਿਆਰ ਨਹੀਂ ਹੈ। ਉਹ ਇਸ ਦੇਸ਼ ਵਿਚ ਰਹਿਕੇ ਪੰਜਾਬ ਦੀ ਲੁਟ ਖਸੁੱਟ ਖਤਮ ਕਰਾਉਣ ਚਾਹੁੰਦਾ ਹੈ। ਆਪਣੀ ਰਾਜਨੀਤਕ ਧਾਰਮਿਕ ਤੇ ਸਭਿਆਚਾਰਕ ਪਹਿਚਾਣ ਕਾਇਮ ਰੱਖਣੀ ਚਾਹੁੰਦਾ ਹੈ ਇਸ ਕਾਜ ਲਈ ਉਹ ਪੰਜਾਬ ਦੇ ਹਿੰਦੂਆਂ ਸਮੇਤ ਦੇਸ਼ ਦੇ ਹੋਰ ਦਬੇ ਕੁਚਲੇ ਲੋਕਾਂ ਤੇ ਕੌਮੀਅਤਾਂ ਨੂੰ ਨਾਲ ਲੈਣ ਦਾ ਇਛਕ ਹੈ। ਇਹ ਵਰਗ ਮਹਿਸੂਸ ਕਰਦਾ ਹੈ ਕਿ ਕੇਂਦਰੀ ਸਰਕਾਰ ਨੇ ਕੂਟਨੀਤੀ ਤੇ ਗਲਤ ਪ੍ਰਚਾਰ ਕਰਨ ਨਾਲ ਪਹਿਲਾਂ ਸਿੱਖਾਂ ਵਿਚ ਫੁੱਟ ਪਾਈ ਅਤੇ ਫਿਰ ਸਿੱਖਾਂ ਦੇ ਕੇਂਦਰ ਵਿਰੋਧੀ ਸੰਘਰਸ਼ ਨੂੰ ਹਿੰਦੂਆਂ ਤੇ ਸਿੱਖਾਂ ਦੀ ਆਪਸੀ ਟੱਕਰ ਵਿਚ ਬਦਲ ਦਿਤਾ। ਦੇਸ਼ ਭਰ ਦੇ ਹਿੰਦੂਆਂ ਨੂੰ ਸਿੱਖਾਂ ਵਿਰੁੱਧ ਭੜਕਾਕੇ ਰਾਜਨੀਤਕ ਲਾਭ ਉਠਾਇਆ ਗਿਆ ਤੇ ਸਿੱਖਾਂ ਨੂੰ ਦੇਸ਼ ਭਰ ਵਿਚ ਬਦਨਾਮ ਕਰਕੇ ਉਨ੍ਹਾਂ ਨੂੰ ਅਸੁਰੱਖਿਅਤ ਕਰ ਦਿਤਾ। ਇਹ ਵਰਗ ਮਹਿਸੂਸ ਕਰਦਾ ਹੈ ਕਿ ਦੇਸ਼ ਦੇ ਲੋਕਾਂ ਵਿਚ ਕੇਂਦਰੀ ਸਰਕਾਰ ਦੇ ਪ੍ਰਚਾਰ ਸਾਧਨਾਂ ਕਾਰਨ ਪੈਦਾ ਹੋਈਆਂ ਗਲਤਫਹਿਮੀਆਂ ਨੂੰ ਦੂਰ ਕਰਕੇ ਆਪਣੇ ਸੰਘਰਸ਼ ਦੀ ਸਫਲਤਾ ਲਈ ਉਨ੍ਹਾਂ ਦੀ ਹਮਾਇਤ ਲੈਣੀ ਚਾਹੀਦੀ ਹੈ।

ਸਿੱਖ ਸੰਮੇਲਨ ਵਿਚ ਚੌਥਾ ਨੁਕਤਾ ਉਭਾਰਨ ਵਾਲਾ ਵਧੇਰੇ ਕਰਕੇ ਨੌਜਵਾਨ ਵਰਗ ਸੀ ਜਿਹੜਾ ਕਿ ਜਬਰ ਦਾ ਮੁਖ ਤੌਰ ਤੇ ਸ਼ਿਕਾਰ ਹੋਇਆ ਹੈ। ਇਸ ਵਰਗ ਨੂੰ ਕੇਂਦਰੀ ਸਰਕਾਰ ਅਤੇ ਸਿੱਖ ਲੀਡਰਸ਼ਿਪ ਤੇ ਕੋਈ ਯਕੀਨ ਨਹੀਂ ਹੈ ਅਤੇ ਇਹ ਵਰਗ ਦੇਸ਼ ਤੋਂ ਵੱਖ ਹੋ ਕੇ ਵੱਖਰੇ ਰਾਜ ਵਿਚ ਹੀ ਸਿੱਖ ਮੁਸ਼ਕਲਾਂ ਦਾ ਹੱਲ ਦੇਖਦਾ ਹੈ। ਪਰ ਇਸਦੇ ਬਾਵਜੂਦ ਇਹ ਵਰਗ ਹੁਣ ਆਪਣੇ ਵਿਰੋਧੀ ਵਿਚਾਰਾਂ ਵਾਲਿਆਂ ਦੀ ਗੱਲ ਸੁਣਕੇ, ਉਹਨਾਂ ਨਾਲ ਮਿਲ ਬੈਠਕੇ ਵਿਚਾਰ ਕਰਨ, ਉਹਨਾਂ ਨੂੰ ਕਾਇਲ ਕਰਨ ਜਾਂ ਕਾਇਲ ਹੋਣ ਲਈ ਤਰਕਸ਼ੀਲ ਹੋਣ ਦੇ ਸੰਕੇਤ ਦੇ ਰਿਹਾ ਹੈ।

ਇਨ੍ਹਾਂ ਮੁਖ ਨੁਕਤਿਆਂ ਤੋਂ ਇਲਾਵਾ ਕੁਝ ਹੋਰ ਗੱਲਾਂ ਜਿਹੜੀਆਂ ਸਾਹਮਣੇ ਆਈਆਂ ਉਹ ਇਹ ਹਨ ਕਿ ਪੰਜਾਬ ਤੋਂ ਬਾਹਰਲੇ ਸਿੱਖ ਇਹ ਚਾਹੁੰਦੇ ਹਨ ਕਿ ਪੰਜਾਬ ਦੇ ਸਿੱਖ ਆਪਣੀ ਨੀਤੀ ਤਹਿ ਕਰਨ ਸਮੇਂ ਉਹਨਾਂ ਦੇ ਹਿਤਾਂ ਦਾ ਵੀ ਖਿਆਲ ਕਰਨ ਸੰਮੇਲਨ ਵਿਚ ਬੇਕਸੂਰ ਲੋਕਾਂ ਦੇ ਕਤਲ ਕਰਨ ਦੀ ਵੱਖ ਵੱਖ ਬੁਲਾਰਿਆਂ ਨੇ ਸਖਤ ਨਿੰਦਾ ਕੀਤੀ ਅਤੇ ਇਸ ਨੂੰ ਸਿੱਖ ਪਰੰਪਰਾਵਾਂ ਤੇ ਅਕੀਦਿਆਂ ਦੇ ਵਿਰੁਧ ਦੱਸਿਆ। ਕੁਝ ਬੁਲਾਰਿਆਂ ਨੇ ਸਿੱਖ ਇਤਿਹਾਸ ਵਿਚੋਂ ਮਿਸਾਲਾਂ ਦੇ ਕੇ ਦਸਿਆ ਕਿ ਸਿੱਖ ਲੜਾਈਆਂ ਵਿਚ ਮੈਦਾਨੋਂ ਭੱਜ ਜਾਣ ਵਾਲਿਆਂ ਤੇ ਵਾਰ ਕਰਨਾ ਵੀ ਗਲਤ ਸਮਝਦੇ ਰਹੇ ਹਨ। ਇਸ ਲਈ ਬੇਦੋਸ਼ਿਆਂ ਤੇ ਹੱਥ ਚੁਕਣਾ ਕਿਸੇ ਵੀ ਤਰ੍ਹਾਂ ਸਿੱਖ ਵਿਚਾਰਧਾਰਾ ਦੇ ਵਿਕਾਸ ਲਈ ਠੀਕ ਨਹੀਂ ਹੈ ਸਗੋਂ ਇਹ ਸਿੱਖ ਵਿਚਾਰਧਾਰਾ ਨੂੰ ਨੁਕਸਾਨ ਪਹੁੰਚਾਉਂਦਾ ਹੈ। ਸੰਮੇਲਨ ਵਿਚ ਬੁਲਾਰਿਆਂ ਨੇ ਸਿੱਖ ਭਾਈਚਾਰੇ ਵਿਚ ਗੁਰਮਤ ਸਿਧਾਂਤਾਂ ਨੂੰ ਵਿਸਾਰਨ ਅਤੇ ਮਨਮਤ ਧਾਰਨ ਕਰਨ ਦੇ ਆ ਰਹੇ ਰੁਝਾਨਾਂ ਦੀ ਸਖਤ ਆਲੋਚਨਾ ਕੀਤੀ ਅਤੇ ਵਰਤਮਾਨ ਸੰਕਟ ਦਾ ਇਕ ਕਾਰਨ ਇਹ ਵੀ ਮੰਨਿਆ ਗਿਆ ਕਿ ਅਸੀਂ ਗੁਰੂਆਂ ਦੇ ਮਾਰਗ ਤੋਂ ਭਟਕ ਗਏ ਹਾਂ।

ਸੰਮੇਲਨ ਵਿਚ ਜੋਧਪੁਰ ਦੇ ਬੰਦੀਆਂ ਨੂੰ ਰਿਹਾਅ ਕਰਨ, ਫੌਜੀਆਂ ਨੂੰ ਬਹਾਲ ਕਰਨ, ਨੌਜਵਾਨਾਂ ਨੂੰ ਝੂਠੇ ਪੁਲਸ ਮੁਕਾਬਲੇ ਬਣਾ ਕੇ ਮਾਰਨ ਦਾ ਸਖਤ ਵਿਰੋਧ ਕੀਤਾ ਗਿਆ ਅਤੇ ਕੇਂਦਰੀ ਸਰਕਾਰ ਤੇ ਜ਼ੋਰ ਦਿਤਾ ਗਿਆ ਕਿ ਉਹ ਸੰਘਰਸ਼ ਕਰ ਰਹੀਆਂ ਸਭ ਧਿਰਾਂ ਖਾਸ ਕਰਕੇ ਸਿੱਖ ਨੌਜਵਾਨਾਂ ਨਾਲ ਗਲਬਾਤ ਕਰਕੇ ਮਸਲੇ ਦਾ ਸਿਆਸੀ ਹੱਲ ਲੱਭੇ।

ਸੰਮੇਲਨ ਵਿਚ ਪੰਜਾਬੀ ਹਿੰਦੂਆਂ ਨੂੰ ਪੰਜਾਬ ਦੀ ਮੁਖਧਾਰਾ ਵਿਚ ਸ਼ਾਂਮਲ ਹੋਣ ਅਤੇ ਪੰਜਾਬ ਨੂੰ ਛੱਡਕੇ ਨਾ ਜਾਣ ਲਈ ਵੀ ਆਖਿਆ ਗਿਆ। ਪੰਜਾਬ ਤੋਂ ਬਾਹਰਲੇ ਸਿੱਖਾਂ ਦੀ ਸੁਰੱਖਿਆ ਦੀ ਮੰਗ ਕੀਤੀ ਗਈ।

ਸਿੱਖ ਸਮੱਸਿਆ ਦਾ ਜਾਇਜ਼ਾ ਲੈਣ ਅਤੇ ਭਵਿਖ ਲਈ ਦਿਸ਼ਾ ਨਿਰਧਾਰਤ ਕਰਨ ਅਤੇ ਸਵੈ ਪੜਚੋਲ ਕਰਨ ਦਾ ਭਾਵੇਂ ਇਹ ਪਹਿਲਾ ਯਤਨ ਸੀ ਪਰ ਫਿਰ ਵੀ ਇਸ ਨੂੰ ਭਰਵਾ ਹੁੰਗਾਰਾ ਮਿਲਿਆ। ਪ੍ਰਬੰਧਕ ਇਸ ਆਗਾਜ਼ ਲਈ ਵਧਾਈ ਦੇ ਪਾਤਰ ਹਨ। ਜੇ ਇਹ ਯਤਨ ਅਗੇ ਜਾਰੀ ਰਹੇ ਤਾਂ ਇਹ ਸਿੱਖ ਭਾਈਚਾਰੇ ਨੂੰ ਦਿਸ਼ਾ ਪ੍ਰਦਾਨ ਕਰਨ 'ਚ ਆਪਣਾ ਯੋਗਦਾਨ ਜ਼ਰੂਰ ਪਾ ਸਕਣਗੇ।


THINKING OF BUYING or SELLING
(RESIDENTIAL, COMMERCIAL, FARMS & INDUSTRIAL)

L/R
Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE





NIRMAL (NEIL) DHALIWAL
Bus: 588-9955 Res: 597-2069

I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully.



BHANDAL DRYWALL LTD.

3397 Kingsway, Vancouver, B.C.

Ph. 430-5011



Vice President
Karnail S. Bhandal

President
Jarnail S. Bhandal M.A.

ਕੇਂਦਰ ਪੰਜਾਬ ਮਸਲੇ ਦੀ ਹੱਲ ਲਈ ਵੱਖ ਵੱਖ ਸਿਖ ਜਥੇਬੰਦੀਆਂ ਨੂੰ ਵਾਰਤਾ ਸੱਦਾ ਦੇਵੇ — ਕੈਪਟਨ

ਚੰਡੀਗੜ੍ਹ — ਵੱਲ ਹੋਏ ਅਕਾਲੀ ਵਿਧਾਇਕ ਦਲ ਦੇ ਨੇਤਾ ਨੇ ਕੇਂਦਰ ਨੂੰ ਕਿਹਾ ਕਿ ਉਹ ਪੰਜਾਬ ਮਸਲੇ ਦੇ ਹੱਲ ਲਈ ਵੱਖ ਵੱਖ ਜਥੇਬੰਦੀਆਂ ਨੂੰ ਗਲਬਾਤ ਲਈ ਸੱਦੇ। ਇਥੇ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਵਿਧਾਇਕ ਦਲ ਦੇ ਨੇਤਾ ਕੈਪਟਨ ਅਮਰਿੰਦਰ ਸਿੰਘ, ਪਾਰਟੀ ਦੇ ਜਨਰਲ ਸਕੱਤਰ ਸ: ਸੁਖਦੇਵ ਸਿੰਘ ਢੀਂਡਸਾ ਅਤੇ ਪਾਰਟੀ ਦੇ ਮੀਤ ਪ੍ਰਧਾਨ ਸ: ਕੁਲਦੀਪ ਸਿੰਘ ਵਡਾਲਾ ਨੇ ਕਿਹਾ ਕਿ ਗੱਲਬਾਤ ਲਈ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ, ਦਮਦਮੀ ਟਕਸਾਲ ਅਤੇ ਹੋਰ ਧਾਰਮਿਕ ਤੇ ਸਿਆਸੀ ਜਥੇਬੰਦੀਆਂ ਨੂੰ ਸੱਦਾ ਦਿੱਤਾ ਜਾਵੇ। ਇਹ ਪੁਛੇ ਜਾਣ ਤੇ ਕਿ ਉਹ ਦਹਿਸ਼ਤਗਰਦਾਂ ਦੇ ਗਰੋਹਾਂ ਨੂੰ ਵੀ ਗਲਬਾਤ ਵਿਚ ਸ਼ਾਮਲ ਕਰਨ ਦੇ ਇੱਛਕ ਹਨ ਤਾਂ ਉਨ੍ਹਾਂ ਕਿਹਾ ਕਿ ਜੇ ਕੇਂਦਰ ਕਸ਼ੀਦਗੀ ਭਰੇ ਪੰਜਾਬ ਵਿਚ ਅਮਨ ਬਹਾਲ ਕਰਨਾ ਚਾਹੁੰਦਾ ਹੈ ਤਾਂ ਉਨ੍ਹਾਂ ਦੇ ਵਿਚਾਰ ਵੀ ਲਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਜੇ ਹਿੰਦੂ ਖਾੜਕੂ ਜਥੇਬੰਦੀਆਂ ਨੂੰ ਵੀ ਗੱਲਬਾਤ ਵਿਚ ਸ਼ਾਮਲ ਕੀਤਾ ਜਾਵੇ ਤਾਂ ਵੀ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਉਕਤ ਨੇਤਾਵਾਂ ਨੇ ਕਿਹਾ ਕਿ ਕੇਂਦਰ ਨੂੰ ਨਾਗਾਲੈਂਡ ਅਤੇ ਮਿਜ਼ੋਰਮ ਵਿਚ ਵੱਖਵਾਦੀ ਧੜਿਆਂ ਨਾਲ ਗੱਲਬਾਤ ਪਿਛੋਂ ਸਮਝੌਤੇ ਕਰਨ ਅਤੇ ਪੰਜਾਬ ਵਿਚ ਖਾੜਕੂ ਜਥੇਬੰਦੀਆਂ ਦੀ ਹੋਂਦ ਨੂੰ ਸਵੀਕਾਰਨ ਤੋਂ ਇਨਕਾਰੀ ਹੋਣ ਦੀ ਦੋਗਲੀ ਨੀਤੀ ਤੇ ਨਹੀਂ ਚਲਣਾ ਚਾਹੀਦਾ ਉਨ੍ਹਾਂ ਕਿਹਾ ਕਿ ਘੱਟੋ ਘੱਟ ਇਨ੍ਹਾਂ ਦੇ ਵਿਚਾਰ ਵੀ ਜਾਣਨੇ ਚਾਹੀਦੇ ਹਨ। ਵੱਖਰੇ ਹੋਏ ਧੜੇ ਦੇ ਨੇਤਾਵਾਂ ਨੇ ਦਾਅਵਾ ਕੀਤਾ ਕਿ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਹੁਣ ਪੰਜਾਬ ਦੇ ਲੋਕਾਂ ਦੀ ਪ੍ਰਤੀਨਿਧਤਾ ਨਹੀਂ ਕਰਦੇ। ਤੇ ਉਨ੍ਹਾਂ ਨਾਲ ਹੋਏ ਕਿਸੇ ਵੀ ਸਮਝੌਤੇ ਨੂੰ ਰਾਜ ਦੇ ਲੋਕਾਂ ਦੀ ਹਮਾਇਤ ਹਾਸਲ ਨਹੀਂ ਹੋਵੇਗੀ।

ਉਨ੍ਹਾਂ ਕਿਹਾ ਕਿ ਤਾਕਤ ਦੀ ਵਰਤੋਂ ਨਾਲ ਦਹਿਸ਼ਤਗਰਦੀ ਨੂੰ ਥੋੜ੍ਹੇ ਸਮੇਂ ਲਈ ਦਬਾਇਆ ਤਾਂ ਜਾ ਸਕਦਾ ਹੈ ਪਰ ਇਸ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਪਹਿਲਾਂ ਨਾਲੋਂ ਵੀ ਸ਼ਕਤੀਸ਼ਾਲੀ ਹੋ ਕੇ ਉਭਰੇਗਾ। ਸ: ਅਮਰਿੰਦਰ ਸਿੰਘ ਨੇ ਕਿਹਾ ਕਿ 'ਤੁਸੀਂ ਇਕ ਨੂੰ ਮਾਰ ਦਿਉ, ਅਗਲੇ ਦਿਨ ਕਈ ਹੋਰ ਜੰਮ ਪੈਣਗੇ।' ਉਨ੍ਹਾਂ ਕਿਹਾ ਕਿ ਮਸਲੇ ਦਾ ਹਲ ਤਾਂ ਸਿਆਸੀ ਤੌਰ ਤੇ ਹੀ ਨਿਕਲੇਗਾ। ਉਨ੍ਹਾਂ ਨੇ ਬਰਨਾਲਾ ਸਰਕਾਰ ਨੂੰ ਪੂਰੀ ਤਰ੍ਹਾਂ ਨਿਕੰਮੀ ਸਰਕਾਰ ਕਿਹਾ ਜੋ ਰਾਜ ਦੇ ਹਿੱਤਾਂ ਦੀ ਰਾਖੀ ਨਹੀਂ ਕਰ ਸਕੀ। ਉਨ੍ਹਾਂ ਨੇ ਸਰਕਾਰੀ ਕਰਮਚਾਰੀਆਂ ਦੇ ਤਬਾਦਲਿਆਂ, ਨਿਯੁਕਤੀਆਂ ਅਤੇ ਤਰੱਕੀਆਂ ਵਿਚ ਕਈ ਮੰਤਰੀਆਂ ਤੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲਾਏ। ਵੱਖ ਹੋਏ ਅਕਾਲੀ ਨੇਤਾ ਪਿਛੋਂ ਸ਼ਿਮਲਾ ਰਵਾਨਾ ਹੋ ਗਏ ਜਿਥੇ ਉਹ ਪੰਜਾਬ ਦੇ ਰਾਜਪਾਲ ਸ੍ਰੀ ਐਸ. ਐਸ. ਰੇਅ ਨੂੰ ਇਕ ਮੰਗ ਪੱਤਰ ਦੇਣਗੇ। ਸ੍ਰੀ ਰੇਅ ਸ਼ਿਮਲਾ ਗਏ ਹੋਏ ਹਨ। ਮੰਗ ਪੱਤਰ ਅਕਾਲੀ ਨੇਤਾਵਾਂ ਨੇ ਗਵਰਨਰ ਨੂੰ ਕਿਹਾ ਕਿ ਉਹ ਰਾਜ ਦੀ ਸਥਿਤੀ ਨੂੰ ਹੋਰ ਵਿਗੜਣ ਤੋਂ ਬਚਾਉਣ। ਦਮਦਮੀ ਟਕਸਾਲ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਹੋਰ ਸਿਆਸੀ ਪਾਰਟੀਆਂ ਨਾਲ ਇਸ ਆਧਾਰ ਤੇ ਗੱਲਬਾਤ ਤੋਂ ਨਾਂਹ ਕਰਨ ਤੋਂ ਕਿ ਇਹ ਖਾੜਕੂ ਜਥੇਬੰਦੀਆਂ ਹਨ, ਸਿੱਧ ਹੁੰਦਾ ਹੈ ਕਿ ਕੇਂਦਰ ਸਰਕਾਰ ਦੋਹਰੇ ਮਿਆਰ ਵਰਤ ਰਹੀ ਹੈ। ਇਸ ਗੱਲ ਤੇ ਸਹਿਮਤੀ ਪ੍ਰਗਟ ਕਰਦਿਆਂ ਕਿ ਅਮਨ ਕਾਨੂੰਨ ਜ਼ਰੂਰ ਬਹਾਲ ਹੋਣਾ ਚਾਹੀਦਾ ਹੈ। ਮੈਮੋਰੰਡਮ ਵਿਚ ਕਿਹਾ ਗਿਆ ਹੈ ਕਿ ਬੀ. ਐਸ. ਐਫ. ਅਤੇ ਕੇਂਦਰੀ ਰੀਜ਼ਰਵ ਪੁਲਸ ਇਨਸਾਫ ਦੇ ਹਰ ਨਿਯਮ ਦੀਆਂ ਬੁਰੀ ਤਰ੍ਹਾਂ ਧਜੀਆਂ ਉਡਾ ਰਹੀਆਂ ਹਨ। ਜੇ ਕੋਈ ਕਾਨੂੰਨ ਤੋੜੇ, ਉਸ ਨੂੰ ਫੜ ਕੇ ਮੁਕੱਦਮਾ ਚਲਾਇਆ ਜਾਵੇ ਅਤੇ ਜੇ ਦੋਸ਼ੀ ਪਾਇਆ ਜਾਵੇ ਤਾਂ ਉਸ ਨੂੰ ਸਜ਼ਾ ਦੇਣੀ ਚਾਹੀਦੀ ਹੈ।

ਅੰਮ੍ਰਿਤਸਰ ਦੇ ਅੱਧੀ ਦਰਜਨ ਉਚ ਅਫਸਰਾਂ ਦੇ ਗ੍ਰਿਫਤਾਰੀ ਵਾਰੰਟ

ਅੰਮ੍ਰਿਤਸਰ — ਅੰਮ੍ਰਿਤਸਰ ਦੇ ਜੁਡੀਸ਼ਲ ਮੈਜਿਸਟਰੇਟ ਸ੍ਰੀ ਐਮ. ਐਮ. ਅਗਰਵਾਲ ਦੀ ਅਦਾਲਤ ਤੋਂ ਅੱਧੀ ਦਰਜਨ ਦੇ ਕਰੀਬ ਗਜ਼ਟਿਡ ਅਫਸਰਾਂ ਦੇ ਜ਼ਮਾਨਤੀ ਵਾਰੰਟ ਗ੍ਰਿਫਤਾਰੀ ਜਾਰੀ ਕੀਤੇ ਗਏ ਹਨ। ਇਨ੍ਹਾਂ ਵਿਚ ਦੋ ਅਫਸਰ ਸ੍ਰੀ ਬਿਕਰਮਜੀਤ ਸਿੰਘ ਆਈ. ਏ. ਐਸ. ਸਾਬਕ ਏ. ਡੀ. ਸੀ. ਅੰਮ੍ਰਿਤਸਰ ਜੋ ਇਸ ਵੇਲੇ ਰੀਜਨਲ ਮੈਨੇਜਰ ਐਫ. ਸੀ. ਆਈ. ਚੰਡੀਗੜ੍ਹ ਲੱਗੇ ਹੋਏ ਹਨ, ਨੂੰ ਦੋ ਹਜ਼ਾਰ ਰੁਪਏ ਦੀ ਜ਼ਮਾਨਤ ਤੇ ਰਿਹਾਅ ਕਰ ਦਿਤਾ ਗਿਆ। ਇਨ੍ਹਾਂ ਤੋਂ ਇਲਾਵਾ ਸ੍ਰੀ ਜੇ. ਡੀ. ਖੰਨਾ ਸਾਬਕਾ ਕਮਿਸ਼ਨਰ ਜਲੰਧਰ ਡਿਵੀਜ਼ਨ ਅਤੇ ਸ੍ਰੀ ਜੇ. ਐਸ. ਮੈਨੀ ਆਈ. ਏ. ਐਸ. ਸਾਬਕਾ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਸ੍ਰੀ ਐਸ. ਕੇ. ਸਿਨਹਾ ਆਈ. ਏ. ਐਸ. ਡਿਪਟੀ ਕਮਿਸ਼ਨਰ ਪਟਿਆਲਾ ਦੇ ਜ਼ਮਾਨਤੀ ਵਾਰੰਟ ਵੀ ਜਾਰੀ ਹਨ। ਇਹ ਵਾਰੰਟ ਸ੍ਰੀ ਹਰੀ ਸਿੰਘ ਠਾਕੁਰ ਪ੍ਰਧਾਨ ਚੌਥਾ ਦਰਜਾ ਸਰਕਾਰੀ ਕਰਮਚਾਰੀ ਯੂਨੀਅਨ ਵਲੋਂ ਦਾਇਰ ਮਾਮਲੇ ਵਿਚ ਜਾਰੀ ਕੀਤੇ ਗਏ ਹਨ। ਇਸ ਸ਼ਿਕਾਇਤ ਵਿਚ ਸ੍ਰੀ ਠਾਕੁਰ ਨੇ ਦੋਸ਼ ਲਾਇਆ ਹੈ ਕਿ ਇਨ੍ਹਾਂ ਅਫਸਰਾਂ ਨੇ ਉਨ੍ਹਾਂ ਨੂੰ ਪਾਗਲ ਜ਼ਾਹਿਰ ਕਰਕੇ ਐਮਰਜੈਂਸੀ ਦੌਰਾਨ ਭਾਰੀ ਮੁਸ਼ਕਲਾਂ ਵਿਚ ਪਾਇਆ। ਇਸ ਸਬੰਧ ਵਿਚ ਇਹ ਗੱਲ ਦਿਲਚਸਪ ਹੈ ਕਿ ਸ੍ਰੀ ਠਾਕੁਰ ਨੇ ਸਵਰਗੀ ਗਿਆਨੀ ਬਚਨ ਸਿੰਘ ਰਿਟਾਇਰਡ ਡੀ. ਐਸ. ਪੀ. ਦੇ ਵਾਰੰਟ ਵੀ ਜਾਰੀ ਕਰਵਾਏ ਸਨ। ਅਦਾਲਤ ਵਿਚ ਕਿਹਾ ਗਿਆ ਕਿ ਗਿਆਨੀ ਬਚਨ ਸਿੰਘ ਤਾਂ ਕਤਲ ਹੋ ਚੁਕੇ ਹਨ ਇਸ ਤੇ ਸ੍ਰੀ ਠਾਕੁਰ ਨੇ ਇਹ ਦਰਖਾਸਤ ਦਿਤੀ ਕਿ ਐਸ. ਐਸ. ਪੀ. ਤੋਂ ਇਸ ਬਾਰੇ ਪੁਸ਼ਟੀ ਕਰਵਾਈ ਜਾਏ ਕਿ ਵਾਕਈ ਉਨ੍ਹਾਂ ਦਾ ਕਤਲ ਹੋ ਚੁਕਾ ਹੈ। ਸ੍ਰੀ ਜੇ ਡੀ ਖੰਨਾ ਸਾਬਕਾ ਕਮਿਸ਼ਨਰ ਸਬੰਧੀ ਸ੍ਰੀ ਹਰੀ ਸਿੰਘ ਨੇ ਅਦਾਲਤ ਨੂੰ ਦੱਸਿਆ ਕਿ ਉਹ ਪਾਂਡੀਚਰੀ ਦੇ ਇਕ ਆਸ਼ਰਮ ਵਿਚ ਰਹਿ ਰਹੇ ਹਨ।

ਸ੍ਰੀਲੰਕਾ ਫੌਜ ਵਲੋਂ ਤਾਮਿਲ ਲੋਕਾਂ ਤੇ ਵੱਡੀ ਪੱਧਰ 'ਤੇ ਅਤਿਆਚਾਰ

ਨਿਊਯਾਰਕ — ਪ੍ਰਮੁਖ ਅਮਰੀਕੀ ਅਖਬਾਰ 'ਨਿਊਯਾਰਕ ਟਾਈਮਜ਼' ਅਨੁਸਾਰ ਸ੍ਰੀ ਲੰਕਾ ਦੀ ਫੌਜ ਵਲੋਂ ਤਾਮਿਲਾਂ ਤੇ ਘਰ ਅਤਿਆਚਾਰ ਅਤੇ ਤਸ਼ੱਦਦ ਕੀਤੇ ਜਾ ਰਹੇ ਹਨ ਅਤੇ ਪਿਛਲੇ ਕੁਝ ਸਾਲਾਂ ਵਿਚ ਘਟੋ ਘਟ ਅਜਿਹੇ 250 ਤਾਮਿਲਾਂ ਦਾ ਪਤਾ ਨਹੀਂ ਲਗ ਰਿਹਾ ਜਿਨ੍ਹਾਂ ਨੂੰ ਫੌਜ ਵਲੋਂ ਹਿਰਾਸਤ ਵਿਚ ਲਿਆ ਗਿਆ ਸੀ। ਨਿਊਯਾਰਕ ਟਾਈਮਜ਼ ਨੇ ਸ੍ਰੀਲੰਕਾ ਤੋਂ ਮਿਲੀ ਇਕ ਸੂਚਨਾ ਦੇ ਆਧਾਰ ਤੇ ਲਿਖਿਆ ਹੈ ਕਿ ਸ੍ਰੀਲੰਕਾ ਵਿਚ ਲਗਪਗ 3000 ਵਿਅਕਤੀਆਂ ਨੂੰ ਐਮਰਜੈਂਸੀ ਦੇ ਨਿਯਮਾਂ ਅਧੀਨ ਜੇਲ੍ਹਾਂ ਵਿਚ ਰਖਿਆ ਹੋਇਆ ਹੈ, ਉਨ੍ਹਾਂ ਤੇ ਭਾਰੀ ਤਸ਼ੱਦਦ ਕੀਤਾ ਜਾ ਰਿਹਾ ਹੈ। ਪੁਲਸ, ਫੌਜ ਅਤੇ ਹੋਮਗਾਰਡ ਨੂੰ ਅਤਿਵਾਦ-ਵਿਰੋਧੀ ਨਵੇਂ ਕਾਨੂੰਨ ਅਧੀਨ ਵਿਆਪਕ ਅਧਿਕਾਰ ਦਿਤੇ ਗਏ ਹਨ ਜਿਸ ਕਾਰਨ ਤਲਾਸ਼ੀਆਂ ਤੇ ਤਸ਼ੱਦਦ ਦਾ ਚੱਕਰ ਤੇਜ਼ ਹੋ ਗਿਆ ਹੈ। ਅਖਬਾਰ ਅਨੁਸਾਰ ਸ੍ਰੀਲੰਕਾ ਸਰਕਾਰ ਇਸ ਗੱਲ ਤੋਂ ਇਨਕਾਰ ਨਹੀਂ ਕਰਦੀ ਕਿ ਫੌਜ ਵਲੋਂ ਅਧਿਕਾਰਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਭਾਵੇਂ ਗ੍ਰਿਫਤਾਰੀਆਂ ਦਾ ਚੱਕਰ ਦੇਸ਼ ਦੇ ਦੱਖਣੀ ਭਾਗ ਅਤੇ ਰਾਜਧਾਨੀ ਨੇੜੇ ਦੇ ਇਲਾਕਿਆਂ ਵਿਚ ਅਰੰਭ ਹੋਇਆ ਸੀ ਪਰ ਦੇਸ਼ ਦੇ ਉਤਰ ਅਤੇ ਪੂਰਬੀ ਹਿਸਿਆਂ ਵਿਚ ਨਾਗਰਿਕ ਅਧਿਕਾਰਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਜਿਥੇ ਕਿ ਤਾਮਿਲਾਂ ਦੀ ਬਹੁਗਿਣਤੀ ਹੈ। ਸ੍ਰੀਲੰਕਾ ਵਿਚ ਗੁਰੀਲਿਆਂ ਦੀ ਗਿਣਤੀ ਹਜ਼ਾਰਾਂ ਦੱਸੀ ਜਾਂਦੀ ਹੈ। ਉਸੇ ਹਿਸਾਬ ਨਾਲ ਸ੍ਰੀਲੰਕਾ ਦੀ ਫੌਜ ਵਿਚ ਵੀ ਵਾਧਾ ਕੀਤਾ ਗਿਆ ਹੈ ਅਤੇ 'ਸਪੈਸ਼ਲ ਟਾਸਕ ਫੋਰਸ' ਅਤੇ 'ਸਿਵਲ ਮਲੀਸ਼ੀਆ' ਨਾਂਅ ਦੀਆਂ ਨਵੀਆਂ ਫੋਰਸਾਂ ਕਾਇਮ ਕੀਤੀਆਂ ਗਈਆਂ ਹਨ। ਦਸਿਆ ਜਾਂਦਾ ਹੈ ਕਿ ਟਾਸਕ ਫੋਰਸ ਦੀ ਵਰਤੋਂ ਕੇਵਲ ਬਦਲਾ ਲਊ ਕਾਰਵਾਈਆਂ ਲਈ ਕੀਤੀ ਜਾਂਦੀ ਹੈ। ਜੇ ਕੋਈ ਇਕ ਫੌਜੀ ਜਾਂ ਪੁਲਸਮੈਨ ਮਾਰਿਆ ਜਾਵੇ ਤਾਂ ਸਰਕਾਰੀ ਫੌਜਾਂ ਤਾਮਿਲਾਂ ਨੂੰ ਅੰਨ੍ਹੇਵਾਹ ਕਤਲ ਕਰਦੀਆਂ ਹਨ।

ਈਸਟ ਇੰਡੀਅਨ ਵਰਕਰਜ਼ ਐਸ: ਆਫ ਕੈਨੇਡਾ ਵਲੋਂ

ਵੈਨਕੂਵਰ ਵਿਚ ਕੋਪ ਦੀ ਮਦਦ ਅਤੇ ਫੰਡ ਇਕੱਠਾ ਕਰਨ ਲਈ ਭਾਰਤੀ ਖਾਣਿਆਂ ਦੇ ਡਿਨਰ ਦਾ ਪ੍ਰੋਗਰਾਮ

ਈਸਟ ਇੰਡੀਅਨ ਵਰਕਰਜ਼ ਐਸ: ਆਫ ਕੈਨੇਡਾ ਵਲੋਂ ਚਾਰ ਅਕਤੂਬਰ ਨੂੰ ਵੈਨਕੂਵਰ ਵਿਚ ਨਵੰਬਰ ਮਹੀਨੇ ਹੋ ਰਹੀਆਂ ਮਿਊਂਸਪਲ ਚੋਣਾਂ ਵਿਚ ਕੋਪ (ਕੌਂਸਲ ਆਫ ਪਰੋਗਰੇਸਿਵ ਇਲੈਕਟਰਜ਼) ਦੀ ਮਦਦ ਕਰਨ ਅਤੇ ਫੰਡ f ਇਕੱਠਾ ਕਰਨ ਲਈ ਇਹ ਪਰੋਗਰਾਮ ਕੀਤਾ ਜਾ ਰਿਹਾ ਹੈ। ਇਸ ਵਿਚ ਮੇਅਰ ਪਦ ਲਈ ਖੜੇ ਵੈਨਕੂਵਰ ਦੇ ਅਗਾਂਹਵਧੂ ਐਲਡਰਮੈਨ ਹੈਰੀ ਰੈਂਕਿਨ ਅਤੇ ਹੋਰ ਪਦਾਂ ਲਈ ਖੜੇ ਉਮੀਦਵਾਰ ਹਿਸਾ ਲੈਣਗੇ।

ਲੋਕ ਕਲਾ ਕੇਂਦਰ ਵੈਨਕੂਵਰ ਵਲੋਂ ਵੱਡੀ ਭੰਗੜਾ ਟੀਮ ਅਤੇ ਛੋਟੇ ਬੱਚਿਆਂ ਦੀ ਟੀਮ ਵਲੋਂ ਪ੍ਰਸਿਧ ਲੋਕ ਨਾਚ ਭੰਗੜਾ ਪੇਸ਼ ਕੀਤਾ ਜਾਵੇਗਾ। ਭਾਰਤੀ ਖਾਣਿਆਂ ਦਾ ਡਿਨਰ ਦਿਤਾ ਜਾਵੇਗਾ।

ਇੰਡੀਅਨ ਵਰਕਰਜ਼ ਐਸੋ: ਵਲੋਂ ਅਤੇ ਹੈਰੀ ਰੈਂਕਿਨ ਅਤੇ ਹੋਰ ਉਮੀਦਵਾਰਾਂ ਵਲੋਂ ਆਪਣੇ ਵਿਚਾਰ ਪੇਸ਼ ਕੀਤੇ ਜਾਣਗੇ। ਅਸੀਂ ਵੈਨਕੂਵਰ ਵਿਚ ਰਹਿੰਦੀ ਭਾਰਤੀ ਕਮਿਊਨਿਟੀ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਸਮਾਗਮ ਨੂੰ ਕਾਮਯਾਬ ਕਰਨ ਲਈ ਇਸ ਵਿਚ ਵਧ ਚੜ੍ਹ ਕੇ ਹਿਸਾ ਲੈਣ।

4 ਅਕਤੂਬਰ ਦਿਨ ਸਨਿਚਰਵਾਰ

ਸ਼ਾਮ ਦੇ 6.00 ਵਜੇ

ਵਿਕਟੋਰੀਆ ਡਰਾਈਵ ਕਮਿਊਨਿਟੀ ਹਾਲ

2026 - ਈਸਟ 43 ਐਵੇਨੀਊ, ਵੈਨਕੂਵਰ

ਟਿਕਟ ਪ੍ਰਤੀ ਵਿਅਕਤੀ — 10 ਡਾਲਰ

ਹੋਰ ਜਾਣਕਾਰੀ ਲਈ ਫੋਨ ਕਰੋ :—

ਪ੍ਰਧਾਨ — ਸੁਰਿੰਦਰ ਸਿੰਘ ਸੰਘਾ — 588-5217


ਜਨਰਲ ਸਕੱਤਰ — ਮਹਿੰਦਰ ਸੁਮਲ — 327-6461

ASSURING BRIGHT FINANCIAL FUTURES

NORTH AMERICAN LIFE

NORTH AMERICAN LIFE ASSURANCE COMPANY


- Life Insurance
- Mortgage Insurance
- Children's educational Plans
- RRSP



Darshan Gill, M.A.

320, 815 West Hastings St.
Vancouver, B.C. V6C 2W1
Bus. 685-9335

ਵਾਜਬ ਕਿਰਾਏ ਚੰਗੇਰੀਆਂ ਸਹੂਲਤਾਂ ਲਈ
ਹਮੇਸ਼ਾਂ ਯਾਦ ਰੱਖੋ
ਬੈਂਸ ਟਰੈਵਲ ਸਰਵਿਸ



ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
ਘੱਟ ਤੋਂ ਘੱਟ ਕਿਰਾਏ
ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

BAINS TRAVEL SERVICE

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363

ਬਾਦਲ ਗਰੁਪ ਦੀ ਪਾਰਲੀਮੈਂਟ 'ਚ ਜਿਤ ਦੇ ਦੂਰਗਸ ਨਤੀਜੇ ਨਿਕਲਣਗੇ

ਕੋਟਕਪੂਰਾ — ਬਰਨਾਲਾ ਅਤੇ ਬਾਦਲ ਗਰੁਪ ਦੀ ਲੋਕ ਸਭਾ ਵਿਚ ਅਕਾਲੀ ਗਰੁਪ ਦੀ ਲੀਡਰੀ ਪ੍ਰਾਪਤ ਕਰਨ ਲਈ ਤਿੱਖੀ ਭੱਜ-ਦੌੜ ਪਿਛੋਂ ਭਾਈ ਸ਼ਮਿੰਦਰ ਸਿੰਘ ਦੇ ਸ: ਬਲਵੰਤ ਸਿੰਘ ਰਾਮੂਵਾਲੀਆ ਦੀ ਥਾਂ ਵਿਰੋਧੀ ਨੇਤਾ ਚੁਣੇ ਜਾਣ ਪਿਛੋਂ ਰਾਜਨੀਤਕ ਹਲਕਿਆਂ ਵਿਚ ਕਈ ਪ੍ਰਕਾਰ ਦੇ ਚਰਚੇ ਅਰੰਭ ਹੋ ਗਏ ਹਨ। ਜਾਪਦਾ ਹੈ ਬਾਦਲ ਗਰੁਪ ਦੀ ਇਸ 'ਜਿੱਤ' ਦੇ ਦੂਰਗਸ ਨਤੀਜੇ ਨਿਕਲਣਗੇ। ਪੰਜਾਬ ਵਿਧਾਨ ਸਭਾ ਵਿਚ ਬਾਦਲ ਗਰੁਪ ਦੇ 23 ਵਿਧਾਇਕਾਂ ਨੂੰ ਮੈਂਬਰੀ ਤੋਂ ਹਟਾਉਣ ਲਈ ਸਪੀਕਰ ਨੇ ਨੋਟਿਸ ਦਿਤਾ ਹੋਇਆ ਹੈ ਕਿਉਂਕਿ ਬਾਦਲ ਗਰੁਪ ਦੀ ਬਤੌਰ ਪਾਰਟੀ ਕੋਈ ਹੋਂਦ ਨਹੀਂ ਸੀ ਮੰਨੀ ਗਈ ਤੇ ਕੁਝ ਮਾਮਲਿਆਂ ਵਿਚ ਪਾਰਟੀ ਪ੍ਰਧਾਨ ਸ: ਸੁਰਜੀਤ ਸਿੰਘ ਬਰਨਾਲਾ ਵਲੋਂ ਜਾਰੀ ਵਿੱਪ, ਦਾ ਉਲੰਘਣਾ ਨੂੰ ਪਾਰਟੀ ਤੋਂ ਬਗਾਵਤ ਮੰਨਿਆ ਗਿਆ ਜਿਸ ਕਾਰਨ ਉਹਨਾਂ ਨੂੰ ਕਿਹਾ ਗਿਆ ਕਿ ਕਿਉਂ ਨਾ ਉਹਨਾਂ ਵਿਰੁੱਧ ਦਲ ਬਦਲੀ ਵਿਰੋਧੀ ਕਾਨੂੰਨ ਅਧੀਨ ਕਾਰਵਾਈ ਕੀਤੀ ਜਾਵੇ। ਦੂਜੇ ਪਾਸੇ ਪਾਰਲੀਮੈਂਟ ਦੇ ਸਤ ਮੈਂਬਰਾਂ ਦੇ ਨੇਤਾ ਵਜੋਂ ਸ: ਰਾਮੂਵਾਲੀਆ ਨੂੰ ਅਕਾਲੀ ਦਲ ਦੇ ਪ੍ਰਧਾਨ ਵਜੋਂ ਨਿਯੁਕਤ ਕੀਤਾ ਗਿਆ ਜਿਸ ਨੂੰ ਭਾਈ ਸ਼ਮਿੰਦਰ ਸਿੰਘ ਸਮੇਤ ਬਾਦਲ ਗਰੁਪ ਦੇ ਚਾਰ ਮੈਂਬਰਾਂ ਨੇ ਕਦੇ ਵੀ ਮਨੋ-ਸਵੀਕਾਰ ਨਹੀਂ ਕੀਤਾ। ਸ: ਤਰਲੋਚਨ ਸਿੰਘ ਤੁੜ ਵਲੋਂ ਬਰਨਾਲਾ ਗਰੁਪ ਛੱਡ ਕੇ ਬਾਦਲ ਗਰੁਪ ਵਿਚ ਸ਼ਾਮਲ ਹੋਣ ਨਾਲ ਇਕ ਨੇਤਾ ਵਜੋਂ ਮਾਨਤਾ ਪ੍ਰਾਪਤੀ ਲਈ ਘਟੋ ਘੱਟ ਪੰਜ ਮੈਂਬਰ ਹੋਣ ਦੀ ਸ਼ਰਤ ਭਾਈ ਸ਼ਮਿੰਦਰ ਸਿੰਘ ਪੂਰੀ ਕਰ ਗਏ ਤੇ ਉਹਨਾਂ ਨੂੰ ਅਕਾਲੀ ਗੁਟ ਦੇ ਇਕ ਸੀਨੀਅਰ ਨੇਤਾ ਦਾ ਕਹਿਣਾ ਹੈ ਕਿ ਜਦ ਭਾਰਤ ਦੀ ਪਾਰਲੀਮੈਂਟ, ਜਿਸਦੇ ਬਣਾਏ ਕਾਨੂੰਨਾਂ ਅਧੀਨ ਹੀ ਪ੍ਰਾਂਤਾਂ ਦੀਆਂ ਅਸੈਂਬਲੀਆਂ ਕੰਮ ਕਰਦੀਆਂ ਹਨ, ਨੇ ਬਾਦਲ ਗਰੁਪ ਨੂੰ ਇਕ ਪਾਰਟੀ ਵਜੋਂ ਸਵੀਕਾਰ ਕਰ ਲਿਆ ਹੈ ਤਾਂ ਪੰਜਾਬ ਵਿਧਾਨ ਸਭਾ ਵਿਚ ਆਪ ਹੀ ਸਾਰੇ ਮਾਮਲੇ ਦਾ ਭੋਗ ਪੈ ਗਿਆ ਹੈ ਜਿਵੇਂ ਸੁਪਰੀਮ ਕੋਰਟ ਦੇ ਕਿਸੇ ਫੈਸਲੇ ਨਾਲ ਹਾਈ ਕੋਰਟ ਵਿਚ ਚਲਦੇ ਉਸੇ ਮੁਕਦਮੇ ਦਾ ਫੈਸਲਾ ਹੋ ਜਾਂਦਾ ਹੈ। ਬਾਦਲ ਗਰੁਪ ਦੇ ਇਸ ਦਾਅਵੇ ਵਿਚ ਕਿੰਨੀ ਕੁ ਜਾਨ ਹੈ, ਇਹ ਆਉਣ ਵਾਲਾ ਸਮਾਂ ਹੀ ਦਸੇਗਾ।

ਪਾਕਿ ਪੀਪਲਜ਼ ਪਾਰਟੀ ਦੋਫਾੜ

ਜੈਤੋਈ ਨੇ ਨਵੀਂ ਪਾਰਟੀ ਬਣਾਈ

ਲਾਹੌਰ — ਪਾਕਿਸਤਾਨ ਪੀਪਲਜ਼ ਪਾਰਟੀ (ਪੀ. ਪੀ. ਪੀ.) ਦੇ ਨਾਰਾਜ਼ ਆਗੂਆਂ ਨੇ ਆਪਣੀ ਵੱਖਰੀ ਨੈਸ਼ਨਲ ਪੀਪਲਜ਼ ਪਾਰਟੀ (ਐਨ. ਪੀ. ਪੀ.) ਕਾਇਮ ਕਰ ਲਈ ਹੈ ਅਤੇ ਸ੍ਰੀ ਗੁਲਾਮ ਮੁਸਤਫਾ ਜੈਤੋਈ ਨੂੰ ਚਾਰ ਸਾਲ ਦੇ ਅਰਸੇ ਲਈ ਇਸ ਦਾ ਪ੍ਰਧਾਨ ਚੁਣ ਲਿਆ। ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਜੈਤੋਈ ਨੇ ਕੁਮਾਰੀ ਬੇਨਜ਼ੀਰ ਭੁੱਟੋ ਅਤੇ ਪ੍ਰਧਾਨ ਮੰਤਰੀ ਮੁਹੰਮਦ ਖਾਨ ਜੁਨੇਜੋ ਤੇ ਤਿਖੇ ਹਮਲੇ ਕੀਤੇ ਅਤੇ ਕਿਹਾ ਕਿ ਨਵੀਂ ਪਾਰਟੀ ਦੋਹਾਂ ਦਾ ਵਿਰੋਧ ਕਰੇਗੀ। ਸ੍ਰੀ ਜੈਤੋਈ ਨੇ ਡੈਲੀਗੇਟ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ, ਦੇਸ਼ ਵਿਚ ਵਰਤਮਾਨ ਗੰਭੀਰ ਅਤੇ ਚਿੰਤਾਜਨਕ ਰਾਜਨੀਤਕ ਸਥਿਤੀ ਕਾਰਨ ਅਤੇ ਪੀਪਲਜ਼ ਪਾਰਟੀ ਦੇ ਆਪਹੁਦਰੇ ਰਵੱਈਏ ਕਾਰਨ ਅਸੀਂ ਆਪਣੀ ਵੱਖਰੀ ਰਾਜਨੀਤਕ ਪਾਰਟੀ ਕਾਇਮ ਕਰਨ ਦਾ ਫੈਸਲਾ ਕੀਤਾ ਹੈ। ਨਵੀਂ ਪਾਰਟੀ ਵਿਚ ਪੀਪਲਜ਼ ਪਾਰਟੀ ਦੇ ਅਨੇਕਾਂ ਸਾਬਕ ਟੀਸੀ ਦੇ ਅਧਿਕਾਰੀ ਅਤੇ ਸ੍ਰੀ ਜ਼ੁਲਫਕਾਰ ਅਲੀ ਭੁੱਟੋ ਦੀ ਵਜ਼ਾਰਤ ਦੇ ਕਈ ਸਾਬਕ ਮੰਤਰੀ ਸ਼ਾਮਲ ਹਨ। ਇਸੇ ਦੌਰਾਨ ਦੇਸ਼ ਵਿਚ ਅਮਨ ਚੈਨ ਦੱਸਿਆ ਜਾਂਦਾ ਹੈ। ਅਧਿਕਾਰੀਆਂ ਨੇ ਕਿਹਾ ਕਿ ਸੂਬਾ ਸਿੰਧ ਦੇ ਕੁਝ ਹਿੱਸਿਆਂ ਵਿਚੋਂ ਫੌਜ ਵਾਪਸ ਬੁਲਾਈ ਜਾ ਰਹੀ ਹੈ।

ਇਸੇ ਦੌਰਾਨ ਵਿਰੋਧੀ ਪਾਰਟੀਆਂ ਦੇ ਗਠਜੋੜ ਵਲੋਂ ਸਰਕਾਰ ਵਿਰੋਧੀ ਮੁਜ਼ਾਹਰੇ ਲਗਾਤਾਰ ਜਾਰੀ ਹਨ। ਵਿਰੋਧੀ ਪਾਰਟੀਆਂ ਦੇ 5000 ਹਮਾਇਤੀਆਂ ਨੇ ਲਾਹੌਰ ਵਿਚ ਸਰਕਾਰ ਵਿਰੁਧ ਅਮਨ ਪੂਰਵਕ ਮਾਰਚ ਕੀਤਾ। ਸ੍ਰੀ ਜੈਤੋਈ ਨੇ ਕਿਹਾ ਕਿ ਉਨ੍ਹਾਂ ਦੇ ਸਾਬਕ ਲੀਡਰ ਅਤੇ ਜੁਨੇਜੋ ਸਰਕਾਰ ਦੋਹਾਂ ਨਾਲ ਲੜਨ ਲਈ ਨਵੀਂ ਪਾਰਟੀ ਦੀ ਲੋੜ ਹੈ। ਇਕ ਹੋਰ ਬਾਗੀ ਆਗੂ ਮੁਹੰਮਦ ਹਨੀਫ ਰਾਮਾਇ ਨੇ ਕੁਮਾਰੀ ਬੇਨਜ਼ੀਰ ਭੁੱਟੋ ਤੇ ਪਾਰਟੀ ਅਹੁਦੇਦਾਰ ਚੁਣਨ ਲਈ ਚੋਣਾਂ ਨਾ ਕਰਵਾ ਕੇ ਆਪਣੀ ਪਾਰਟੀ ਅੰਦਰ ਜਮਹੂਰੀ ਢੰਗ ਨਾ ਅਪਨਾਉਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਕੁਮਾਰੀ ਭੁੱਟੋ ਦੇ ਬਚਗਾਨਾ ਰਵਈਏ ਕਾਰਨ ਕਈਆਂ ਨੂੰ ਪਾਰਟੀ ਛੱਡਣੀ ਪਈ ਹੈ। ਸ੍ਰੀ ਜੈਤੋਈ ਨੇ ਸ੍ਰੀ ਜੁਨੇਜੋ ਤੇ ਤਿਖੇ ਹਮਲੇ ਕਰਦਿਆਂ ਕਿਹਾ ਕਿ 1985 ਦੀਆਂ ਗੈਰ-ਪਾਰਟੀ ਪਾਰਲੀਮੈਂਟਰੀ ਚੋਣਾਂ ਗੈਰ-ਕਾਨੂੰਨੀ ਅਤੇ ਗੈਰ ਸੰਵਿਧਾਨਕ ਸਨ।' ਉਨ੍ਹਾਂ ਕਿਹਾ 'ਸਿਵਲੀਅਨ ਸਰਕਾਰ ਜਮਹੂਰੀਅਤ ਦੇ ਬੁਰਕੇ ਵਿਚ ਮਾਰਸ਼ਲ-ਲਾਅ ਦਾ ਨਵਾਂ ਚਿਹਰਾ ਹੈ। ਨਵੀ ਪਾਰਟੀ ਨੇ ਕੋਈ ਐਕਸ਼ਨ ਪ੍ਰੋਗਰਾਮ ਨਹੀਂ ਐਲਾਨਿਆ। ਇਕ ਮਤਾ ਪਾਸ ਕਰਕੇ ਪਾਰਟੀ ਨੇ ਕਰਾਚੀ ਹਵਾਈ ਅੱਡੇ ਤੇ ਸ੍ਰੀ ਗੁਲਾਮ ਮੁਸਤਫਾ ਖਰ ਦੀ ਗ੍ਰਿਫਤਾਰੀ ਦੀ ਨਿਖੇਧੀ ਕੀਤੀ।

ਚਿੱਲੀ ਵਿਚ ਪਿਨੋਸ਼ੇ ਦਾ ਜ਼ੁਲਮ

ਸੈਨਤੀਆਗੋ : ਚਿੱਲੀ ਦੇ ਫੌਜੀ ਡਿਕਟੇਟਰ ਅਗਸਟੋ ਪਿਨੋਸ਼ੇ ਵਲੋਂ ਖੱਬੇ-ਪੱਖੀ ਪੱਤਰਕਾਰਾਂ ਤੇ ਪਾਰਟੀਆਂ ਦਾ ਨਾਂ ਨਿਸ਼ਾਨ ਮਿਟਾਉਣ ਦੇ ਮਨਸੂਬੇ ਬੰਨ੍ਹੇ ਜਾ ਰਹੇ ਹਨ। ਚਾਰ ਖੱਬੇ-ਪੱਖੀ ਪਿਛਲੇ ਦਿਨੀਂ ਕਤੀ ਕੀਤੇ ਗਏ ਅਤੇ ਖੱਬੇ-ਪੱਖੀ ਅਖਬਾਰਾਂ ਉਪਰ ਵੀ ਪਾਬੰਦੀਆਂ ਲਾ ਦਿਤੀਆਂ ਗਈਆਂ। ਯਾਦ ਰਹੇ ਕਿ ਪਿਛਲੇ ਦਿਨੀਂ ਪਿਨੋਸ਼ੇ ਉਤੇ ਕਾਤਲਾਨਾ ਹਮਲਾ ਹੋਇਆ ਸੀ ਜਿਸ ਵਿਚ ਪੰਜ ਸਿਪਾਹੀ ਮਾਰੇ ਗਏ ਸਨ ਪਰ ਪਿਨੋਸ਼ੇ ਬਚ ਗਿਆ ਸੀ।

ਆਲ ਇੰਡੀਆ ਗੁ: ਐਕਟ :

ਹਿਮਾਚਲ ਸਰਕਾਰ ਵਲੋਂ ਵਿਚਾਰ ਲਈ ਪੰਜ ਮੈਂਬਰੀ ਕਮੇਟੀ ਨਾਮਜ਼ਦ


ਸ਼ਿਮਲਾ — ਹਿਮਾਚਲ ਪ੍ਰਦੇਸ਼ ਸਰਕਾਰ ਨੇ ਆਲ ਇੰਡੀਆ ਸਿਖ ਗੁਰਦੁਆਰਾ ਡਰਾਫਟ ਬਿਲ ਤੇ ਵਿਚਾਰ ਵਾਸਤੇ ਪੰਜ ਮੈਂਬਰੀ ਕਮੇਟੀ ਨਾਮਜ਼ਦ ਕੀਤੀ ਹੈ ਜਿਸ ਦੀ ਮੀਟਿੰਗ ਹਾਲ ਵਿਚ ਹੀ ਵਿਦਿਆ ਮੰਤਰੀ ਸ੍ਰੀ ਸਾਗਰ ਚੰਦ ਨੱਯਰ ਦੀ ਪ੍ਰਧਾਨਗੀ ਹੇਠ ਹੋਈ। ਜਾਣਕਾਰ ਸੂਤਰਾਂ ਅਨੁਸਾਰ ਚਾਰ ਮੁਕੱਦਮੇ ਖਾਸ ਤੌਰ ਤੇ ਜ਼ੇਰ ਬਹਿਸ ਆਏ ਪਰ ਚੂੰਕਿ ਨਾ ਹੀ ਡਰਾਫਟ ਬਿਲ ਦੀ ਸਰਕਾਰੀ ਕਾਪੀ ਕੋਈ ਉਪਲਬਧ ਸੀ ਤੇ ਨਾ ਹੀ ਗੁਰਦੁਵਾਰਾ ਐਕਟ 1925 ਦੀ ਕੋਈ ਕਾਪੀ ਮੁਹਈਆ ਕੀਤੀ ਗਈ ਇਸ ਵਾਸਤੇ ਕਮੇਟੀ ਕਿਸੇ ਠੋਸ ਫੈਸਲੇ ਤੇ ਨਾ ਪਹੁੰਚ ਸਕੀ ਇਕ ਸਵਾਲ ਜਿਸ ਤੇ ਬਹਿਸ ਹੋਈ ਇਹ ਸੀ ਕਿ ਗੁਰਦਵਾਰਾ ਨਿੱਜੀ ਜਾਇਦਾਦ ਹੈ ਜਾਂ ਅਦਾਰਾ। ਆਮ ਰਾਏ ਇਹ ਸੀ ਕਿ ਘਰ ਦੇ ਅੰਦਰ ਕਿਸੇ ਕਮਰੇ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਵੇ ਜਿਥੇ ਘਰ ਵਾਲੇ ਨਿਤ ਨੇਮ ਜਾਂ ਗੁਰੂ ਗਰੰਥ ਸਾਹਿਬ ਤੋਂ ਪਾਠ ਕਰਦੇ ਹੋਣ ਉਹ ਨਿੱਜੀ ਚੀਜ਼ ਹੈ। ਪਰ ਜੇ ਕੋਈ ਅਜਿਹੀ ਜਗ੍ਹਾ ਕਮਰਾ ਜਾਂ ਬਿਲਡਿੰਗ ਸਥਾਪਤ ਕੀਤੀ ਜਾਵੇ ਜਿਥੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਅਤੇ ਪਬਲਿਕ ਇਕੱਠੀ ਹੋ ਕੇ ਕੀਰਤਨ ਜਾਂ ਪਾਠ ਕਰੇ ਉਹ ਗੁਰਦਵਾਰਾ ਹੈ ਜਿਥੇ ਨਿਸ਼ਾਨ ਸਾਹਿਬ ਵੀ ਹੋਵੇਗਾ। ਇਸ ਦਾ ਇੰਤਜ਼ਾਮ ਕਮੇਟੀ ਜਾਂ ਟਰਸਟ ਕੋਲ ਹੋਣਾ ਚਾਹੀਦਾ ਹੈ ਅਤੇ ਆਮਦਨੀ ਦਾ ਹਿਸਾਬ ਬਾਕਾਇਦਾ ਹੋਣਾ ਚਾਹੀਦਾ ਹੈ ਜੋ ਧਰਮ ਅਰਥ ਕੰਮਾਂ ਤੇ ਖਰਚ ਕੀਤੀ ਜਾਵੇ। ਇਹ ਕਿਸੇ ਦੀ ਨਿਜੀ ਜਾਇਦਾਦ ਨਹੀਂ ਹੋ ਸਕਦੀ। ਦੂਸਰਾ ਸਵਾਲ ਸੀ ਕਿ ਸਿੱਖ ਦੀ ਪਰਿਭਾਸ਼ਾ ਕੀ ਹੈ। ਕੀ ਸਹਿਜਧਾਰੀ ਵੀ ਸਿੱਖ ਹਨ ? ਵਿਦਿਆ ਮੰਤਰੀ ਸ੍ਰੀ ਸਾਗਰ ਚੰਦ ਨੱਯਰ ਨੇ ਕਿਹਾ ਕਿ ਚੰਬਾ ਜ਼ਿਲੇ 'ਚ ਕੋਈ ਪਾਰਾਚਨਾਰੀ ਸੱਜਣ ਰਹਿੰਦੇ ਹਨ। ਉਨ੍ਹਾਂ ਗੁਰਦਵਾਰਾ ਵੀ ਬਣਾਇਆ ਹੋਇਆ ਹੈ ਅਤੇ ਕਈ ਘਰਾਂ ਵਿਚ ਵੀ ਸ੍ਰੀ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਹਨ ਅਤੇ ਪਾਠ ਕਰਦੇ ਹਨ। ਸਭ ਦੀ ਆਮ ਰਾਏ ਸੀ ਕਿ ਜੋ ਵੀ ਦਸਾਂ ਗੁਰੂਆਂ ਨੂੰ ਮੰਨਦਾ ਹੈ ਅਤੇ ਸਿੱਖ ਧਰਮ ਵਿਚ ਯਕੀਨ ਰਖਦਾ ਹੈ ਸਿੱਖ ਹੈ। ਫਿਰ ਸਵਾਲ ਆਇਆ ਕਿ ਆਲ ਇੰਡੀਆ ਸਿੱਖ ਗੁਰਦਵਾਰਾ ਬੋਰਡ ਦੀ ਮੈਂਬਰੀ ਲਈ ਕੌਣ ਯੋਗ ਹੋ ਸਕਦਾ ਹੈ। ਆਮ ਰਾਏ ਸੀ ਕਿ ਕੇਵਲ ਅੰਮ੍ਰਿਤਧਾਰੀ ਸਿੱਖ ਹੀ ਬੋਰਡ ਦੀ ਮੈਂਬਰਸ਼ਿਪ ਦੇ ਯੋਗ ਹੋ ਸਕਦੇ ਹਨ। ਕੁਝ ਮੈਂਬਰਾਂ ਨੇ ਇਸ ਗੱਲ ਤੇ ਇਤਰਾਜ਼ ਕੀਤਾ ਕਿ ਪ੍ਰਸਤਾਵਤ ਬੋਰਡ ਵਿਚ ਹਿਮਾਚਲ ਪ੍ਰਦੇਸ਼ ਨੂੰ ਕੇਵਲ ਦੋ ਹੀ ਸੀਟਾਂ ਦਿਤੀਆਂ ਗਈਆਂ ਹਨ ਜਿਥੇ ਪੰਜਾਬ ਵਾਸਤੇ 64 ਅਤੇ ਹਰਿਆਣੇ ਵਾਸਤੇ ਬਾਰਾਂ ਸੀਟਾਂ ਮੁਕਰਰ ਕੀਤੀਆਂ ਜਾਣ ਦਾ ਵਿਚਾਰ ਹੈ। ਕੁਝ ਮੈਂਬਰਾਂ ਨੇ ਇਸ ਗੱਲ ਤੇ ਖਾਸ ਜ਼ੋਰ ਦਿਤਾ ਕਿ ਹਿਮਾਚਲ ਵਿਚ ਕਈ ਇਤਿਹਾਸਕ ਗੁਰਦਵਾਰੇ ਹਨ ਜਿਵੇਂ ਪਾਉਂਟਾ ਸਾਹਿਬ, ਰਵਾਲਸਰ ਅਤੇ ਮੰਡੀ ਦਾ ਇਤਿਹਾਸਕ ਗੁਰਦਵਾਰਾ ਕਈਆਂ ਦਾ ਵਿਚਾਰ ਸੀ ਕਿ ਹਿਮਾਚਲ ਪ੍ਰਦੇਸ਼ ਦਾ ਆਪਣਾ ਵਖਰਾ ਬੋਰਡ ਹੋਣਾ ਚਾਹੀਦਾ ਹੈ। ਇਸ ਕਮੇਟੀ ਦੇ ਮੈਂਬਰ ਹਨ :— ਹਿਮਾਚਲ ਦੇ ਸਾਬਕ ਮੰਤਰੀ ਸ: ਬਚਿੱਤਰ ਸਿੰਘ (ਬਿਲਾਸਪੁਰ), ਸ: ਮਨਜੀਤ ਸਿੰਘ ਮਿਉਂਸਪਲ ਕਮਿਸ਼ਨਰ ਮੰਡੀ, ਸ: ਰਵੇਲ ਸਿੰਘ ਵਾਈਸ ਪ੍ਰੈਜ਼ੀਡੈਂਟ ਹਿ: ਪ੍ਰਦੇਸ਼ ਕਾਂਗਰਸ ਕਮੇਟੀ ਤੇ ਮੈਂਬਯ ਗੁਰਦਵਾਰਾ ਸਿੰਘ ਸਭਾ ਸ਼ਿਮਲਾ, ਸ: ਬਲਦੇਵ ਸਿੰਘ ਪ੍ਰੈਜ਼ੀਡੈਂਟ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ, ਮਹਾਰਾਜ ਕ੍ਰਿਸ਼ਨ ਕਾਵ, ਫਾਈਨੈਂਸ਼ਲ ਕਮਿਸ਼ਨਰ ਅਤੇ ਸੈਕਰੇਟਰੀ ਹਿਮਾਚਲ ਪ੍ਰਦੇਸ਼ ਆਰਟ ਭਾਸ਼ਾ ਤੇ ਕਲਚਰ ਅਤੇ ਪਬਲਿਕ ਰਿਲੇਸ਼ਨਜ਼।

ਆਪਣੇ ਵਪਾਰ ਵਿਚ ਵਾਧਾ ਕਰਨ
ਲਈ ਇਕੋ ਇਕ ਨਾਂ ਯਾਦ ਰੱਖੋ
'ਕੈਨੇਡਾ ਦਰਪਣ'
ਫੋਨ : 581-4473

ਕਰਤਾਰ ਫੋਟੋ ਸਟੂਡੀਓ
1 HOUR PHOTO SERVICE
KARTAR PHOTO STUDIO
4279 - Fraser St. (27th Ave.)
Vancouver, B.C.
We Do Passport, 5 Mins. Service,
Portrait Photos & Weddings
Off; 872-6060



NORTH AMERICAN LIFE
ASSURANCE COMPANY
NORTH AMERICAN LIFE



- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1
Bus. 685-9335
Res. 522-7167

'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

SUBSCRIPTION FORM

To
The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..
Address..
City..
Province...
Postal code.....................................
PHONE.

One Year	25 dollars
Two Year	45 dollars
Three year	65 dollars
Life membership..........	300 dollars
ASIA..........................	100 dollars[a year]
U.S.A.	30 dollars [a year]
Europe	100 dollars[a year]
Africa	100 dollars [a year]

'ਖਾਲਿਸਤਾਨ ਕਮਾਂਡੋ ਫੋਰਸ' ਦੇ ਅਖੌਤੀ ਜਰਨੈਲ ਮਨਬੀਰ ਸਿੰਘ ਦੇ ਹੈਰਾਨੀ-ਭਰੇ ਪ੍ਰਗਟਾਵੇ

—'ਇੰਡੀਆ ਟੂਡੇ' ਦੀ ਰੀਪੋਰਟ —



With Manbir's confession, not only has the chain of command amongst the terrorists now become clearer, details of their zones of operations, their armoury, their sympathisers and harbourers have also been extracted and also the fact that the declaration of Khalistan was made at the instance of Pakistan.

ਆਪਣੇ ਵਲੋਂ ਕੀਤੇ ਗਏ ਕਤਲਾਂ ਬਾਰੇ ਜਦੋਂ ਉਹ ਬੋਲਦਾ ਹੈ ਤਾਂ ਉਸਦੀ ਆਵਾਜ਼ ਵਿਚ ਪਛਤਾਵੇ ਦਾ ਪ੍ਰਛਾਵਾਂ ਤੱਕ ਨਹੀਂ। 25 ਸਾਲ ਦੀ ਉਮਰ ਦਾ ਮਨਬੀਰ ਸਿੰਘ ਉਰਫ਼ 'ਜਨਰਲ ਹਰੀ ਸਿੰਘ' ਤਣਾਅ ਭਰੇ ਚਿਹਰਿਆਂ ਵਾਲੇ ਪੁਲਸ ਅਫ਼ਸਰਾਂ ਸਾਹਮਣੇ ਮੁਸਕਰਾ ਕੇ ਗੱਲ ਕਰਦਾ ਹੈ। ਡੇਢ ਸਾਲ ਵਿਚ ਪੁਲਸ ਵਾਲਿਆਂ ਨੇ ਆਪਣੇ ਦਸ ਸਿਪਾਹੀ ਇਸ ਆਦਮੀ ਹੱਥੋਂ ਗੁਆਏ ਹਨ ਤੇ ਉਹ ਹੁਣ ਉਨ੍ਹਾਂ ਦੇ ਸਾਹਮਣੇ ਜਲੰਧਰ ਵਿਚ ਇੰਟਰੋਗੇਸ਼ਨ ਸੈਂਟਰ ਵਿਚ ਬੈਠਾ ਹੈ। ਇਕ ਪੁਲਸ ਅਫਸਰ ਦੇ ਤਣਾਅ ਭਰੇ ਚਿਹਰੇ ਤੇ ਮੁਸਕਰਾਹਟ ਆਉਂਦੀ ਹੈ ਤੇ ਉਹ ਕਹਿੰਦਾ ਹੈ, "ਇਸ ਨੇ ਮੰਨਣ ਨੂੰ ਬਹੁਤਾ ਚਿਰ ਨਹੀਂ ਲਾਇਆ — ਤਿੰਨ ਘੰਟੇ ਅੰਦਰ ਹੀ ਤੁਰ ਪਿਆ !"

ਮਨਬੀਰ ਸਿੰਘ ਅਤੇ ਤਰਸੇਮ ਸਿੰਘ ਕੋਹਾੜ (ਜੋ ਆਪਣੇ ਆਪ ਨੂੰ 'ਖਾਲਿਸਤਾਨ ਲਿਬਰੇਸ਼ਨ ਆਰਮੀ' ਦਾ ਮੁਖੀ ਦੱਸਦਾ ਸੀ) ਨੇ ਦਹਿਸ਼ਤਵਾਦੀ ਹਿੰਸਾ ਦੇ ਭੇਦਾਂ ਦਾ ਸਾਰਾ ਭਾਂਡਾ ਤੋੜ ਦਿਤਾ ਹੈ। ਮੁਕਤਸਰ ਬੱਸ ਕਾਂਡ, ਜਲੰਧਰ ਵਿਚ ਛੇ ਪੁਲਸੀਆਂ ਦਾ ਕਤਲ, ਆਦਿ ਘਟਨਾਵਾਂ ਵਿਚ ਸਾਬਤ ਕਰ ਦਿਤਾ ਕਿ ਅਸਲ ਵਿਚ ਪੰਜ ਮੈਂਬਰੀ ਪੰਥਕ ਕਮੇਟੀ ਦਾ ਦਿਮਾਗ਼ ਹੀ ਇਨ੍ਹਾਂ ਪਿਛੇ ਕੰਮ ਕਰ ਰਿਹਾ ਹੈ। ਭਾਵੇਂ ਪੰਜਾਬ ਪੁਲਸ ਨੇ 38 ਕੱਟੜ ਦਹਿਸ਼ਤਪਸੰਦਾਂ ਵਿਚੋਂ 14 ਫੜ ਪਏ ਹਨ ਜਾਂ ਮਾਰ ਦਿਤੇ ਹਨ, ਪਰ ਮਨਬੀਰ ਤੇ ਕੋਹਾੜ ਪਹਿਲੇ ਦਹਿਸ਼ਤਪਸੰਦ ਹਨ ਜਿਨ੍ਹਾਂ ਨੇ ਆਪਣੇ ਗੁਨਾਹਾਂ ਦਾ ਇਕਬਾਲ ਕਰ ਲਿਆ ਹੈ।

ਇਨ੍ਹਾਂ ਦੇ ਪ੍ਰਗਟਾਵਿਆਂ ਨਾਲ ਦਹਿਸ਼ਤਪਸੰਦਾਂ ਦੀ ਸਮੁੱਚੀ ਲੜੀ ਬਾਰੇ ਸਪੱਸ਼ਟ ਹੋ ਗਿਆ ਹੈ, ਇਨ੍ਹਾਂ ਦੇ ਉਪਰੇਸ਼ਨ ਕਰਨ ਦੀਆਂ ਵਿਧੀਆਂ ਦਾ ਪਤਾ ਲਗ ਗਿਆ ਹੈ, ਹਥਿਆਰਾਂ ਦਾ ਪਤਾ ਲੱਗ ਗਿਆ ਹੈ ਅਤੇ ਜੋ ਇਨ੍ਹਾਂ ਦੇ ਸਮਰਥਕ ਹਨ ਅਤੇ ਇਨ੍ਹਾਂ ਨੂੰ ਟਿਕਾਣੇ ਮੁਹੱਈਆ ਕਰਦੇ ਰਹੇ ਹਨ ਸਭ ਪਤਾ ਲਗਣ ਦੀ ਸੰਭਾਵਨਾ ਬਣ ਗਈ ਹੈ। ਜੇ ਇਨ੍ਹਾਂ ਦੇ ਪ੍ਰਗਟਾਵਿਆਂ ਨੂੰ ਸੱਚ ਮੰਨ ਲਿਆ ਜਾਵੇ ਤਾਂ ਖਾਲਿਸਤਾਨ ਦਾ ਐਲਾਨ ਵੀ ਪਾਕਿਸਤਾਨ ਦੇ ਕਹਿਣ ਉਤੇ ਕੀਤਾ ਗਿਆ ਮੰਨਣਾ ਪਵੇਗਾ। ਦੋਵਾਂ ਨੇ, ਖਾਸਕਰ ਮਨਬੀਰ ਨੇ ਜੋ ਇਤਲਾਹ ਮੁਹੱਈਆ ਕੀਤੀ ਹੈ ਉਸ ਤੋਂ ਏਨੀ ਜਾਣਕਾਰੀ ਮਿਲੀ ਹੈ ਕਿ ਅਜੇ ਵੀ ਪੁਲਸ ਛਾਪੇ ਮਾਰ ਰਹੀ ਹੈ, ਬਹੁਤ ਸਾਰੀਆਂ ਗ੍ਰਿਫਤਾਰੀਆਂ ਹੋ ਚੁਕੀਆਂ ਹਨ ਤੇ ਪਿਛਲੇ ਪੰਦਰਵਾੜੇ ਵਿਚ ਲਗਾਤਾਰ ਪੁਲਸ ਸਰਗਰਮ ਰਹੀ ਹੈ।

ਛੋਟੇ ਜਿਹੇ ਪਿੰਡ ਚਹੇੜੂ (ਫਗਵਾੜਾ ਨੇੜੇ) ਦੇ ਜੰਮਪਲ ਮਨਬੀਰ ਦੀ ਜ਼ਿੰਦਗੀ ਨੇ 1982 ਵਿਚ ਉਸ ਦਿਨ ਅਨਹੋਣੀ ਤਬਦੀਲੀ ਲਈ ਜਦੋਂ ਕਿ ਇਕ ਮੋਟਰ ਸਾਈਕਲ ਕਾਰਨ ਉਸ ਦੀ ਪੁਲਸ ਨਾਲ ਖੜਕ ਪਈ ਤੇ ਉਹ ਬਦਲਾ ਲੈਣ ਲਈ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਜਾ ਮਿਲਿਆ। "ਸੰਤਾਂ ਨੇ ਮੈਨੂੰ ਨਵਾਂ ਨਾ ਇਕਬਾਲ ਸਿੰਘ ਦਿਤਾ। ਮੈਂ ਉਸਦੀ ਸੁਰੱਖਿਆ ਦੇ ਅੰਦਰੂਨੀ ਰਿੰਗ ਵਿਚ ਆ ਗਿਆ। ਬਲੂ ਸਟਾਰ ਉਪਰੇਸ਼ਨ ਤੋਂ ਪਹਿਲਾਂ 1 ਜੂਨ 1984 ਨੂੰ ਮੈਂ ਗੁਰੂ ਨਾਨਕ ਨਿਵਾਸ ਵਿਚੋਂ ਬਾਹਰ ਖਿਸਕ ਆਇਆ।" ਉਸਨੇ ਇਕਬਾਲ ਕੀਤਾ। ਕੁਝ ਚਿਰ ਜਲੰਧਰ ਦੇ ਆਲੇ ਦੁਆਲੇ ਘੁੰਮਦਾ ਉਹ ਬੰਬਈ ਭਾਈ ਮੋਹਕਮ ਸਿੰਘ ਨਾਲ ਜਾ ਮਿਲਿਆ। ਮੋਹਕਮ ਸਿੰਘ ਦਮਦਮੀ ਟਕਸਾਲ ਦਾ ਬੰਦਾ ਹੈ।

ਬੰਬਈ ਤੋਂ ਮੁੜਕੇ ਉਹ ਚੌਕ ਮਹਿਤਾ ਆ ਗਿਆ ਜਿਥੇ ਟਕਸਾਲ ਦਾ ਹੈਡਕੁਆਰਟਰ ਹੈ ਉਥੋਂ ਹਰਿਮੰਦਰ ਕੰਪਲੈਕਸ ਪਹੁੰਚਿਆ। "ਪਹਿਲਾਂ ਤਾਂ ਅਸੀਂ ਬੇਦਿਲੇ ਜਿਹੇ ਹੋ ਗਏ ਸਾਂ ਪਰ ਜਦ ਭਿੰਡਰਾਂਵਾਲਿਆਂ ਦੇ ਜਿਉਂਦੇ ਹੋਣ ਬਾਰੇ ਪਤਾ ਲੱਗਾ ਤਾਂ ਹੌਂਸਲਾ ਹੋ ਗਿਆ। ਜਲਦੀ ਹੀ ਕਾਫੀ ਹਥਿਆਰ ਮਿਲ ਗਏ, ਪੈਸਾ ਵੀ ਮਿਲ ਗਿਆ ਤੇ ਮੋਟਰ ਗੱਡੀਆਂ ਵੀ ਮਿਲ ਗਈਆਂ।" ਉਸ ਨੇ ਮੰਨਿਆ ਹੈ। ਉਸ ਪਿਛੋਂ ਦਹਿਸ਼ਤਪਸੰਦਾਂ ਨੂੰ ਦਮਦਮੀ ਟਕਸਾਲ ਦੇ ਲੀਡਰਾਂ ਵੱਸਣ ਸਿੰਘ, ਗੁਰਬਚਨ ਸਿੰਘ ਮਾਨੋਚਾਹਲ ਤੇ ਧੰਨਾ ਸਿੰਘ ਨੇ ਸੰਗਠਤ ਕੀਤਾ ਅਤੇ ਮਨਬੀਰ ਨੂੰ ਖਾਲਿਸਤਾਨ ਕਮਾਂਡੋ ਫੋਰਸ ਦਾ ਜਨਰਲ ਬਣਾਇਆ। ਤਰਸੇਮ ਸਿੰਘ ਕੋਹਾੜ ਨੂੰ ਖਾਲਿਸਤਾਨ ਲਿਬਰੇਸ਼ਨ ਆਰਮੀ ਦਾ ਮੁਖੀ ਬਣਾਇਆ ਗਿਆ ਜਿਸਨੇ ਅੰਮ੍ਰਿਤਸਰ ਅਤੇ ਗੁਰਦਾਸਪੁਰ ਵਿਚ ਕੰਮ ਕਰਨਾ ਸੀ। ਸੁਖਦੇਵ ਸਿੰਘ ਸਖੀਰਾ, ਗੁਰਦੇਵ ਸਿੰਘ ਅਤੇ ਗੁਰਜੀਤ ਸਿੰਘ (ਜੋ ਭਿੰਡਰਾਂਵਾਲੇ ਦਾ ਰਿਸ਼ਤੇਦਾਰ ਹੈ) ਨੂੰ ਮਾਨੋਚਾਹਲ ਦੀ ਨਿਗਰਾਨੀ ਹੇਠ ਅੰਮ੍ਰਿਤਸਰ ਤੇ ਫੀਰੋਜ਼ਪੁਰ ਸੰਭਾਲੇ ਗਏ।

ਕੋਹਾੜ ਨੂੰ ਦੋ ਜ਼ਿਲੇ ਦਿਤੇ

ਦਹਿਸ਼ਤਗਰਦੀ ਲਈ ਕੋਹਾੜ ਨੂੰ ਪਿਛੋਂ ਫੀਰੋਜ਼ਪੁਰ ਤੇ ਫਰੀਦਕੋਟ ਦੇ ਜ਼ਿਲਿਆਂ ਦੀ ਕਮਾਂਡ ਸੰਭਾਲੀ ਗਈ। ਜਦਕਿ ਮਨਬੀਰ ਦੁਆਬੇ ਦੇ ਇਲਾਕੇ ਵਿਚ ਤਾਈਨਾਤ ਕੀਤਾ ਗਿਆ ਜਿਸ ਵਿਚ ਤਿੰਨ ਜ਼ਿਲੇ ਸਨ ਤੇ ਉਨ੍ਹਾਂ ਨੂੰ ਦੋ ਜੀਪਾਂ, ਇਕ ਟਰੱਕ, ਦੋ ਪ੍ਰੀਮੀਅਰ ਕਾਰਾਂ, ਇਕ ਲਾਲ ਮਾਰੂਤੀ, ਸਕੂਟਰ ਤੇ ਸਾਈਕਲ ਆਦਿ ਦਿਤੇ ਗਏ।

"ਹਥਿਆਰ ਤੇ ਪੈਸਾ ਲਗਾਤਾਰ ਪਾਕਿਸਤਾਨ ਤੋਂ ਗੁਰਦਾਸਪੁਰ ਤੇ ਫੀਰੋਜ਼ਪੁਰ ਸਰਹੱਦ ਰਾਹੀਂ ਆਉਂਦਾ ਸੀ। ਸਾਡੇ ਸਬੰਧ ਤੇ ਸਮਰਥਕ ਕੈਨੇਡਾ, ਇੰਗਲੈਂਡ ਅਤੇ ਅਮਰੀਕਾ ਤੋਂ ਲਗਾਤਾਰ ਪੈਸਾ ਭੇਜ ਰਹੇ ਸਨ। ਕੁਝ ਟਰੈਵਲ ਏਜੰਟ ਅਤੇ ਸਿਆਸਤਦਾਨ ਵਿਚਕਾਰਲਾ ਕੰਮ ਕਰਦੇ ਸਨ।" ਫਿਰ ਉਹ ਇਨ੍ਹਾਂ ਸਾਰਿਆਂ ਦੇ ਨਾਂ ਪੜ੍ਹਦਾ ਹੈ।

ਸਾਰੇ ਰਲਾ ਕੇ ਮਨਬੀਰ ਨੇ ਦਰਜਨ ਦੇ ਲਗਪਗ 'ਵੱਡੇ ਕਾਰਨਾਮੇ' ਕਰਨ ਦੀ ਸਾਜ਼ਿਸ਼ ਕੀਤੀ ਪਰ ਆਪ ਉਹ 5 ਅਪ੍ਰੈਲ ਨੂੰ ਜਲੰਧਰ 6 ਪੁਲਸੀਆਂ ਨੂੰ ਮਾਰਨ ਸਮੇਂ ਹੀ ਸ਼ਾਮਲ ਹੋਇਆ। ਜਦੋਂ ਕਚਹਿਰੀਆਂ ਵਿਚੋਂ ਇਨ੍ਹਾਂ ਨੇ ਸੁਖਦੇਵ ਸਿੰਘ ਸੁੱਖਾ ਤੇ ਤਿੰਨ ਹੋਰਾਂ ਨੂੰ ਛੁਡਾਇਆ। "ਮੈਂ ਸੁੱਖੇ ਨੂੰ ਜੇਲ੍ਹ ਵਿਚ ਮਿਲਦਾ ਰਿਹਾ ਤੇ ਉਸਨੂੰ ਛੁਡਾਉਣ ਦਾ ਮਨ ਬਣਾਇਆ। ਕੁਝ ਹਫਤਿਆਂ ਦੀ ਪਲੈਨਿੰਗ ਤੋਂ ਪਿਛੋਂ, ਮੈਂ ਬਲਬੀਰ ਸਿੰਘ, ਅਜੀਤਪਾਲ ਸਿੰਘ (ਜੋ ਪਿਛੋਂ ਜਲੰਧਰ ਵਿਚ ਮਾਰੇ ਗਏ) ਜਰਨੈਲ ਸਿੰਘ ਹਲਵਾਰਾ (ਜੋ ਸੰਤ ਲੌਂਗੋਵਾਲ ਦਾ ਕਾਤਲ ਹੈ) ਤੇ ਰਛਪਾਲ ਸਿੰਘ ਕੋਰਟ ਵਿਚ ਸਟੇਨਗੰਨਾਂ ਤੇ ਚਾਰ ਰੀਵਾਲਵਰਾਂ ਨਾਲ ਗਏ। ਜਦੋਂ ਪੁਲਸੀਏ ਉਨ੍ਹਾਂ ਨੂੰ ਤੋਰ ਕੇ ਲਜਾ ਰਹੇ ਸਨ ਤੇ ਅਸੀਂ ਗੋਲੀਆਂ ਚਲਾਉਣ ਲੱਗੇ। ਜਦੋਂ ਗੁਰਿੰਦਰ ਸਿੰਘ ਭੋਲਾ ਤੇ ਸਵਰਨ ਸਿੰਘ ਨੂੰ ਪਤਾ ਲਗਾ ਤਾਂ ਉਹ ਵੀ ਜੀਪ ਵਿਚ ਬੈਠ ਗਏ। ਅਸੀਂ ਸੁੱਚੀ ਪਿੰਡ ਤੱਕ ਗਏ ਉਥੋਂ ਮਾਰੂਤੀ ਕਾਰ ਲਈ ਅਤੇ ਹੁਸ਼ਿਆਰਪੁਰ ਦੇ ਇਕ ਪਿੰਡ ਚਲੇ ਗਏ।" ਉਸ ਨੇ ਦੱਸਿਆ ਭੋਲਾ ਪਿਛੋਂ ਬੰਬਈ ਚਲਾ ਗਿਆ ਅਤੇ ਪੁਲਸ ਉਸਨੂੰ ਜਨਰਲ ਵੈਦਿਆ ਦੇ ਕਾਤਲਾਂ ਵਿਚੋਂ ਉਸਨੂੰ ਇਕ ਸਮਝਦੀ ਹੈ।

ਜੋ ਕਤਲ ਮਨਬੀਰ ਸਿੰਘ ਨੇ ਮੰਨੇ

ਜੋ ਕਤਲ ਮਨਬੀਰ ਸਿੰਘ ਨੇ ਮੰਨੇ ਹਨ ਉਨ੍ਹਾਂ ਵਿਚ ਮਾਰਚ ਵਿਚ ਕਪੂਰਥਲੇ ਵਿਚ ਅੱਠ ਆਦਮੀਆਂ ਦਾ ਕਤਲ, ਨਕੋਦਰ ਨੇੜੇ ਸੱਤ ਕਤਲ, ਜਲੰਧਰ ਵਿਚ ਇਕ ਬੈਂਕ ਡਕੈਤੀ, ਇੰਨਸਪੈਕਟਰ ਜਸਕੀਰਤ ਸਿੰਘ ਦੇ ਘਰ ਉਤੇ ਹਮਲਾ ਅਤੇ ਸੰਯੁਕਤ ਅਕਾਲੀ ਦਲ ਦੇ ਲੀਡਰ ਇੰਦਰਜੀਤ ਸਿੰਘ ਸੇਖੋਂ ਦੇ ਘਰ ਉਤੇ ਹਮਲਾ, ਅਤੇ ਕਪੂਰਥਲਾ ਜੇਲ੍ਹ ਵਿਚੋਂ ਤਿੰਨ ਦਹਿਸ਼ਤਪਸੰਦਾਂ ਨੂੰ ਕੱਢਣਾ।

ਅੱਠ ਅਕਾਲੀ ਲੀਡਰਾਂ ਦੀ ਲਿਸਟ

ਮਨਬੀਰ ਨੂੰ ਇਕ ਹਿੱਟ ਲਿਸਟ ਦਿਤੀ ਗਈ ਜਿਸ ਵਿਚ ਅੱਠ ਅਕਾਲੀ ਲੀਡਰਾਂ ਦੇ ਨਾਂ ਸਨ। ਸੱਤ ਪੁਲਸ ਅਫਸਰਾਂ ਦੇ ਜਿਨ੍ਹਾਂ ਵਿਚ ਪੁਲਸ ਮੁਖੀ ਰੈਬੀਰੋ ਵੀ ਸ਼ਾਮਲ ਸੀ। ਉਸ ਦੀ ਅਗਵਾਈ ਹੇਠ ਦਹਿਸ਼ਤਪਸੰਦਾਂ ਦੀ ਭਾਰੀ ਗੈਂਗ ਸੀ। ਉਸਦੇ ਗੈਂਗ ਦੇ 38 ਆਦਮੀ ਫੜੇ ਗਏ ਹਨ। ਅਜੇ ਦਸ ਆਦਮੀ ਭਗੌੜੇ ਹਨ ਜਿਨ੍ਹਾਂ ਵਿਚ ਸੁੱਖਾ, ਭੋਲਾ ਤੇ ਸਵਰਨਜੀਤ ਸ਼ਾਮਲ ਹਨ। ਪਿਛਲੇ ਪੰਦਰਵਾੜੇ ਵਿਚ ਸਾਰੇ ਪੰਜਾਬ ਵਿਚ 30 ਛੁਪਣ ਟਿਕਾਣਿਆਂ ਉਤੇ ਛਾਪੇ ਮਾਰੇ ਗਏ। ਪੁਲਸ ਮੁਖੀ ਰੈਬੀਰੋ ਦਾ ਕਹਿਣਾ ਹੈ, "ਛੇਤੀ ਹੀ ਦਸ ਕੱਟੜ ਦਹਿਸ਼ਤਪਸੰਦ ਫੜੇ ਜਾਣ ਵਾਲੇ ਹਨ। ਇਕਬਾਲੀਆ ਬਿਆਨ ਹੈਰਾਨੀ ਭਰੇ ਹਨ। ਚੰਗੇ ਅਮੀਰ ਬੰਦੇ ਇਨ੍ਹਾਂ ਨੂੰ ਟਿਕਾਣੇ, ਪੈਸਾ ਤੇ ਹਥਿਆਰ ਪੁਚਾ ਰਹੇ ਹਨ।" ਪੁਲਸ ਨੇ ਪਹਿਲਾਂ ਹੀ ਦੋ ਰਿਟਾਇਰਡ ਫੌਜੀ ਅਫਸਰ, ਇਕ ਜਾਗੀਰਦਾਰ, ਇਕ ਵਕੀਲ, ਤੇ ਇਕ ਡਾਕਟਰ ਫੜ ਲਏ ਹੋਏ ਹਨ।

(ਬਾਕੀ ਅਗਲੇ ਅੰਕ ਵਿਚ)

The Little Mountain Neighbourhood House Society

ਪ੍ਰੈਸ ਰਿਲੀਜ਼

3 ਤੋਂ 6 ਸਾਲ ਦੇ ਪਰੀ-ਸਕੂਲਰ ਬੱਚਿਆਂ ਲਈ ਅੰਗਰੇਜ਼ੀ ਦੀਆਂ ਜਮਾਤਾਂ ਲਿਟਲ ਮਾਊਂਨਟੇਨ ਨੇਬਰਹੁੱਡ ਹਾਊਸ ਤੇ 19 ਸਤੰਬਰ ਤੋਂ ਸ਼ੁਰੂ ਹੋ ਰਹੀਆਂ ਹਨ। ਫੀਸ 16 ਡਾਲਰ ਪ੍ਰਤੀ ਵਿਦਿਆਰਥੀ ਹੈ। ਪਤਾ ਹੈ 3981 ਮੇਨ ਸਟਰੀਟ (24 ਐਵੇਨਿਊ ਦੇ ਨੇੜੇ) ਮਾਹਰ ਆਧਿਆਪਕ ਦਾ ਪ੍ਰਬੰਧ ਹੈ। ਬੱਚੇ ਨੂੰ ਸਕੂਲ ਜਾਣ ਲਈ ਤਿਆਰ ਕਰਨ ਅਤੇ ਅੰਗਰੇਜ਼ੀ ਸਿਖਣ ਵਿਚ ਮਦਦ ਮਿਲੇਗੀ। ਫੋਨ ਕਰੋ ਕੁਲਜੀਤ ਨੂੰ ਜਾਂ ਬਾਰਬਰਾਂ ਨੂੰ 879-7104

For our Readers & Advertisers

'Canada Darpan'
Office Hours

Monday to Friday — 10 a.m. - 5.00 p.m.
Please phone during these hours only
Ph. 581-4473

ਸੁਪਰ ਫੋਟੋ

Passport Photos 5 Mins. Service
Quality Portraits
Our Bussiness Weddings



Super Photo Studio
9375 - 120th St. (Scott Rd.) Delta

Memories Restored
ਅਸੀਂ ਪੁਰਾਣੀਆਂ ਫਟੀਆਂ ਫੋਟੋਆਂ ਮੁੜ ਨਵੀਆਂ ਕਰਦੇ ਹਾਂ — ਬਲੈਕ ਐਂਡ ਵਾਈਟ ਫੋਟੋਆਂ ਕੱਲਰ ਕੀਤੀਆਂ ਜਾਂਦੀਆਂ ਹਨ

Off. 589-4668
Res. 596-3770

D.P. Pandia & Associates
Immigration Consultants
Serving the Community Since 1939
Ph. (604) 684-3716 or 684-8601
61 - 553 Granville St., Vancouver, B.C.

ਸਪੈਸ਼ਲ ਸੇਲ

AMBIKA FOODS

5125 Victoria Drive
Vancouver, B.C.
Ph. 327-0295

ਸਪੈਸ਼ਲ ਸੇਲ

From Friday to Tuesday Only

ਸ਼ੁਕਰਵਾਰ ਤੋਂ ਮੰਗਲਵਾਰ ਤੱਕ

Vegetable Oil ਵੈਜੀਟੇਬਲ ਤੇਲ 3 litre $ 1.99	Mazzola Corn Oil ਮਜ਼ੌਲਾ ਮੱਕੀ ਦਾ ਤੇਲ only 3 litre $5.79	Farine Roti Atta 10 kg. ਫਰੀਨ ਰੋਟੀ ਆਟਾ only $4.89	Chicken Legs (Whole) ਮੁਰਗੇ ਦੀਆਂ ਲੱਤਾਂ $ 1.29 lb.	Black Chana ਕਾਲੇ ਛੋਲੇ 29¢ lb.
Onions ਗੰਢੇ 50 lb. 5.99	Patato Box ਆਲੂ 50 lb. 6.99	Chana Flour ਵੇਸਣ 2 kg. 1.99	Milk ਦੁੱਧ 4 litre $3.39	Chana Dal ਛੋਲਿਆਂ ਦੀ ਦਾਲ 37¢ lb.
Pachranga Achar ਪਚਰੰਗਾ ਅਚਾਰ tin. 1.49	B.C. Sugar ਬੀ. ਸੀ. ਸ਼ੂਗਰ 10 KG. 5.89	Pacific Evaporated Milk 69¢	Nabob Tea ਨਵਾਬ ਚਾਹਪੱਤੀ 120 pkt. 3.69	Pea Flour ਮਟਰਾਂ ਦਾ ਆਟਾ 2 kg. 1.49
Goat Meat ਬੱਕਰੇ ਦਾ ਮੀਟ lb 1.99	Keema ਕੀਮਾ 2.49 lb.	Red Massur ਲਾਲ ਮਸਰ 59¢ lb.	Sun Flower Oil ਸਨ ਫਲਾਵਰ ਤੇਲ 3 lit. 2.99	Chicken Drumstick ਚਿਕਨ ਡਰੱਮਸਟਿਕ 99¢ lb.
Manh Whole Moong ਮਾਂਹ ਮੂੰਗੀ 29¢ lb.				

ਵਿਆਹ ਸ਼ਾਦੀਆਂ ਦੀ ਪਾਰਟੀ ਲਈ, ਜਨਮ ਦਿਨ ਜਾਂ ਹੋਰ ਕਿਸੇ ਕਿਸਮ ਦੀ ਪਾਰਟੀ ਲਈ ਖਾਣਾ ਬਣਾਉਣ ਲਈ ਕਿਚਨ ਕਿਰਾਏ ਤੇ ਮਿਲ ਸਕਦੀ ਹੈ — ਆਪ ਖਾਣਾ ਬਣਾਓ ਅਤੇ ਪੈਸੇ ਬਚਾਓ। ਕਿਚਨ ਵਿਚ ਖਾਣਾ ਬਣਾਉਣ ਲਈ ਮਦਦ ਵੀ ਮਿਲ ਸਕਦੀ ਹੈ ਹੋਰ ਜਾਣਕਾਰੀ ਲਈ ਫੋਨ ਕਰੋ :—
ਫੋਨ : 327-0295

For your marriage party or other parties — Kitchen facilities available for cooking — Day to day rental basis — cooking assistance available, too — cook yourself and save money.

Book in advance
Ph. 327-0295

40 ਹਜ਼ਾਰ ਬੱਚੇ ਲੈਬਨਾਨ ਦੀ ਜੰਗ ਦੀ ਭੇਟਾ ਚੜ੍ਹੇ

ਨਵੀਂ ਦਿੱਲੀ — ਲੈਬਨਾਨ ਦੀ ਖਾਨਾਜੰਗੀ ਵਿਚ ਪਿਛਲੇ ਦਸ ਸਾਲ ਦੌਰਾਨ ਲਗਪਗ 40 ਹਜ਼ਾਰ ਬੱਚੇ ਮੌਤ ਦੇ ਮੂੰਹ ਪੈ ਚੁਕੇ ਹਨ। ਵਿਸ਼ਵ ਸਿਹਤ ਸੰਗਠਨ ਦੇ ਇਕ ਅਧਿਐਨ ਅਨੁਸਾਰ ਹਜ਼ਾਰਾਂ ਲੈਬਨਾਨੀ ਬੱਚੇ ਯਤੀਮ ਹੋ ਚੁਕੇ ਹਨ, ਕਈ ਹਜ਼ਾਰ ਪਰਿਵਾਰ ਬੇਘਰ ਹੋ ਗਏ ਹਨ, ਜ਼ਰਾਇਤੀ ਭੂਮੀ ਤਬਾਹ ਹੋ ਗਈ ਅਤੇ ਸਿਹਤ, ਸਿਖਿਆ ਤੇ ਆਰਥਿਕ ਵਾਧੇ ਬਾਰੇ ਸਰਕਾਰ ਦੀਆਂ ਨੀਤੀਆਂ ਖੂਹ ਵਿਚ ਪੈ ਗਈਆਂ ਹਨ। ਇਕ ਸਮੁਚੇ ਸਮਾਜ ਦੇ ਬੱਚਿਆਂ ਉਤੇ ਹੋਏ ਇਸ ਸਮੂਹਕ ਅਤਿਆਚਾਰ ਵਲ ਕਿਸੇ ਨੇ ਧਿਆਨ ਨਹੀਂ ਦਿਤਾ। ਇਸ ਦਾ ਵੱਡਾ ਕਾਰਨ ਇਹ ਹੈ ਕਿ ਜਨ ਸਿਹਤ ਸਬੰਧੀ ਸਰਕਾਰੀ ਸੂਚੀਆਂ ਵਿਚ ਬੱਚਿਆਂ ਦੀਆਂ ਮੌਤਾਂ ਦਾ ਕਾਰਨ ਜੰਗ ਨਹੀਂ ਦੱਸਿਆ ਗਿਆ। ਸੋ ਇਸ ਵਿਸ਼ੇ ਸਬੰਧੀ ਲੋੜੀਂਦੇ ਅੰਕੜੇ ਇਕੱਠੇ ਕਰਨ ਦਾ ਕੋਈ ਢੰਗ ਨਹੀਂ। ਫੌਰੀ ਸਰੀਰਕ ਨੁਕਸਾਨ ਤੋਂ ਇਲਾਵਾ ਜੰਗ ਨੇ ਲੈਬਨਾਨੀ ਬੱਚਿਆਂ ਤੇ ਗੰਭੀਰ ਸਮਾਜਿਕ ਤੇ ਆਰਥਿਕ ਪ੍ਰਭਾਵ ਛੱਡੇ ਹਨ। ਬੱਚੇ ਯਤੀਮ ਹੋਏ ਹਨ, ਬੇਘਰ ਹੋਏ ਹਨ, ਭੁਖਮਰੀ ਦਾ ਸ਼ਿਕਾਰ ਹੋਏ ਹਨ ਅਤੇ ਵਿਦਿਆ ਤੋਂ ਵਾਂਝੇ ਰਹਿ ਗਏ ਹਨ। ਉਂਝ ਬੱਚਿਆਂ ਉਤੇ ਸਭ ਤੋਂ ਵੱਧ ਪ੍ਰਭਾਵ ਮਨੋਵਿਗਿਆਨਕ ਪਿਆ ਹੈ। ਖੋਜੀਆਂ ਨੇ ਵੇਖਿਆ ਹੈ ਕਿ ਬੱਚਿਆਂ ਵਿਚ ਡਰ ਅਤੇ ਅਸੁਰਖਿਅਤਾ ਹੀਣਤਾ ਅਤੇ ਨਿਰਾਸਤਾ ਦੀ ਭਾਵਨਾ ਵਧੀ ਹੈ। ਕੁਝ ਬੱਚਿਆਂ ਵਿਚ ਤਾਂ ਕਤਲਾਂ ਜਿਹੀਆਂ ਕਾਰਵਾਈਆਂ ਕਰਨ ਵਿਚ ਰੁਚੀ ਵੀ ਦੇਖੀ ਗਈ ਹੈ। ਵਿਸ਼ਵ ਸਿਹਤ ਸੰਗਠਨ ਦਾ ਸੁਝਾਅ ਹੈ ਕਿ ਤੀਜੀ ਦੁਨੀਆਂ ਵਿਚ ਜੰਗ ਨੂੰ ਬੱਚਿਆਂ ਦਾ ਪ੍ਰਮੁਖ ਕਾਤਲ ਕਰਾਰ ਦਿਤਾ ਜਾਵੇ। ਬੱਚਿਆਂ ਉਤੇ ਜੰਗ ਦੇ ਪ੍ਰਭਾਵਾਂ ਨੂੰ ਸ਼ਰੇਣੀਬਧ ਕੀਤਾ ਜਾਵੇ ਅਤੇ ਫਿਰ ਇਸ ਸੰਗਠਨ ਦੀ ਸਹਾਇਤਾ ਨਾਲ ਇਨ੍ਹਾਂ ਉਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਜਿਹਾ ਕਰਨ ਲਈ ਜੰਗ ਕਾਰਨ ਬੱਚਿਆਂ ਦੀਆਂ ਮੌਤਾਂ ਜਾਂ ਉਨ੍ਹਾਂ ਨੂੰ ਲਗਣ ਵਾਲੀਆਂ ਸੱਟਾਂ ਦਾ ਕੌਮਾਂਤਰੀ ਪੱਧਰ ਤੇ ਰਿਕਾਰਡ ਰੱਖਣਾ ਪਵੇਗਾ।

ਪ੍ਰਧਾਨ ਮੰਤਰੀ ਵਲੋਂ ਅੱਖਾਂ ਦਾਨ

ਨਵੀਂ ਦਿੱਲੀ — ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਆਪਣੀਆਂ ਅੱਖਾਂ ਮਰਨ ਉਪਰੰਤ ਅੱਖਾਂ ਦੇ ਕੌਮੀ ਬੈਂਕ ਨੂੰ ਦਾਨ ਕਰਨ ਦਾ ਪ੍ਰਣ ਕੀਤਾ। ਉਨ੍ਹਾਂ ਨੇ ਇਸ ਸਬੰਧੀ ਪ੍ਰਣ ਕਾਗਜ਼ਾਤ ਉਤੇ ਦਸਤਖਤ ਡਾ. ਰਾਜਿੰਦਰ ਪ੍ਰਸ਼ਾਦ ਨੇਤਰ ਰੋਗ ਇਲਾਜ ਕੇਂਦਰ ਦੇ ਮੁਖੀ ਡਾ. ਮਦਨ ਮੋਹਨ ਦੀ ਹਾਜ਼ਰੀ ਵਿਚ ਕੀਤੇ।

ਯੂਨਾਨ ਵਿਚ ਭੁਚਾਲ — 20 ਮਰੇ

ਏਥਨਜ਼ — ਸ਼ਕਤੀਸ਼ਾਲੀ ਭੁਚਾਲ ਕਾਰਨ ਯੂਨਾਨ ਦੇ ਦੱਖਣੀ ਖੇਤਰ ਵਿਚ ਵੀਹ ਮੌਤਾਂ ਹੋਣ ਦੀ ਖਬਰ ਹੈ। 300 ਤੋਂ ਉਪਰ ਵਿਅਕਤੀ ਜ਼ਖਮੀ ਹੋਏ ਹਨ। ਕਾਲਾਮਾਟਾ ਦੀ ਥਾਂ ਇਮਾਰਤਾਂ ਲੜਖੜਾਉਂਦੀਆਂ ਨਜ਼ਰ ਆ ਰਹੀਆਂ ਸਨ। ਲੋਕ ਡਰ ਦੇ ਮਾਰੇ ਘਰਾਂ 'ਚੋਂ ਬਾਹਰ ਨਿਕਲ ਆਏ।

ਕੇਂਦਰ ਨੇ ਪੰਜਾਬ ਸਮਝੌਤਾ ਖਟਾਈ ਵਿਚ ਪਾ ਦਿਤਾ — ਬਲਵੰਤ ਸਿੰਘ


ਚੰਡੀਗੜ੍ਹ — ਵਿੱਤ ਮੰਤਰੀ ਸ: ਬਲਵੰਤ ਸਿੰਘ ਪੰਜਾਬ ਸਮਝੌਤਾ ਲਾਗੂ ਨਾ ਕਰਨ ਲਈ ਕੇਂਦਰ ਸਰਕਾਰ ਅਤੇ ਗ੍ਰਹਿ ਮੰਤਰਾਲੇ ਤੇ ਵਰੇ, ਉਨ੍ਹਾਂ ਕਿਹਾ ਕਿ ਕੇਂਦਰ ਤੇ ਗ੍ਰਹਿ ਮੰਤਰਾਲਾ ਪੰਜਾਬ ਸਮਝੌਤੇ ਦੀ ਅਸਲ ਭਾਵਨਾ ਨੂੰ ਹੀ ਖਤਮ ਕਰ ਰਹੇ ਹਨ। ਵਿੱਤ ਮੰਤਰੀ ਨੇ ਕਿਹਾ ਕਿ ਕੇਂਦਰ ਨੇ ਪੰਜਾਬ ਸਮਝੌਤੇ ਨੂੰ ਪੰਜਾਬ ਅਤੇ ਇਸ ਦੇ ਗਵਾਂਢੀ ਰਾਜਾਂ ਹਰਿਆਣਾ ਅਤੇ ਰਾਜਸਥਾਨ ਵਿਚਕਾਰ ਝਗੜੇ ਵਿਚ ਬਦਲਕੇ ਰਖ ਦਿਤਾ ਹੈ। ਪੱਤਰਕਾਰਾਂ ਨਾਲ ਗੈਰ-ਰਸਮੀ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਮਝੌਤੇ ਦੀਆਂ 11 ਮੱਦਾਂ 'ਚੋਂ ਇਕ ਵੀ ਲਾਗੂ ਨਹੀਂ ਕੀਤੀ ਗਈ। ਸ: ਬਲਵੰਤ ਸਿੰਘ ਨੇ ਕਿਹਾ ਕਿ ਅਜੇ ਸਿਰਫ ਪੰਜਾਬ ਸਰਕਾਰ ਨੇ ਹੀ ਫੌਜੀਆਂ ਦੀ ਬਹਾਲੀ ਅਤੇ ਦੰਗਾ ਪੀੜਤ ਪਰਿਵਾਰਾਂ ਨੂੰ ਰਾਹਤ ਦੇਣ ਸੰਬਧੀ ਧਾਰਾਵਾਂ ਤੇ ਅਮਲ ਸ਼ੁਰੂ ਕੀਤਾ ਹੈ। ਉਨ੍ਹਾਂ ਕਿਹਾ ਕਿ ਸਵਰਗੀ ਸੰਤ ਲੌਂਗੋਵਾਲ ਵਲੋਂ ਸਮਝੌਤੇ ਦੇ ਦਸਖਤ ਕਰਨ ਦਾ ਉਦੇਸ਼ ਭੁਲੇ ਭਟਕੇ ਲੋਕਾਂ ਨੂੰ ਮੁਖ ਧਾਰਾ ਵਿਚ ਸ਼ਾਮਲ ਕਰਨਾ ਸੀ ਅਤੇ ਉਹ ਦੇਸ਼ ਦੀ ਏਕਤਾ ਅਤੇ ਅਖੰਡਤਾ ਬਰਕਰਾਰ ਰਖਣਾ ਚਾਹੁੰਦੇ ਸਨ। ਪਰ ਕਾਂਗਰਸ (ੲ) ਦੇ ਸੌੜੇ ਹਿੱਤ ਇਨ੍ਹਾਂ ਲੋਕਾਂ ਨੂੰ ਹੋਰ ਵੀ ਦੂਰ ਕਰ ਰਹੇ ਹਨ। ਉਨ੍ਹਾਂ ਹੋਰ ਕਿਹਾ ਕਿ ਮੁਢਲਾ ਸਵਾਲ ਰਾਸ਼ਟਰ ਦੀ ਅਖੰਡਤਾ ਜਾਂ ਇੰਕਾ ਦੀ ਹੋਂਦ ਬਰਕਰਾਰ ਰੱਖਣ ਦਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਿਰਫ ਇੰਕਾ ਦੀ ਹੋਂਦ ਨੂੰ ਕਾਇਮ ਰਖਣ ਲਈ ਖਤਰਨਾਕ ਖੇਡ ਖੇਡ ਰਿਹਾ ਹੈ। ਸ: ਬਲਵੰਤ ਸਿੰਘ ਨੇ ਕਾਂਗਰਸ (ੲ) ਦੀ ਨਵੀਂ ਲੀਡਰਸ਼ਿਪ 'ਚ ਵੀ ਸੂਝਬੂਝ ਤੇ ਸਿਆਣਪ ਦੀ ਘਾਟ ਦਾ ਦੋਸ਼ ਲਾਇਆ। ਉਨ੍ਹਾਂ ਦਾ ਇਹ ਸਪੱਸ਼ਟ ਸੰਕੇਤ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੇਲੇ ਕਦੇ ਵੀ ਰਾਸ਼ਟਰੀ ਏਕਤਾ ਅਤੇ ਅਖੰਡਤਾ ਦਾ ਮਾਮਲਾ ਪੈਦਾ ਨਹੀਂ ਸੀ ਹੋਇਆ। ਨਾਰਾਜ਼ ਅਕਾਲੀ ਨੇਤਾਵਾਂ ਨਾਲ ਕੇਂਦਰ ਦੀ ਗੱਲਬਾਤ ਬਾਰੇ ਪੁਛੇ ਜਾਣ ਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਦੀ ਕੋਈ ਜਾਣਕਾਰੀ ਨਹੀਂ।

ਕਾਂਗਰਸ (ੲ) ਤੋਂ ਹਮਾਇਤ ਲੈਣ ਦਾ ਸਵਾਲ ਹੀ ਨਹੀਂ — ਖਾਲਸਾ

ਫਗਵਾੜਾ — ਵਿਦਿਆ ਮੰਤਰੀ ਸ: ਬਸੰਤ ਸਿੰਘ ਖਾਲਸਾ ਨੇ ਕਿਹਾ ਹੈ ਕਿ ਬਰਨਾਲਾ ਸਰਕਾਰ ਨੂੰ ਸਾਰੇ 73 ਵਿਧਾਇਕਾਂ ਦੀ ਹਮਾਇਤ ਪ੍ਰਾਪਤ ਹੈ, ਇਸੇ ਲਈ ਕਾਂਗਰਸ (ਆਈ) ਤੋਂ ਮਦਦ ਲੈਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਡੈਲੀਗੇਟ ਸਾਂਝੇ ਹਨ ਤੇ ਸਾਰੇ ਵਿਧਾਇਕ ਵੀ ਇਕੋ ਚੋਣ ਨਿਸ਼ਾਨ ਅਤੇ ਸਾਂਝੇ ਪ੍ਰੋਗਰਾਮ ਤੇ ਹੀ ਜਿੱਤੇ ਹਨ। ਸ: ਖਾਲਸਾ ਨੇ ਦੋਹਾਂ ਅਕਾਲੀ ਦਲਾਂ ਨੂੰ ਏਕਤਾ ਦਾ ਸੰਕੇਤ ਦਿੰਦਿਆਂ ਕਿਹਾ ਕਿ ਜੱਟ ਦੇ ਪੁਤ ਬਾਰੇ ਮਸ਼ਹੂਰ ਹੈ ਕਿ ਉਹ 364 ਦਿਨ ਲੜਦਾ ਰਹਿੰਦਾ ਹੈ ਪਰ ਸਾਲ ਦੇ ਆਖਰੀ ਦਿਨ ਔਖੀ ਘੜੀ ਵੇਲੇ ਭਰਾਵਾਂ ਦੀ ਬਾਂਹ ਫੜ ਲੈਂਦਾ ਹੈ। ਸ: ਖਾਲਸਾ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਾਲਜਾਂ ਅਤੇ ਅਧਿਆਪਕਾਂ ਦੀ ਭਰਤੀ ਲਈ ਇਕ ਉਚ ਪੱਧਰੀ ਕਮੇਟੀ ਕਾਇਮ ਕੀਤੀ ਗਈ ਹੈ ਜਿਸ ਵਿਚ ਵਿਦਵਾਨ ਅਤੇ ਸਾਬਕਾ ਡੀ. ਪੀ. ਆਈ. ਸ਼ਾਮਲ ਹਨ। ਕਮੇਟੀ ਵਿਚ ਸ: ਬਲਦੇਵ ਸਿੰਘ, ਗੁਰਨਾਮ ਸਿੰਘ ਬਿੰਜਲ, ਜੇ. ਕੇ. ਗਰੇਵਾਲ ਅਤੇ ਸ੍ਰੀਮਤੀ ਨਿਸ਼ਾਵਨ ਸ਼ਾਮਲ ਹਨ। ਇਸ ਤਰ੍ਹਾਂ ਨਵੀਆਂ ਆਸਾਮੀਆਂ ਤੇ ਲੱਗੀ ਪਾਬੰਦੀ ਇਕ ਤਰ੍ਹਾਂ ਨਾਲ ਖਤਮ ਹੋ ਗਈ। ਸ: ਖਾਲਸਾ ਨੇ ਪ੍ਰਧਾਨ ਮੰਤਰੀ ਦੀ ਤਾਰੀਫ ਕਰਦਿਆਂ ਕਿਹਾ ਕਿ ਉਹ ਕਰਾਂਤੀਕਾਰੀ ਵਿਚਾਰਾਂ ਦੇ ਹਨ ਤੇ ਉਨ੍ਹਾਂ ਨੇ ਮਿਜ਼ੋਰਮ ਸਮਝੌਤਾ ਕਰਕੇ ਰਾਜਸੀ ਸੂਝ-ਬੂਝ ਅਤੇ ਦ੍ਰਿੜਤਾ ਦਾ ਸਬੂਤ ਦਿੱਤਾ ਹੈ। ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਅਤੇ ਵਿੱਤ ਮੰਤਰੀ ਸ: ਬਲਵੰਤ ਸਿੰਘ ਦੀ ਹਾਲ ਹੀ ਵਿਚ ਪ੍ਰਧਾਨ ਮੰਤਰੀ ਨਾਲ ਹੋਈ ਮੀਟਿੰਗ ਦਾ ਜ਼ਿਕਰ ਕਰਦਿਆਂ ਸ: ਖਾਲਸਾ ਨੇ ਕਿਹਾ ਕਿ ਇਸ ਨਾਲ ਜੋਧਪੁਰ ਅਤੇ ਹੋਰ ਜੇਲ੍ਹਾਂ ਦੇ ਨਜ਼ਰਬੰਦ ਨੌਜਵਾਨਾਂ ਤੇ ਬੈਰਕਾਂ ਛੱਡ ਆਏ ਫੌਜੀਆਂ ਦੀ ਰਿਹਾਈ ਦੀ ਆਸ ਵਧ ਗਈ ਹੈ।

ਆਪਣੇ ਵਪਾਰ ਵਿਚ ਵਾਧੇ ਲਈ 'ਕੈਨੇਡਾ ਦਰਪਣ'
ਨੂੰ ਫੋਨ ਕਰੋ:
581-4473
(ਦਫਤਰ ਦਾ ਸਮਾਂ 10.00 ਤੋਂ 5 ਵਜੇ ਤੱਕ)

PROCRASTINATION



- INVEST $83.33 MONTHLY TO AGE 65

- MONTHLY INVESTMENT REQUIRED TO ACCUMULATE $2,003,593.00 AT AGE:—
  25 — $ 154.06
  35 — $ 532.66
  45 — $1,929.34
  55 — $8,478.00



Iardial Sidhu (Dale)

Off: 682-5431

Res: 591-2697

- Investment Funds
- Guaranteed Investment Certificates
- Registeres Retirement Savings Plans
- Estate Planning
- Life and Disability Insurance
- Annuities

Investors Syndicate Limited
A MEMBER COMPANY OF THE INVESTORS GROUP

Main Fl., 789 W. Pender Street / Vancouver, B.C. V6C 1H2
Bus. 682-5431 Res. 591-2697

ਹੋਰ ਜਾਣਕਾਰੀ ਲਈ
ਹਰਦਿਆਲ ਸਿੱਧੂ (ਡੇਅਲ) ਨੂੰ
ਫੋਨ ਕਰੋ

ASSUMES 13% COMPOUND INTEREST RATE

ਐਨ. ਡੀ. ਪੀ. ਰੇਸ ਰੀਲੇਸ਼ਨਜ਼ ਤੇ ਹਿਊਮਨ ਰਾਈਟਸ ਟਾਸਕ ਫੋਰਸ ਦੀ ਰੀਪੋਰਟ

ਚਰਨਪਾਲ ਗਿੱਲ

ਉਸਤਾਦਾਂ ਤੇ ਕੌਂਸਲਰਾਂ ਲਈ ਟਰੇਨਿੰਗ

ਸਾਡੀਆਂ ਯੂਨੀਵਰਸਿਟੀਆਂ ਬਹੁ-ਭਾਂਤੀ ਸਭਿਆਚਾਰਕ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਉਸਤਾਦਾਂ ਨੂੰ ਤਿਆਰ ਨਹੀਂ ਕਰਦੀਆਂ ਕਿਉਂਕਿ ਉਨ੍ਹਾਂ ਦੀ ਸਿਖਲਾਈ ਗੋਰੇ ਪ੍ਰੋਫੈਸਰ ਕਰਦੇ ਹਨ। ਸਕੂਲਾਂ ਵਿਚ ਤੇ ਕਾਲਜਾਂ ਵਿਚ ਪੜ੍ਹਾਉਣ ਵਾਲੇ ਸਮੁਚੀ ਸੁਸਾਇਟੀ ਦੇ ਪ੍ਰਤੀਨਿਧ ਹੋਣੇ ਚਾਹੀਦੇ ਹਨ।

ਵਿਦਿਆ ਦੀ ਡਿਗਰੀ ਲੈਣ ਵਾਲਿਆਂ ਲਈ ਘੱਟ ਗਿਣਤੀ, ਨਸਲਵਾਦ ਤੇ ਬਹੁ-ਭਾਂਤੀ ਸਭਿਆਚਾਰਕ ਲੋਕਾਂ ਦੀ ਜਾਣਕਾਰੀ ਲਈ ਕੋਰਸ ਜ਼ਰੂਰੀ ਹੋਣੇ ਚਾਹੀਦੇ ਹਨ। ਵਿਦਿਆ ਦੇ ਮਹਿਕਮੇ ਵਲੋਂ, ਨੌਕਰੀ ਕਰਨ ਤੋਂ ਪਹਿਲੋਂ ਟਰੇਨਿੰਗ ਪਰੋਗਰਾਮ, ਗਰਮੀਆਂ ਦੀਆਂ ਛੁਟੀਆਂ ਵਿਚ ਤੇ ਸ਼ਾਮ ਦੀਆਂ ਜਮਾਤਾਂ ਵਿਚ ਰੇਸ ਰੀਲੇਸ਼ਨਜ਼ ਦੇ ਕੋਰਸ ਹੋਣੇ ਚਾਹੀਦੇ ਹਨ।

ਸਕੂਲਾਂ ਵਿਚ ਵਿਦਿਆਰਥੀਆਂ ਦਾ ਮੂਲਅੰਕਨ ਤੇ ਦਾਖਲਾ ਬਹੁਤ ਅਹਿਮ ਹੈ। ਪਰਵਾਰਾਂ ਤੇ ਕੌਂਸਲਰਾਂ ਦਰਮਿਆਨ ਜੋ ਫੈਸਲੇ ਹੁੰਦੇ ਹਨ ਉਹ ਬੱਚਿਆਂ ਦੇ ਭਵਿਖ ਲਈ ਬਹੁਤ ਅਸਰਦਾਇਕ ਹਨ। ਵਿਦਿਆਰਥੀਆਂ ਦੇ ਦਾਖਲੇ ਲਈ ਗੋਰਿਆਂ ਦੇ ਮਿਆਰ ਤੇ ਬਣਾਏ ਹੋਏ ਇਮਤਿਹਾਨਾਂ ਤੋਂ ਬਾਵਜੂਦ ਉਨ੍ਹਾਂ ਦੀ ਕਾਬਲੀਅਤ ਨੂੰ ਜ਼ਿਆਦਾ ਤਰਜੀਹ ਦੇਣੀ ਚਾਹੀਦੀ ਹੈ। ਵਿਦਿਆਰਥੀਆਂ ਦੀਆਂ ਕੀਮਤਾਂ, ਸਮਾਜਕ ਗੁਣ ਤੇ ਜ਼ਬਾਨ ਤੋਂ ਕੌਂਸਲਰਾਂ ਨੂੰ ਜਾਣੂੰ ਹੋਣਾ ਚਾਹੀਦਾ ਹੈ ਤੇ ਉਸਦੇ ਆਧਾਰ ਤੇ ਹੀ ਉਹ ਉਨ੍ਹਾਂ ਦੀ ਮੂਲਆਂਕਨ ਕਰਨ। ਕੌਂਸਲਰਾਂ ਨੂੰ ਘੱਟ ਗਿਣਤੀ ਮਾਪਿਆਂ ਨਾਲ ਕੰਮ ਕਰਨ ਦੀ ਕਾਬਲੀਅਤ ਹੋਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਦੇ ਬੱਚਿਆਂ ਨੂੰ ਸਹੀ ਤੇ ਯੋਗ ਦਾਖਲਾ ਮਿਲੇ। ਬਹੁਤ ਸਾਰੇ ਘੱਟ ਗਿਣਤੀ ਦੇ ਵਿਦਿਆਰਥੀ ਸੰਕਟ ਵਿਚੋਂ ਲੰਘ ਰਹੇ ਹਨ। ਇਨ੍ਹਾਂ ਦੀਆਂ ਮੁਸ਼ਕਲਾਂ ਨੂੰ ਸਮਝਣਾ ਅਤੀ ਜ਼ਰੂਰੀ ਹੈ।

ਇਹ ਬਹੁਤ ਹੀ ਜ਼ਰੂਰੀ ਹੈ ਕਿ ਉਸਤਾਦ ਬਹੁ-ਭਾਂਤੀ ਸਭਿਆਚਾਰਕ ਗੱਲਬਾਤ ਸਮਝਣ ਦੀ ਸਮਰੱਥਾ ਰਖਦੇ ਹੋਣ। ਇਸ ਤੋਂ ਇਲਾਵਾ ਹਰ ਕੌਂਸਲਰ ਨੂੰ ਬਹੁ-ਭਾਂਤੀ ਸਭਿਆਚਾਰਕ ਲਈ ਸਿਖਲਾਈ ਦੇਣੀ ਜ਼ਰੂਰੀ ਹੈ ਕਿਉਂਕਿ ਇਹ ਸੰਭਵ ਹੈ ਕਿ ਉਸ ਨੂੰ ਬਹੁ-ਭਾਂਤੀ ਵਿਦਿਆਰਥੀਆਂ ਨਾਲ ਕੰਮ ਕਰਨਾ ਪਵੇ। ਬਹੁਤ ਸਾਰੇ ਵਿਦਿਆਰਥੀਆਂ ਦੀਆਂ ਇਸ ਸੂਬੇ ਵਿਚ ਲੋੜਾਂ ਪੂਰੀਆਂ ਨਹੀਂ ਹੋਣਗੀਆਂ ਜਿਨਾ ਚਿਰ ਉਸਤਾਦ ਉਪਰਲੇ ਗੁਣ ਗ੍ਰਹਿਣ ਨਾ ਕਰ ਲੈਣ।


ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਐਨ. ਡੀ. ਪੀ. ਦੀ ਸਰਕਾਰ ਸਾਰੀਆਂ ਵਿਦਿਅਕ ਸੰਸਥਾਵਾਂ ਨੂੰ ਜ਼ੋਰ ਦੇਵੇ ਕਿ ਸਾਰੇ ਉਸਤਾਦਾਂ ਨੂੰ ਜਿਨਸੀ ਰਿਸ਼ਤਿਆਂ ਵਿਚ ਸਿਖਲਾਈ ਦੇਣ ਲਈ ਬੇਨਤੀ ਕਰੇ।

ਉਸਤਾਦਾਂ ਨੂੰ ਵਖੋ ਵੱਖਰੇ ਸਭਿਆਚਾਰਾਂ ਦਾ ਵੱਖਰਾਪਨ ਦੱਸਣ ਲਈ ਤੇ ਪਾਠ ਪਰਨਾਲੀ ਵਿਚ ਵਰਤਣ ਵਾਲੀ ਸਮੱਗਰੀ ਵਿਚ ਗਲਤੀਆਂ ਤੇ ਪੱਖਪਾਤ ਤੋਂ ਜਾਣੂ ਕਰਾਉਣ ਲਈ ਕੋਰਸ ਦੇਣੇ ਚਾਹੀਦੇ ਹਨ। ਉਸਤਾਦਾਂ ਨੂੰ ਨਸਲਵਾਦੀ ਵਤੀਰੇ ਖਿਲਾਫ ਜਮਾਤ ਤੇ ਆਪਣੇ ਸਾਥੀਆਂ ਵਿਚ ਸਾਹਮਣਾ ਕਰਨ ਲਈ ਸਿਖਲਾਈ ਦੇਣ ਵਿਚ ਮੱਦਦ ਕਰਨੀ ਚਾਹੀਦੀ ਹੈ।

ਅੰਦਰੂਨੀ ਸਿਖਲਾਈ ਲਈ ਬਾਹਰਲੇ ਸਭਿਆਚਾਰਕ ਕੇਂਦਰਾਂ ਦੀ ਸੈਰ ਅਤੇ ਧਾਰਮਿਕ ਸਥਾਨਾਂ ਦੀ ਯਾਤਰਾ ਤੇ ਘੱਟ ਗਿਣਤੀ ਦੇ ਪੇਸ਼ਾਵਰ ਤੇ ਮਹਿਮਾਨਾਂ ਤੋਂ ਲੈਕਚਰਾਂ ਦੀ ਲੋੜ ਹੈ।

ਇਹ ਸਿਫਾਰਸ਼ ਹੈ ਕਿ ਐਨ. ਡੀ. ਪੀ. ਦੀ ਨਵੀਂ ਸਰਕਾਰ ਸਕੂਲ ਬੋਰਡਾਂ ਤੇ ਇੰਤਜ਼ਾਮੀਆਂ ਤੇ ਉਸਤਾਦਾਂ ਦੀ ਸਿਖਲਾਈ ਲਈ ਮੱਦਦ ਕਰੇ ਤਾਂ ਕਿ ਉਹ ਐਥਨਿਕ ਤੇ ਘੱਟ ਗਿਣਤੀ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰ ਸਕਣ

ਉਸਤਾਦਾਂ ਦਾ ਸਭ ਤੋਂ ਵਧੀਆ ਲਛਣ ਆਪਣੇ ਵਿਦਿਆਰਥੀਆਂ ਲਈ ਇਹ ਹੈ ਕਿ ਉਹ ਉਨ੍ਹਾਂ ਲਈ ਇਕ ਨਮੂਨੇ ਦਾ ਕੰਮ ਕਰਨ। ਇਹ ਭੀ ਜ਼ਰੂਰੀ ਹੈ ਕਿ ਵਿਦਿਆਰਥੀ ਮਹਿਸੂਸ ਕਰਨ ਕਿ ਉਹ ਆਪਣੇ ਉਸਤਾਦਾਂ ਨਾਲ ਖੁਲਮ ਖੁਲੀ ਗੱਲ ਕਰ ਸਕਣ ਤੇ ਉਸਤਾਦ ਉਨ੍ਹਾਂ ਨੂੰ ਸਮਝ ਸਕਣ। ਜਿੰਨਾ ਚਿਰ ਇਸ ਗੱਲ ਦੀ ਪੂਰਤੀ ਨਹੀਂ ਹੁੰਦੀ ਓਨਾ ਚਿਰ ਘੱਟ ਗਿਣਤੀ ਦੇ ਵਿਦਿਆਰਥੀ ਆਪਣੇ ਆਪ ਨੂੰ ਘਟੀਆ ਹੀ ਸਮਝਣਗੇ।



ਅੱਜ ਬੀ. ਸੀ. ਵਿਚ ਬਹੁ ਸੰਮਤੀ ਉਸਤਾਦ ਪ੍ਰਮੁਖ ਸਭਿਆਚਾਰ ਨਾਲ ਸਬੰਧ ਰਖਦੇ ਹਨ। ਵਿਦਿਅਕ ਸੰਸਥਾਵਾਂ ਵਿਚ ਘੱਟ ਗਿਣਤੀ ਉਸਤਾਦਾਂ ਨੂੰ ਸਮਰਥਕ ਦੇਣ ਲਈ ਕਾਨੂੰਨ ਬਨਾਉਣੇ ਚਾਹੀਦੇ ਹਨ। ਯੂ. ਬੀ. ਸੀ. ਵਿਚ ਆਦਿ ਵਾਸੀਆਂ ਲਈ ਵਿਦਿਅਕ ਪ੍ਰੋਗਰਾਮ ਇਕ ਚੰਗੀ ਮਿਸਾਲ ਹੈ। ਬਹੁ-ਭਾਂਤੀ ਸਭਿਆਚਾਰ ਵਿਚੋਂ ਵਿਦਿਅਕ ਭਾਈਚਾਰੇ ਵਿਚ ਉਸਤਾਦ ਲਿਆਉਣ ਲਈ ਨਵੇਂ ਤਰੀਕੇ ਸੋਚਣੇ ਚਾਹੀਦੇ ਹਨ।

ਨਵੇਂ ਕੌਂਸਲਰਾਂ ਲਈ ਸਿਖਲਾਈ ਦੇਣੀ ਤੇ ਨੌਕਰੀਆਂ ਦੇਣੀਆਂ, ਜੋ ਕਿ ਬਹੁ-ਭਾਂਤੀ ਸਭਿਆਚਾਰ ਵਿਚ ਕੰਮ ਕਰਨ ਦੇ ਯੋਗ ਹੋਣ, ਵਿਦਿਆਰਥੀਆਂ ਦੇ ਮੂਲਆਂਕਣ ਅਤੇ ਦਾਖਲੇ ਲਈ ਅਤੀ ਜ਼ਰੂਰੀ ਹੈ।

ਟਾਸਕ ਫੋਰਸ ਇਹ ਸਿਫਾਰਸ਼ ਕਰਦੀ ਹੈ ਕਿ ਐਨ. ਡੀ. ਪੀ. ਦੀ ਸਰਕਾਰ ਸਕੂਲ ਬੋਰਡਾਂ ਨੂੰ ਸੇਧ ਦੇਵੇਗੀ ਤਾਂਕਿ ਘੱਟ ਗਿਣਤੀਆਂ ਦੀ ਵਿਦਿਅਕ ਮਹਿਕਮੇ ਵਿਚ ਹਿਸੇਦਾਰੀ ਵਧੇ ਤੇ ਇਹ ਵੱਧ ਤੋਂ ਵੱਧ ਸਰਕਰਦਾ ਪਦਵੀ ਤੇ ਹੋਣ

ਆਦਿ ਵਾਸੀ ਤੇ ਅੰਗਰੇਜ਼ੀ ਨਾ ਬੋਲਣ ਵਾਲੇ ਬੱਚਿਆਂ ਦੀ ਸਕੂਲ ਵਿਚ ਦਾਖਲ ਹੋਣ ਤੋਂ ਪਹਿਲਾਂ ਦੀ ਸਿਖਲਾਈ ਬਹੁਤ ਹੀ ਲਾਭਵੰਦ ਸਾਬਤ ਹੋਈ ਹੈ। ਨਵੇਂ ਬੱਚਿਆਂ ਦੀ ਚੰਗੀ ਵਿਦਿਆ ਸ਼ੁਰੂਆਤ ਕਰਨ ਲਈ ਕਈ ਸਕੂਲ ਬੋਰਡ ਨਵੇਂ ਕਾਨੂੰਨ ਬਣਾ ਰਹੇ ਹਨ। ਕਈ ਨਵੇਂ ਬੱਚੇ ਜਿਨ੍ਹਾਂ ਨੂੰ ਬੋਲੀ ਦੀ ਤੇ ਸਭਿਆਚਾਰ ਦੀ ਘਾਟ ਹੈ ਉਨ੍ਹਾਂ ਦੀ ਮਦਦ ਲਈ ਸੁਚੱਜੇ ਪ੍ਰੋਗਰਾਮਾਂ ਦੀ ਕਿੰਡਰਗਾਰਟਨ ਵਿਚ ਅਤੀ ਲੋੜ ਹੈ। ਖੋਜ ਤੋਂ ਭੀ ਇਹ ਭਲੀ ਭਾਂਤ ਪਤਾ ਲਗਦਾ ਹੈ ਕਿ ਮੁਢਲੀ ਵਿਦਿਆ ਬੱਚਿਆਂ ਦੇ ਸਿਖਣ ਵਾਲੇ ਗੁਣਾਂ ਨੂੰ ਬਹੁਤ ਹੀ ਵਧਾਉਂਦੀ ਤੇ ਫੈਲਾਉਂਦੀ ਹੈ।

ਇਹ ਟਾਸਕ ਫੋਰਸ ਐਨ. ਡੀ. ਪੀ. ਦੀ ਸਰਕਾਰ ਨੂੰ ਸਿਫਾਰਸ਼ ਕਰਦੀ ਹੈ ਕਿ ਉਹ ਆਦਿ ਵਾਸੀਆਂ ਤੇ ਅੰਗਰੇਜ਼ੀ ਨਾ ਬੋਲਣ ਵਾਲੇ ਬੱਚਿਆਂ ਦੀ ਸਹਾਇਤਾ ਕਰਨ ਲਈ ਪੂਰਵ-ਸਕੂਲ ਵਿਚ ਸਪੇਸ਼ਲ ਪ੍ਰੋਗਰਾਮਾਂ ਦਾ ਸਬੰਧ ਕਰੇ।

(ਚਲਦਾ)

ਨਫ਼ਰਤ ਦੇ ਨਾਗ ਖ਼ਾਤਰ ਪਿਆਰਾਂ ਦੀ ਬੀਨ ਹਾਜ਼ਰ
ਹੋ ਜਾਏ ਕੁੱਝ ਤਮਾਸ਼ਾ, ਸਰਕਾਰ ਦੇਰ ਕੀ ਹੈ ?

ਕੀਕਰ ਉਲਝ ਗਿਆ ਹੈ ਦਿਲ ਦਾ ਜਨੌਰ ਮੇਰਾ
ਤੇਰੀ ਜ਼ੁਲਫ਼ ਨਹੀਂ ਤਾਂ ਕਿਸਮਤ ਦਾ ਘੇਰ ਕੀ ਹੈ ?

ਦਿਲ ਅਪਣਾ ਮੋੜਣਾ ਨਾ, ਅੱਖਾਂ ਨੂੰ ਨੂਰ ਲੈਣਾ
ਜੇ ਇਹ ਨਹੀਂ ਕਿਆਮਤ ਤਾਂ ਹੋਰ ਫੇਰ ਕੀ ਹੈ ?

ਪੜਚੋਲੀਆਂ ਨੇ ਇਮੀਗਰੇਸ਼ਨ ਡੀਪਾਰਟਮੈਂਟ ਦੀ ਛਿੱਲ ਲਾਹੀ

ਚਰਨਪਾਲ ਗਿੱਲ

ਪੜਚੋਲੀਆ ਡੀਪਾਰਟਮੈਂਟ ਨੇ ਕਿਹਾ ਕਿ ਇੰਮੀਗਰੇਸ਼ਨ ਦੀਆਂ ਪਾਲਿਸੀਆਂ ਨੂੰ ਸਾਰੇ ਕੈਨੇਡਾ ਵਿਚ ਇਕਸੁਰ ਲਾਗੂ ਕਰਨ ਲਈ ਅਟਵੇ ਦੇ ਉਚ-ਅਧਿਕਾਰੀ ਫੇਲ੍ਹ ਹੋ ਚੁਕੇ ਹਨ। ਇੰਮੀਗਰੇਸ਼ਨ ਦੀ ਸੇਵਾ ਬਹੁਤ ਘਟੀਆ ਹੋ ਗਈ ਹੈ ਮਹਿਕਮੇ ਦੇ ਅਧਿਕਾਰੀਆਂ ਤੇ ਕੋਈ ਕੰਟਰੋਲ ਨਹੀਂ ਤੇ ਨਾ ਹੀ ਇਨ੍ਹਾਂ ਨੂੰ ਕੋਈ ਸੇਧ ਹੈ। ਮੂਹਰਲੇ ਸਟਾਫ ਮੈਂਬਰਾਂ ਨੂੰ ਸਿਖਲਾਈ ਦੀ ਘਾਟ ਹੈ, ਇੰਨ੍ਹਾਂ ਦੇ ਕੰਮ ਕਰਨ ਦੇ ਹੌਂਸਲੇ ਗਿਰ ਚੁਕੇ ਹਨ ਤੇ ਲੋਕਾਂ ਲਈ ਸੇਵਾ ਯੋਗ ਨਹੀਂ ਹੈ।

ਇਸਦਾ ਦੁਖਾਂਤਕ ਅਸਰ ਆਮ ਲੋਕਾਂ ਤੇ ਪਿਆ ਹੈ। ਇਸ ਸੇਵਾ ਨੂੰ ਯੋਗ ਬਨਾਉਣ ਲਈ ਅਧਿਕਾਰੀਆਂ ਨੇ ਕੋਈ ਚੰਗੇ ਤਰੀਕੇ ਨਹੀਂ ਸੋਚੇ। ਆਡਿਟ ਨੇ ਆਪਦੀ ਪੜਤਾਲ ਵਿਚ ਇਹ ਪਤਾ ਕੱਢਿਆ ਕਿ ਇਮੀਗਰੇਸ਼ਨ ਅਫਸਰ ਲੋਕਾਂ ਲਈ ਚੰਗਾ ਵਰਤਾਓ ਨਹੀਂ ਕਰਦੇ ਤੇ ਨਾ ਹੀ ਉਨ੍ਹਾਂ ਦਾ ਮੌਕੇ ਤੇ ਕੰਮ ਕਰਦੇ ਹਨ ਬੁਨਿਆਦੀ, ਪੇਸ਼ਾਵਰ ਤੇ ਗੁਣਵਾਦੀ ਸੇਵਾ ਦੇਣ ਲਈ ਕਈ ਗੱਲਾਂ ਦੀ ਘਾਟ ਹੈ।

ਪੜਚੋਲੀਆਂ ਨੇ ਇਹ ਭੀ ਪਤਾ ਕੱਢਿਆ :-

- ਇਮੀਗਰੇਸ਼ਨ ਕੌਂਸਲਰ ਆਪਦਾ ਨਾਂ ਦੱਸਣ ਤੋਂ ਝਿਜਕਦੇ ਹਨ ਤੇ ਲੋਕਾਂ ਨਾਲ ਬੜੇ ਹਰਖ ਨਾਲ ਗੱਲਬਾਤ ਕਰਦੇ ਹਨ।
- ਗਲਬਾਤ ਕਰਨ ਦਾ ਢੰਗ ਬਹੁਤ ਹੀ ਕੁਚੱਜਾ ਹੈ।
- ਇੰਤਜ਼ਾਰੀਆਂ ਕਮਰਿਆਂ ਵਿਚ ਲੋਕਾਂ ਦਾ ਭੀੜ ਭੜੱਕਾ ਬਹੁਤ ਹੈ।
- ਇਮਗਰੇਸ਼ਨ ਵਾਰੇ ਦੱਸਣ ਲਈ ਦਫਤਰਾਂ ਵਿਚ ਕੋਈ ਕਿਤਾਬਚੀ ਨਹੀਂ।
- ਇਮੀਗਰੇਸ਼ਨ ਅਫਸਰ ਨੂੰ ਦੇਖਣ ਲਈ ਚਾਰ ਪੰਜ ਮਹੀਨੇ ਦਾ ਇੰਤਜ਼ਾਰ ਕਰਨਾ ਪੈਂਦਾ ਹੈ।
- ਸੁਆਗਤੀ ਕਮਰਿਆਂ ਵਿਚ ਕਰਿੰਦਿਆਂ ਨੂੰ ਇਮੀਗਰੇਸ਼ਨ ਦੇ ਕਾਨੂੰਨਾਂ ਵਾਰੇ ਜਾਣਕਾਰੀ ਦੀ ਬਹੁਤ ਘਾਟ ਹੈ।

188 ਇਮੀਗਰੇਸ਼ਨ ਅਫਸਰਾਂ ਨਾਲ ਗੱਲਬਾਤ ਤੋਂ ਪਤਾ ਲੱਗਿਆ ਕਿ ਉਨ੍ਹਾਂ ਵਿਚ 88 ਪਰਸੈਂਟ ਦਾ ਹੌਂਸਲਾ ਗਿਰ ਚੁਕਿਆ ਹੈ। ਇਨ੍ਹਾਂ ਵਿਚੋਂ ਬਹੁਤਿਆਂ ਨੇ ਉਚ-ਅਧਿਕਾਰੀਆਂ ਦੀ ਸੇਧ ਦੀ ਘਾਟ ਨੂੰ ਦੋਸ਼ੀ ਕਰਾਰ ਦਿਤਾ। 41 ਪਰਸੈਂਟ ਨੇ ਕਿਹਾ ਕਿ ਉਚ ਅਧਿਕਾਰੀਆਂ ਨੂੰ ਥੱਲੇ ਵਾਲੇ ਕਰਿੰਦਿਆਂ ਦੇ ਕੰਮ ਕਾਰ ਵਾਰੇ ਪਤਾ ਨਹੀਂ ਤੇ 61 ਪਰਸੈਂਟ ਦਾ ਖਿਆਲ ਹੈ ਕਿ ਉਚ ਅਧਿਕਾਰੀ ਉਨ੍ਹਾਂ ਦੀ ਸਹਾਇਤਾ ਨਹੀਂ ਕਰਦੇ। 72 ਪਰਸੈਂਟ ਨੇ ਕਿਹਾ ਕਿ ਡਿਊਟੀ ਨਿਭਾਉਣ ਲਈ ਸਿਖਲਾਈ ਯੋਗ ਨਹੀਂ।

ਪੜਤਾਲੀਆ ਰੀਪੋਰਟ ਨੇ ਇਹ ਪਤਾ ਕੱਢਿਆ ਕਿ ਨੈਸ਼ਨਲ ਪੱਧਰ ਤੋਂ ਸੇਧ ਦੀ ਘਾਟ ਹੋਣ ਕਰਕੇ ਸਥਾਨਕ ਦਫਤਰਾਂ ਨੇ ਪਾਲਿਸੀ ਨੂੰ ਲਾਗੂ ਕਰਨ ਲਈ ਮਨ ਮਰਜ਼ੀ ਕੀਤੀ ਹੈ। ਪਾਲਿਸੀ ਨੂੰ ਤਰੋੜ ਮਰੋੜ ਵਰਤਣ ਕਰਕੇ ਨੈਸ਼ਨਲ ਇਰਾਦਿਆਂ ਦੀ ਪੂਰਤੀ ਨਹੀਂ ਹੁੰਦੀ। ਜ਼ਰੀਏ ਚੰਗੀ ਤਰ੍ਹਾਂ ਵਰਤਣ ਲਈ ਨੈਸ਼ਨਲ ਹੈਡਕੁਆਰਟਰ ਹਿਸਾ ਨਹੀਂ ਪਾਉਂਦਾ ਤੇ ਨਾ ਹੀ ਤਰੀਕੇ ਨਾਲ ਇਨ੍ਹਾਂ ਨੂੰ ਵੰਡਿਆ ਗਿਆ ਹੈ। ਇਨ੍ਹਾਂ ਵਸੀਲਿਆਂ ਨੂੰ ਯੋਗ ਢੰਗ ਨਾਲ ਵੰਡਣ ਲਈ ਨੈਸ਼ਨਲ ਪੱਧਰ ਤੇ ਕੋਈ ਸਕੀਮ ਨਹੀਂ ਹੈ।

ਉਚ ਅਧਿਕਾਰੀ ਐਸ ਵੇਲੇ ਇਸ ਪਰੋਗਰਾਮ ਦੀ ਇਜ਼ਤ ਬਚਾਉਣ ਤੋਂ ਅਸਮਰਥ ਹਨ ਕਿਉਂਕਿ ਉਨ੍ਹਾਂ ਨੂੰ ਕੋਈ ਗਿਆਨ ਨਹੀਂ ਕਿ ਕਿਹੜੀ ਗੱਲ ਪਹਿਲੋਂ ਕਰਨੀ ਹੈ ਤੇ ਕਿਹੜੀ ਪਿਛੋਂ। ਪੜਤਾਲੀਆਂ ਨੂੰ ਇਹ ਜਾਣਕਾਰੀ ਕਰਕੇ ਬੜੀ ਹੈਰਾਨੀ ਹੋਈ ਕਿ ਇਮੀਗਰੇਸ਼ਨ ਡੀਪਾਰਟਮੈਂਟ ਵਿਚ ਗਿਣਤੀ ਮਿਣਤੀ ਲਈ ਬਹੁਤ ਕੰਮ ਹੈ ਪਰ ਕੀ ਇਹ ਕੰਮ ਸੁਚੱਜੇ ਢੰਗ ਨਾਲ ਹੋ ਰਿਹਾ ਹੈ — ਉਸ ਵਾਰੇ ਕੋਈ ਪਤਾ ਨਹੀਂ। ਇਹ ਚੌਧਰਪੁਣੇ ਵਿਚ ਜ਼ਿਆਦਾ ਵਕਤ ਖਰਚਦੇ ਹਨ ਤੇ ਇਨ੍ਹਾਂ ਦਾ ਬਹੁਤਾ ਧਿਆਨ ਬਹੁਤੀ ਮਿਕਦਾਰ ਕੰਮ ਕਰਨ ਵਿਚ ਹੈ ਪਰ ਗੁਣਵਾਦੀ ਕੰਮ ਕਰਨ ਵਿਚ ਨਹੀਂ ਹੈ। ਜੇ ਹੈਡਕੁਆਰਟਰ ਨੇ ਚੰਗੀ ਦੇਖ ਭਾਲ ਲਈ ਪ੍ਰਬੰਧ ਨਾ ਕੀਤਾ ਤਾਂ ਇਹ ਪੁਰਾਣਾ ਸਿਸਟਮ ਚਲਦਾ ਰਹੇਗਾ ਜਿਸ ਵਿਚ ਵਿਖਾਉਣ ਨੂੰ ਕੰਮ ਜ਼ਿਆਦਾ ਪਰ ਅਸਲੀਅਤ ਵਿਚ ਘੱਟ।

ਪੜਚੋਲੀਆ ਟੀਮ ਨੇ ਇਹ ਭੀ ਪਤਾ ਕੱਢਿਆ ਕਿ ਇਮੀਗਰੇਸ਼ਨ ਡੀਪਾਰਟਮੈਂਟ ਦੇ ਜ਼ਾਬਤੇ ਬੜੇ ਗੁੰਝਲਦਾਰ ਹਨ। ਬਹੁਤੀ ਕਾਗਜ਼ੀ ਕਾਰਵਾਈ ਕਰਕੇ ਕੰਮ ਨੇਪਰੇ ਚਾੜ੍ਹਨ ਵਿਚ ਬਹੁਤ ਦੇਰ ਲਗਦੀ ਹੈ। ਇਨ੍ਹਾਂ ਬੇਲੋੜੀਆਂ ਚੀਜ਼ਾਂ ਦੀ ਕਟੌਤੀ ਲਈ ਸਮਾਲੋਚਨਾ ਨਹੀਂ ਕੀਤੀ ਗਈ।

ਕੰਮ ਦਾ ਬਹੁਤਾ ਭਾਰ ਹੋਣ ਕਰਕੇ ਕਰਮਚਾਰੀਆਂ ਦਾ ਤੇ ਲੋਕਾਂ ਦੇ ਰਿਸ਼ਤਿਆਂ ਵਿਚ ਭੀ ਫਰਕ ਪਿਆ ਹੈ। ਬਹੁਤ ਸਾਰੇ ਗਰੁਪਾਂ ਦੇ ਅਨੁਸਾਰ ਇਮੀਗਰੇਸ਼ਨ ਡੀਪਾਰਟਮੈਂਟ ਦਾ ਕੰਮ ਦਿਨੋਂ ਦਿਨ ਘਟੀਆ ਹੁੰਦਾ ਜਾ ਰਿਹਾ ਹੈ। ਪੜਚੋਲੀਆਂ ਨੇ ਇਸ ਢਹਿੰਦੇ ਕਰਮ ਵਾਰੇ ਨੈਸ਼ਨਲ ਹੈਡਕੁਆਰਟਰ ਨੂੰ ਜ਼ਿਮੇਂਵਾਰ ਠਹਿਰਾਇਆ। ਇਨ੍ਹਾਂ ਕਾਰਨਾਂ ਕਰਕੇ ਬਹੁਤ ਸਾਰੇ ਲੋਕਾਂ ਦਾ ਜੀਅ ਇਸ ਮਹਿਕਮੇ ਤੋਂ ਅੱਕ ਗਿਆ ਹੈ। ਕਈ ਇਮੀਗਰੇਸ਼ਨ ਅਫਸਰਾਂ ਨੇ ਇਸ ਬਹੁ-ਉਤਪਤੀ ਪਾਲਿਸੀਆਂ ਤੇ ਕਾਰਵਾਈਆਂ ਨਾਲ ਸਮਝੌਤੇ ਲਈ ਹਿਚਕਚਾਹਟ ਪ੍ਰਗਟ ਕੀਤੀ। ਉਨ੍ਹਾਂ ਦੇ ਖਿਆਲ ਅਨੁਕੂਲ ਇਹ ਇਮੀਗਰੇਸ਼ਨ ਐਕਟ ਦਾ ਨਿਸ਼ਾਨਾ ਨਹੀਂ ਹੈ।

ਕਈ ਇਮੀਗਰੇਸ਼ਨ ਅਫਸਰਾਂ ਨੂੰ ਆਪਦੇ ਕੰਮ ਵਾਰੇ ਧੁੰਦਲਾਪਨ ਹੈ। ਸਟਾਫ ਨੇ ਕਿਹਾ ਕਿ ਜਦ ਨਵੀਂ ਇਮੀਗਰੇਸ਼ਨ ਪਾਲਿਸੀ ਤੇ ਕਾਰਵਾਈ ਵਾਰੇ ਕਾਨੂੰਨ ਬਣਦੇ ਹਨ ਤਾਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਕਾਰੀ ਨਹੀਂ ਦਿਤੀ ਜਾਂਦੀ। ਸੇਧ ਦੀ ਘਾਟ ਹੋਣ ਕਰਕੇ ਕਾਨੂੰਨ ਬੇਅਸੂਲੀ ਨਾਲ ਲਾਗੂ ਕੀਤੇ ਜਾਂਦੇ ਹਨ। ਕਈ ਅਫਸਰਾਂ ਨੂੰ ਆਪਦੇ ਕੰਮ ਤੇ ਜ਼ਿਮੇਵਾਰੀ ਵਾਰੇ ਚੰਗੀ ਤਰ੍ਹਾਂ ਪਤਾ ਨਹੀਂ। ਉਨ੍ਹਾਂ ਦੀ ਸਿਖਲਾਈ ਕੰਮ ਤੇ ਹੀ ਹੁੰਦੀ ਹੈ।

ਪੜਚੋਲੀਆਂ ਨੇ ਸਿੱਟਾ ਕੱਢਿਆ ਕਿ ਪ੍ਰਬੰਧਕਾਂ ਦੇ ਪੱਕੇ ਇਰਾਦਿਆਂ, ਅਸਰਦਾਇਕ ਤੇ ਸਮੁਚੀ ਸਿਖਲਾਈ ਪਾਲਿਸੀ ਦੀ ਘਾਟ ਕਰਕੇ ਕਰਮਚਾਰੀਆਂ ਵਿਚ ਮਾਯੂਸੀ, ਨੀਵੀਂ ਪੱਧਰ ਤੇ ਘਟੀਆ ਸੇਵਾ ਨੂੰ ਜਨਮ ਦਿਤਾ।

ਇਮੀਗਰੇਸ਼ਨ ਦੇ ਮਨਿਸਟਰ, ਗੈਰੀ ਵਾਈਨਰ ਨੇ ਬਿਆਨ ਦਿਤਾ ਕਿ ਗ਼ਲਤੀਆਂ ਨੂੰ ਸ਼ੁਧ ਕਰਨ ਲਈ ਤੇ ਗੁਣਵਾਦੀ ਸੇਵਾ ਵਧਾਉਣ ਲਈ ਉਸਨੇ ਇਕ ਸਪੈਸ਼ਲ ਯੂਨਿਟ ਸਥਾਪਤ ਕਰ ਦਿਤਾ ਹੈ।

A.M.C. Carpet Ltd.

12983-80th. Ave., Surrey, B.C

Carpet-Vinyl-Hardwood

All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ


Free Estimate —

ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :

Phone for appointment

Off. 594-6141

Res. 594-7595 Pager 680-0214



AMARJIT SINGH CHAHAL

ਕੀ ਅਸੀਂ ਗੁਰੂ-ਰਾਹ ਤੋਂ ਥਿੜਕ ਚੁਕੇ ਹਾਂ?

ਰਾਮ ਸਿੰਘ ਢਿੱਲੋਂ (ਗੋਰਾਇਆ)

ਜਿਹੜੀ ਸਭਾ, ਸੁਸਾਇਟੀ, ਸੈਕਟ, ਸੰਪ੍ਰਦਾ, ਸ਼੍ਰੇਣੀ ਜਾਂ ਸੰਸਥਾ ਰਬ ਦੀ ਹੋਂਦ ਵਿਚ ਵਿਸ਼ਵਾਸ ਰਖਦੀ ਹੈ, ਮਜ਼ਬ ਅਖਵਾਉਂਦੀ ਹੈ।

ਅਜੋਕੀ ਦੁਨੀਆਂ ਦੀ ਵਸੋਂ, ਦੋ ਮੁਖ ਧੜਿਆਂ ਵਿਚ ਵੰਡੀ ਹੋਈ ਹੈ, ਜਿਸ ਵਿਚ ਰੱਬ ਦੇ ਮੰਨਣ ਵਾਲਿਆਂ ਨੂੰ ਆਸਤਿਕ ਅਤੇ ਰੱਬ ਦੀ ਹੋਂਦ ਤੋਂ ਵੀ ਮੁਨਕਰ ਹੋਣ ਵਾਲਿਆਂ ਨੂੰ ਨਾਸਤਿਕ ਆਖਦੇ ਹਨ ਜਿਨ੍ਹਾਂ ਦੀ ਸੋਚਣੀ ਆਤਮਿਕਤਾ ਦੀ ਬਜਾਏ ਮੌਜੂਦਾ ਸਾਇੰਸ (ਦਿਸਣ ਵਾਲੀ ਮਾਦੀ) ਤੇ ਆਧਾਰਤ ਹੈ ਤੇ ਜਾਪਦਾ ਜਿਵੇਂ ਇਨ੍ਹਾਂ ਦਾ ਧੜਾ ਭਾਰਾ ਹੁੰਦਾ ਜਾ ਰਿਹਾ ਹੈ।

ਸਿਖਿਜ਼ਮ, ਬੇਸ਼ਕ ਗਿਣਤੀ ਪੱਖੋਂ ਇਕ ਛੋਟੀ ਜਿਹੀ ਸ਼੍ਰੇਣੀ ਹੈ ਪਰ ਇਹ ਦੁਨੀਆਂ ਦੇ ਕੁਝ ਕੁ ਉਘੇ ਮਜ਼ਬਾਂ ਵਿਚੋਂ ਇਕ ਹੈ; ਇਕ ਲਿਖਾਰੀ ਤੇ ਇਸਨੂੰ, ਸੱਜਰਾ ਮਜ਼ਬ ਹੋਣ ਕਰਕੇ (ਲੇਟੈਸਟ) "ਮਾਡਰਨ" ਵੀ ਆਖਦਾ ਹੈ।

ਗੁਰੂ ਨਾਨਕ ਦੇਵ ਜੀ (1469— ਇਕ ਹਿਦੂ ਖਤਰੀ) ਸਿਖਿਜ਼ਮ ਦੇ ਬਾਨੀ ਤੋਂ ਗੁਰੂ ਗੋਬਿੰਦ ਸਿੰਘ ਜੀ 1666 (ਸੋਢੀ ਖਤਰੀ) ਤਕ ਅਟੇ ਸਟੇ ਦੋ ਸੌ ਸਾਲ ਗੁਰ ਪ੍ਰਨਾਲੀ ਸੰਪੂਰਨ ਹੋਣ ਵਿਚ ਲਗੇ। ਸੋ: 1469 ਤੋਂ ਲੈ ਕੇ 1979 ਤੱਕ ਭਾਵ 510 ਸਾਲਾਂ ਵਿਚ ਏਸ ਛੋਟੀ ਜਿਹੀ ਸ਼੍ਰੇਣੀ ਨੇ ਸੂਰਬੀਰਤਾ, ਵਿਦਿਅਕ, ਕਿਰਸਾਣੀ, ਮਜ਼ਦੂਰੀ, ਧਾਰਮਿਕ, ਸਾਇੰਸ, ਇੰਡਸਟਰੀ ਹਰ ਪੱਖੋਂ ਭਾਵ ਬਤੌਰ ਸੰਤ ਵੀ ਤੇ ਸਿਪਾਹੀ ਵੀ, ਦੇਸ਼ ਵਿਚ ਹੀ ਨਹੀਂ ਪ੍ਰਦੇਸਾਂ ਵਿਚ ਵੀ ਬੜਾ ਨਾਮਣਾ ਖੱਟਿਆ। ਹਿੰਦੁਸਤਾਨ ਦੀ ਕਿਸੇ ਨੁੱਕਰੇ ਕਿਰਸਾਣ ਬਣਕੇ, ਵਪਾਰੀ ਬਣਕੇ, ਡੇਅਰੀ ਫਾਰਮਰ ਵਜੋਂ, ਠੇਕੇਦਾਰ ਬਣਕੇ, ਟਰੱਕਾਂ ਦੀ ਢੋ-ਢੁਆਈ ਦਾ ਧੰਦਾ ਕਰਕੇ, ਸਾਧਾਰਨ ਢਾਬਾ ਜਾਂ ਰੈਸਟੋਰੈਂਟ ਖੋਲ੍ਹ ਜਾਂ ਨਿੱਕੇ ਵੱਡੇ ਇੰਡਸਟ੍ਰੀਅਲ ਵਜੋਂ ਸਿਖ ਜਿਥੇ ਚਾਹੁੰਦਾ ਇਕੱਲਾ ਜਾ ਕੇ ਨਿਧੜਕ ਆਪਣਾ ਬੁੰਗਾ ਗੱਡ ਦਿੰਦਾ। ਪੰਜਾਬੋਂ ਬਾਹਰ, ਘਰੋਂ ਦੂਰ ਜਾ ਕੇ ਜਿਥੇ ਵੀ ਉਹ ਬੈਠਿਆ, ਉਹਦਾ ਨਵਾਂ ਭਾਈਚਾਰਾ ਹਿਦੂ, ਮੁਸਲਮਾਨ, ਈਸਾਈ ਜਾਂ ਪਾਰਸੀ, ਹਰ ਜ਼ਾਤ ਰੰਗ ਨਸਲ ਦੇ ਵਿਅਕਤੀ ਉਹਨੂੰ ਮਿਲਵਰਤਨ ਦੇਣ ਵਿਚ ਫਖਰ ਤੇ ਮਾਣ ਮਹਿਸੂਸ ਕਰਦੇ ਤੇ ਉਹਨੂੰ ਸਾਂਦਲ-ਬਾਰ, ਗੰਜੀ, ਦੁਲੇਦੀ ਬਾਰ, ਸਿਧ ਜਾਂ ਯੂ. ਪੀ. ਸੀ. ਪੀ. ਕਲਕੱਤਾ, ਬੰਬੇ, ਕਾਨਪੁਰ ਆਸਾਮ ਆਦਿ ਕੋਈ ਵੀ ਅਣਡਿਠਾ ਥਾਂ ਉਹਨੂੰ ਓਪਰਾ ਓਪਰਾ ਨਾ ਜਾਪਿਆ ਤੇ ਮਦਰਾਸ, ਕੰਲਬੂ, ਪਸ਼ੌਰ, ਕਸ਼ਮੀਰ, ਕੰਨਿਆ ਕੁਮਾਰੀ, ਮਲਾਇਆ ਭਾਵ ਭਾਰਤ ਦੇਸ਼ ਦੀ ਚੱਪਾ ਚੱਪਾ ਧਰਤੀ ਉਹਨੂੰ ਆਪਣੇ ਵਿਰਸੇ 'ਚ ਮਿਲੀ ਆਪਣੀ ਮਲਕੀਅਤ ਜਾਪਦੀ।

ਗੁਰੂ ਗੋਬਿੰਦ ਸਿੰਘ ਜੀ ਦੁਨੀਆਂ ਦੇ ਚੋਟੀ ਦੇ ਜਰਨੈਲਾਂ ਵਿਚ ਗਿਣੇ ਜਾਂਦੇ ਹਨ। ਉਨ੍ਹਾਂ ਦੀ ਅੰਮ੍ਰਿਤ ਛਕਾਣ ਦੀ ਅਦੁਤੀ ਕਾਢ, ਆਪਣੇ ਯੋਧਿਆਂ ਵਿਚ ਇਕ ਨਵੀਂ ਸਪਿਰਟ ਭਰ, ਚਿੜੀਆਂ ਤੋਂ ਬਾਜ਼ ਤੁੜਵਾ ਸਕਣ ਦੀ ਪਰਤੱਖ ਮਿਸਾਲ ਹੈ, ਜਿਸਦਾ ਸਿੱਟਾ ਬਰਤਾਨਵੀ-ਭਾਰਤੀ ਫੌਜ ਦੇ 22 ਵਿਕਟੋਰੀਆ ਕ੍ਰਾਸਾਂ (ਉੱਚਤ ਕੋਟੀ ਦਾ ਸੂਰਮਤਾਈ ਤਗਮਾਂ) ਵਿਚੋਂ 14 ਸੂਰਮੇਂ ਅੰਮ੍ਰਿਤੀ ਸਿੰਘਾਂ ਦੇ ਹਿੱਸੇ ਆਏ। ਜਾਬਰ ਮੁਗਲ ਹਕੂਮਤ ਅਤੇ ਹਿਦੂ ਰਾਜਿਆਂ ਦੀ ਮਿਲੀ ਭੁਗਤ ਯੁਧ ਨੇ ਗੁਰੂ ਜੀ ਦਾ ਰਾਜ-ਭਾਗ, ਪ੍ਰਵਾਰ, ਸੂਰਬੀਰ ਯੋਧੇ ਇਕ ਇਕ ਕਰਕੇ ਸਾਰੇ ਖਤਮ ਕਰ ਦਿਤੇ ਅਤੇ ਓਹ ਸ਼ਾਹੀ ਠਾਠ ਬਾਠ ਦੀ ਬਜਾਏ ਫਕੀਰੀ ਵਰਗੀ ਅਵੱਸਥਾ ਵਿਚ ਦੱਖਣ ਦੇਸ਼ ਨਾਂਦੇੜ ਵਿਖੇ 46 ਸਾਲ ਦੀ ਭਰ ਜਵਾਨੀ, ਗੁਰੂ ਪ੍ਰਵਾਰ ਦੇ ਆਖਰੀ ਵਿਅਕਤੀ ਵਜੋਂ ਰੱਬ ਨੂੰ ਪਿਆਰੇ ਹੋ ਗਏ।

ਗੁਰੂ ਗੋਬਿੰਦ ਸਿੰਘ ਜੀ ਨੇ ਆਖਰੀ ਸਮੇਂ ਜੋ ਸਿਖਾਂ ਨੂੰ ਹੁਕਮਨ-ਆਦੇਸ਼ ਦਿਤਾ, ਉਹ ਉਨ੍ਹਾਂ ਦੀ ਜ਼ਿੰਦਗੀ ਦੀ ਲੜਾਈ ਤਜਰਬੇ ਤੇ ਅਧਾਰਤ ਸੀ ਤੇ ਉਨ੍ਹਾਂ ਪਹਿਲੀਆਂ ਪਾਤਸ਼ਾਹੀਆਂ ਤੇ ਭਗਤਾਂ ਦੇ ਅੰਕਤ ਫੁਰਮਾਨਾਂ ਤੇ ਗਹਿਰਾ ਗੌਰ ਕਰਕੇ ਤੇ ਓਸ ਕਰਤਾਰ ਦੇ ਹੁਕਮ ਅਨੁਸਾਰ ਭਾਵ ਆਪਣੀ ਦਿੱਬ-ਦ੍ਰਿਸ਼ਟੀ ਨੂੰ ਉਸ ਇਲਾਹੀ ਜੋਤ ਨਾਲ ਜੋੜ, ਉਹਦਾ ਸਾਰ-ਅੰਸ਼ ਥੋੜੇ ਜੇਹੇ ਲਫਜ਼ਾਂ ਵਿਚ ਆਪਣੇ ਸਿੰਘਾਂ ਨੂੰ ਦੱਸਿਆ ਤੇ ਉਨ੍ਹਾਂ ਅਗੋਂ ਸਰਬੱਤ-ਖਾਲਸੇ ਤੱਕ ਉਪੜਦਾ ਕੀਤਾ ਕਿ "ਮੇਰੇ ਪਿਛੋਂ ਅਗੋਂ ਤੁਹਾਡਾ (ਸਿਖਾਂ ਦਾ) ਕੋਈ ਦੇਹ-ਧਾਰੀ ਗੁਰੂ ਨਹੀਂ ਹੋਵੇਗਾ ਅਤੇ ਤੁਹਾਡਾ ਪੱਕਾ ਤੇ ਸਦੀਵੀ ਗੁਰੂ ਆਦਿ ਗ੍ਰੰਥ ਹੋਵੇਗਾ, ਤੁਸਾਂ ਕਿਸੇ ਆਪਸੀ ਅੜਚਨ ਸਮੇਂ ਜੇ ਕੋਈ ਮੇਰਾ ਫੈਸਲਾ ਲੈਣਾ ਹੋਵੇਗਾ ਤਾਂ ਤੁਸੀਂ ਏਸ ਪਵਿਤਰ ਗ੍ਰੰਥ ਦੇ ਪੰਨਿਆਂ ਵਿਚੋਂ ਫੋਲਕੇ ਲੱਭ ਸਕੋਗੇ ਅਤੇ ਉਹ ਮੇਰੇ ਸਿਖਾਂ ਲਈ ਆਖਰੀ ਤੇ ਅਡੋਲ ਫੈਸਲਾ ਹੋਵੇਗਾ।"

ਦਸਵੇਂ ਗੁਰੂ ਜੀ ਦਾ, ਗੁਰ-ਗੱਦੀ ਗੁਰੂ ਗਰੰਥ ਸਾਹਿਬ ਨੂੰ ਸੌਂਪਣ ਦਾ ਸਪੱਸ਼ਟ ਭਾਵ, ਸਿਖਾਂ ਦੀ ਯੁਧ-ਸੋਚਣੀ ਵਿਚ ਮੁੜ ਆਪਣੇ ਪੜਦਾਦੇ ਗੁਰੂ ਅਰਜਨ ਦੇਵ ਜੀ ਤਕ ਉਪਦੇਸ਼ੀ ਈਸ਼ਵਰ-ਭਗਤੀ ਵਲ ਤਬਦੀਲੀ ਲਿਆਉਣ ਦੀ ਪਹਾੜ ਜੇਡੀ ਚੇਂਜ ਹੈ ਸੀ ਕਿਉਂਕਿ ਜੋ ਏਸ ਪਵਿਤਰ ਪੁਸਤਕ ਦੇ ਸਾਰੇ 1430 ਪੰਨਿਆਂ ਵਿਚ ਬਿਨਾ ਇਮਤਿਆਜ਼, ਮਜ਼ੁਬ, ਰੰਗ ਨਸਲ, ਭਰਾਤਰੀ ਪਿਆਰ, ਅਮਨ, ਹਾਉਮੈ, ਤਿਆਗ, ਕੁਰਬਾਨੀ, ਦਿਆਲਤਾ, ਖਿਮਾਂ, ਨਾਮ ਸਿਮਰਨ ਭਾਵ ਸਾਰੀ ਸ੍ਰਿਸ਼ਟੀ ਦੀ ਮਨੁਖਤਾ ਨੂੰ ਇਕ ਟੱਬਰ ਦੇ ਪਿਆਰ-ਰਿਸ਼ਤੇ ਵਿਚ ਪਰੋ-ਗੰਢਣ ਤੋਂ ਹੈ।

1980 ਅਤੇ ਉਪਰੰਤ ਜਦ ਤੋਂ ਅਸੀਂ ਆਪਣੇ ਮੌਜੂਦਾ-ਗੁਰੂ ਦੇ ਫੁਰਮਾਨਾਂ ਦੇ ਉਲਟ ਹਿੰਸਕ ਤੇ ਆਪਸੀ-ਨਫਰਤ ਦਾ ਗਲਤ ਰਾਹ ਅਪਣਾਇਆ ਹੈ, ਅਸੀਂ ਗਿਰਾਵਟ ਵਲ ਰੁੜ੍ਹਨ ਲਗ ਪਏ ਹਾਂ। ਜਿਥੇ ਕੱਲਾ ਸਿਖ ਦੂਰ ਦੁਰੇਡੇ ਜਾ ਕੇ ਬੇਧੜਕ ਆਪਣਾ ਬੁੰਗਾ ਗਡ ਦਿਆ ਕਰਦਾ ਸੀ, ਅੱਜ ਪੰਜਾਬ ਤੋਂ ਬਾਹਰ, ਦੂਜੇ ਸੂਬਿਆਂ ਵਿਚ (ਵੈਸਟਰ ਦੇਸ਼ਾਂ ਵਿਚ ਵਸਦੇ ਸਿਖਾਂ ਨਾਲੋਂ ਵੀ ਚੰਗੀ ਜ਼ਿੰਦਗੀ ਬਤੀਤ ਕਰ ਰਹੇ ਹਨ) ਬੈਠੇ, ਸਿਖਾਂ ਦੇ ਪਿੰਡਾਂ ਦੇ ਪਿੰਡ ਅਸੰਤੁਸ਼ਟ ਹੋ, ਡਰ ਭੌ ਨਾਲ ਕੰਬ ਰਹੇ ਹਨ। ਜਿਥੇ ਹਰ ਗੈਰ-ਸਿਖ, ਵਿਅਕਤੀ ਸਿਖਾਂ ਨੂੰ ਸਹਿਯੋਗ ਦੇਣ ਵਿਚ ਫਖਰ ਸਮਝਿਆ ਕਰਦਾ ਸੀ, ਅਜ ਸਾਰੇ ਗੈਰ ਸਿਖ, ਸਿਖਾਂ ਨੂੰ ਕਾਵਾਂ ਦੇ ਢੱਗੇ ਮਰਨ ਵਾਂਗ, ਚਲਦੇ ਹੋਏ ਦੇਖਣ ਦੇ ਇੱਛਕ ਹਨ, ਕਿਉਂ ਜੋ ਸਿਖਾਂ ਦਾ ਇਕ ਨਿੱਕਾ ਜਿਹਾ ਹਿੰਸਕ ਧੜਾ ਜਿਹੜਾ ਆਪਣੇ ਆਪ ਨੂੰ ਸਿਖਾਂ ਦਾ ਨੁਮਾਇੰਦਾ ਸਮਝਦਾ ਹੈ, ਉਹਨੇ ਕਿਸੇ ਗਵਾਂਢੀ ਦੁਸ਼ਮਨ ਦੇ ਆਖੇ ਲਗ, ਸਿਖਾਂ ਨੂੰ ਬਾਕੀ ਭਾਰਤੀਆਂ ਨਾਲੋਂ ਪਾੜਕੇ ਰੱਖ ਦਿਤਾ ਹੈ।

ਭਾਰਤ ਵਿਚ ਹੀ ਨਹੀਂ ਪ੍ਰਦੇਸਾਂ ਵਿਚ ਵੀ ਸਾਡੇ ਉਪਰ 329 ਬੇਗੁਨਾਹ, ਮਰਦ ਔਰਤਾਂ ਤੇ ਬੱਚੇ ਬੁਢੇ ਹਵਾਈ ਜਹਾਜ਼ ਸਵਾਰੀਆਂ ਨੂੰ ਡਾਇਨਾਮਾਈਟ ਕਰਕੇ ਇਕ ਅਖੇ ਦੇ ਝਮਾਕੇ ਫੁਸੜੇ ਫੁਸੜੇ ਕਰ ਮਾਰ ਮੁਕਾ ਸਮੁੰਦਰ ਵਿਚ ਸੁਟਣ ਅਤੇ ਓਸੇ ਸਾਜ਼ਿਸ਼ ਦੀ ਕੜੀ ਕੜੀ ਜਾਪਾਨੀ ਏਅਰਪੋਰਟ ਕਾਮਿਆਂ ਦੇ ਟੁਕੜੇ ਟੁਕੜੇ ਕਰਨ ਦਾ ਦੋਸ਼ ਵੀ ਲਗ ਰਿਹਾ ਹੈ। ਇਕ ਹੋਰ ਨੀਊਯਾਰਕ ਤੋਂ ਚਲਣ ਵਾਲੇ ਸਵਾਰੀਆਂ ਭਰੇ ਹਵਾਈ ਜਹਾਜ਼ ਨੂੰ ਤਬਾਹ ਕਰ ਦੇਣ ਦੀ ਸਾਜ਼ਿਸ਼ ਵੀ ਸਾਡੇ ਸਿਰ ਮੜ੍ਹੀ ਜਾ ਰਹੀ ਹੈ। ਏਥੇ ਹੀ ਬੱਸ ਨਹੀਂ ਪ੍ਰਦੇਸਾਂ ਵਿਚੋਂ ਸਿਖ ਕਮਾਂਡੋਜ਼ ਦਾ ਪੂਰੀ ਤਰ੍ਹਾਂ ਲੈਸ ਹੋਕੇ, ਭਾਰਤ ਦੀ ਪਾਰਲੀਮੈਂਟ ਬਿਲਡਿੰਗ ਅਤੇ ਹੋਰ ਅਨੇਕ ਨੀਊਕਲੀਅਸ ਆਦਿ ਤਰੱਕੀ ਯਾਫਤਾ ਲੋਕ ਭਲਾਈ ਸੰਸਥਾਵਾਂ ਤੇ ਕਾਰਖਾਨੇ ਦੇ ਤਬਾਹੋ-ਬਰਬਾਦ ਕਰ ਦੇਣ ਦੀਆਂ ਸਾਜ਼ਿਸ਼ਾਂ ਵੀ ਪ੍ਰਦੇਸੀ ਸਰਕਾਰਾਂ ਸਾਡੇ ਸਿਰ ਲਾਉਣ ਲਗ ਪਈਆਂ ਹਨ।

ਅਸੀਂ ਕੀ ਸਾਂ? ਕਿਥੇ ਉਪੜ ਚੁਕੇ ਹਾਂ? ਏਸ ਗਿਰਾਵਟ ਦਾ ਕਾਰਨ ਮੈਨੂੰ ਤੇ ਜਾਪਦਾ ਸਾਡੀ "ਜੋ ਤੈ ਮਾਰਨ ਮੁਕੀਆਂ ਤਿਨਾਂ ਨਾ ਮਾਰੇ ਘੁੰਮ, ਅਪਨੜੇ ਘਰ ਜਾਈਐ, ਪੈਰ ਤਿਨਾਂ ਦੇ ਚੁੰਮਿ, ਅਪਨੜੇ ਘਰ ਜਾਈਐ, ਪੈਰ ਤਿਨਾਂ ਦੇ ਚੁੰਮਿ। ਫਰੀਦਾ ਬੁਰੇ ਦਾ ਭਲਾ ਕਰ ਗੁਸਾ ਮਨ ਹੰਢਾਇ, ਦੇਹੀ ਰੋਗ ਨਾ ਲਗਈ ਪਲੈ ਸਭੁ ਕਿਛ ਪਾਇ।" ਸੁਨਹਿਰੀ ਗੁਰਬਾਣੀ ਅਸੂਲਾਂ ਦੀ ਉਲੰਘਣਾ ਕਰਨਾ ਹੈ ਤੇ ਜਿੰਨਾਂ ਚਿਰ ਸਾਡੀ ਇਹ ਪਾਲਿਸੀ ਬਣੀ ਰਹੇਗੀ ਅਸੀਂ "ਬੇ ਮੁਖਿ ਹੋਇ ਰਾਮ ਤੇ ਲਗਣ ਜਨਮ ਵਿਯੋਗ" ਪਤਾ ਨਹੀਂ ਹੋਰ ਕਿੰਨਾ ਖੱਜਲ-ਖੁਆਰ ਹੋਵਾਂਗੇ ਅਤੇ ਆਪਣੇਂ ਬਜ਼ੁਰਗਾਂ ਦੇ ਕੀਤੇ ਕਾਰਨਾਮਿਆਂ ਨੂੰ ਖਾਕ-ਸਿਆਹ ਕਰ ਦੇਵਾਂਗੇ?

ਦਸਵੇਂ ਪਾਤਸ਼ਾਹ ਜੇ ਅਗੋਂ ਆਪਣੇ ਸਿਖਾਂ ਨੂੰ ਯੁਧਨੀਤੀ ਅਪਣਾਈ ਰਖਣ ਦਾ ਆਦੇਸ਼ ਦੇਣਾ ਹੁੰਦਾ ਤਾਂ ਓਹ ਨਿਸਚੇ ਹੀ ਗੁਰ-ਗੱਦੀ "ਆਦਿ ਗ੍ਰੰਥ" ਦੀ ਬਜਾਏ ਆਪਣੇ ਲਿਖੇ "ਦਸਮ ਗਰੰਥ" ਨੂੰ ਸੌਂਪਦੇ ਜਿਹੜਾ ਨਿਰਾ ਸੂਰਬੀਰਤਾ ਦੀਆਂ ਵਾਰਾਂ ਨਾਲ ਭਰਿਆ ਪਿਆ ਹੈ। ਏਥੋਂ ਤੱਕ ਕਿ ਜਦ ਉਨ੍ਹਾਂ ਆਦਿ ਗਰੰਥ ਵਿਚ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ (ਸ਼ਲੋਕ) ਪਾਈ, ਉਨ੍ਹਾਂ ਰਹਿਤਨਾਮਾ ਜਾਂ ਅੰਮ੍ਰਿਤ ਛਕਣ ਦੀ ਸ਼ਰਤ ਵੀ ਗੁਰ ਸਿਖ ਲਈ ਦਰਜ ਨਾ ਕੀਤੀ। ਭਾਵ ਏਸ ਰੱਬੀ ਬਾਣੀ ਦੇ ਅਥਾਹ ਸੁੰਦਰ ਨੂੰ, ਹਰ ਪ੍ਰਕਾਰ ਦੇ ਰੇਖ ਭੇਖ ਤੋਂ ਆਜ਼ਾਦ ਰਖਿਆ ਤਾਂਕਿ ਹਰ ਜ਼ਾਤ ਪਾਤ ਅਤੇ ਸੋਚਣੀ ਦੇ ਦੇਸੀ ਅਤੇ ਪ੍ਰਦੇਸੀ ਸ਼ਰਧਾਲੂ ਕਿਸੇ ਪ੍ਰਕਾਰ ਦੇ ਬੰਧਨਾਂ ਵਿਚ ਬੱਝਣ ਤੋਂ ਬਗੈਰ ਇਕ ਪ੍ਰਵਾਰ ਦੇ ਵਿਅਕਤੀ ਬਣ ਆਪਣੀ ਆਤਮਿਕ ਸ਼ੁਧੀ ਲਈ ਵਰਤ ਸਕਣ।

ਪੰਜਾਬ ਦੇ ਅਟੇ ਸਟੇ ਹਰ ਸਿਖ ਘਰ ਵਿਚ ਜਿਹੜੇ ਯੂ. ਪੀ., ਸੀ. ਪੀ. ਅਤੇ ਬਿਹਾਰ ਆਦਿ ਤੋਂ ਆਏ ਭਈਏ, ਮੱਝਾਂ ਗਾਈਆਂ ਤੇ ਡੰਗਰਾਂ ਨੂੰ ਸਾਂਭਦੇ, ਖੇਤੀਬਾੜੀ ਕਰਦੇ, ਰਸੋਈਏ ਅਤੇ ਹਰ ਪ੍ਰਕਾਰ ਦਾ ਉਨ੍ਹਾਂ ਦਾ ਗੁਲੱਮ ਕਰਦੇ ਹਨ ਅਤੇ ਓਹ ਉਨ੍ਹਾਂ ਨੂੰ ਮਸਾਂ 60-70 ਸੈਂਟ 24 ਘੰਟੇ ਦੀ ਮਜ਼ਦੂਰੀ ਦਿੰਦੇ ਹਨ (ਇਸ ਵਿਚ ਚੌਂਕੀਦਾਰਾ ਵੀ ਸ਼ਾਮਿਲ ਹੈ) ਉਹ ਆਪਣੀ ਕਿਰਤ ਵਿਚ ਸੰਤੁਸ਼ਟੀ ਸਮਝਦੇ ਜਿਵੇਂ ਕੈਨੇਡਾ ਅਮਰੀਕਾ ਕਮਾਉਣ ਆਏ ਹੋਣ, ਪੰਜਾਬ ਕੀਤੀ ਆਪਣੀ ਕਮਾਈ ਭੇਜ ਪਿਛੇ ਆਪਣੇ ਪ੍ਰਵਾਰ ਪਾਲ ਰਹੇ ਹਨ, ਉਹ ਸਾਰੇ ਹਿੰਦੂ ਹੀ ਹਨ ਅਤੇ ਕੀ ਉਨ੍ਹਾਂ ਨੂੰ ਭਾਰਤੀ ਹਿੰਦੂ ਸਰਕਾਰ ਹੋਣ ਦਾ ਕੋਈ ਨਿੱਘ ਉਪੜਦਾ ਹੈ? ਅਤੇ ਕੁਲ ਭਾਰਤ ਵਿਚ (ਪੰਜਾਬੋਂ ਬਾਹਰ) ਏਹੋ ਜਿਹੇ ਹਿੰਦੂਆਂ ਦੀ ਗਿਣਤੀ 95 ਪ੍ਰਤੀਸ਼ਤ ਤੋਂ ਵੱਧ ਹੋਵੇਗੀ। ਜੇ ਤੁਹਾਨੂੰ ਮੌਜੂਦਾ ਸਰਕਾਰ ਦੀ ਪਾਲਿਸੀ ਫਿਟ ਨਹੀਂ ਆਉਂਦੀ ਤਾਂ ਤੁਸੀਂ ਹਿੰਸਕ ਕਾਰਵਾਈਆਂ ਭਾਵ ਮਾਰ ਧਾੜ ਕਰ ਹਿੰਦੂਆਂ ਤੋਂ ਦੂਰ ਹੋਣ ਦੀ ਬਜਾਏ (ਜਿਹਦੇ ਵਿਚ ਘੱਟ ਗਿਣਤੀ ਸਿਖਾਂ ਦੀ ਵਧੇਰੇ ਤਬਾਹੀ ਤੇ ਬਰਬਾਦੀ ਹੈ) ਉਨ੍ਹਾਂ ਨੂੰ ਭਰਾ ਸਮਝ ਪ੍ਰਚਾਰ ਦਵਾਰਾ, ਡੈਮੋਕਰੈਟਿਕ ਵੋਟਾਂ ਦੁਬਾਰਾ ਸਰਕਾਰ ਬਦਲਣ ਦੀ ਕੋਸ਼ਿਸ਼ ਕਰੋ ਤਾਂ ਕਿ ਘੱਟੋ ਘੱਟ ਤੁਸੀਂ ਦੁਨੀਆਂ ਦੀਆਂ ਸਰਕਾਰਾਂ ਦਾ ਸਹਿਯੋਗ ਤਾਂ ਪ੍ਰਾਪਤ ਕਰ ਸਕੋ ਅਤੇ ਆਪਣੇ ਗੁਰੂ ਦੇ ਫੁਰਮਾਨਾਂ ਦਾ ਪਾਲਣ ਕਰਦੇ ਗੁਰੂ ਦੀਆਂ ਖੁਸ਼ੀਆਂ ਵੀ ਪ੍ਰਾਪਤ ਕਰ ਸਕੋ। ਗਲਤ ਤੇ ਹਿੰਸਕ ਲੀਡਰਸ਼ਿਪ ਤੁਹਾਨੂੰ ਨਾ ਘਰ ਦੇ ਨਾ ਘਾਟ ਦੇ ਕਿਤੇ ਜੋਗਾ ਨਹੀਂ ਛਡੇਗੀ।

ਕਿਸੇ ਗਵਾਂਢੀ (ਜਿਹਦੇ ਬਜ਼ੁਰਗਾਂ ਦੇ ਕਾਲੇ ਕਾਰਨਾਮਿਆਂ ਦੇ ਸਿਖ ਮੀਊਜ਼ੀਅਮ ਭਰੇ ਪਏ ਹਨ) ਤੇ ਇਹ ਆਸ ਰੱਖਣੀ ਕਿ ਓਹ ਹਿੰਦ ਸਰਕਾਰ ਤੋਂ ਰਾਜ ਖੋਹਕੇ ਤੁਹਾਡੀ ਝੋਲੀ ਪਾ ਦੇਵੇਗਾ, ਇਕ ਬੱਚਗਾਨਾ ਸੋਚਣੀ ਹੈ। ਬੀਤੀ ਤਵਾਰੀਖ ਤੇ ਗੌਰ ਨਾਲ ਝਾਕੋ ਤੇ ਵਿਚਾਰੋ, ਮੁਗਲਾਂ ਤੋਂ ਵੀ ਵੱਡੀ ਸ਼ਕਤੀਸ਼ਾਲੀ ਸਰਕਾਰ ਨਾਲ ਟੱਕਰ ਲੈਣੀ ਕੌਮ ਦੀ ਤਬਾਹੀ ਹੀ ਆਖਿਆ ਜਾ ਸਕਦਾ ਹੈ ਸੋ ਅੱਗ ਨਾਲ ਖੇਡ ਆਪਣਾ ਪਿਛਲਾ ਤੇ ਅਗਲਾ ਕਰਦਾਰ ਧੁੰਦਲਾ ਨਾ ਕਰੋ।

ਅੰਮ੍ਰਿਤਸਰ ਦਾ ਅਮਨ-ਚੈਨ ਮੁੜਿਆ

ਪੀ. ਪੀ. ਐਸ. ਗਿੱਲ

ਅੰਮ੍ਰਿਤਸਰ — ਇਥੋਂ ਦੇ ਮਾਹੌਲ ਵਿਚ ਪਿਛਲੇ ਕੁਝ ਸਮੇਂ ਦੌਰਾਨ ਬੜੀ ਠੋਸ ਤਬਦੀਲੀ ਆਈ ਹੈ। ਅਸਲ ਵਿਚ ਸਥਿਤੀ ਇੰਨੀ ਤੇਜ਼ੀ ਨਾਲ ਸੁਧਰ ਰਹੀ ਹੈ ਕਿ ਜਿੰਨੀ ਕਿਸੇ ਨੂੰ ਆਸ ਵੀ ਨਹੀਂ ਸੀ। ਇਹ ਸਿਲਸਿਲਾ ਤਾਂ ਦੇਰ ਜਾਂ ਅਵੇਰ ਸ਼ੁਰੂ ਹੋਣਾ ਹੀ ਸੀ। ਸ਼ਹਿਰ ਦੇ ਦੋਵਾਂ ਮੁਖ ਫਿਰਕਿਆਂ ਦੇ ਸਿਰਫ ਵਪਾਰਕ ਹਿਤ ਹੀ ਸਾਂਝੇ ਨਹੀਂ ਸਗੋਂ ਰਿਸ਼ਤੇਦਾਰੀਆਂ ਵੀ ਸਾਂਝੀਆਂ ਹਨ। ਸਿੱਖ ਤੇ ਹਿੰਦੂ ਦੋਵੇਂ ਹੀ ਵਪਾਰਕ ਸਰਗਰਮੀਆਂ ਲਈ ਛੇਤੀ ਸੁਖਾਵਾਂ ਮਾਹੌਲ ਬਣਨ ਲਈ ਉਤਸਕ ਸਨ ਆਖਰ ਦੋਵਾਂ ਫਿਰਕਿਆਂ ਦੇ ਲੋਕਾਂ ਨੂੰ ਵਕਤੀ ਕੁੜੱਤਣ ਭੁਲਾ ਕੇ ਆਪਸੀ ਭਾਈਚਾਰਕ ਸਬੰਧ ਮੁੜ ਮਜ਼ਬੂਤ ਕਰਨੇ ਹੀ ਪੈਣੇ ਸਨ।

ਇਸ ਸਬੰਧ ਵਿਚ ਲੋਕਾਂ ਤੇ ਸੁਰੱਖਿਆ ਫੋਰਸਾਂ ਨੇ ਬੜੀ ਅਹਿਮ ਭੂਮਿਕਾ ਨਿਭਾਈ। ਇਸ ਜ਼ਿਲੇ ਦੇ ਲੋਕਾਂ ਦਾ ਸੁਭਾਅ ਬੜਾ ਨਿਡਰ ਹੈ ਤੇ ਉਨ੍ਹਾਂ ਨੇ ਤਣਾਅ ਅਤੇ ਖਿਚੋਤਾਣ ਵਿਚ ਰਹਿਣਾ ਤੇ ਮੁੜ ਆਮ ਵਰਗੀ ਜ਼ਿੰਦਗੀ ਜਿਉਣਾ ਸਿਖਿਆ ਹੋਇਆ ਹੈ। ਦੇਸ਼ ਦੀ ਵੰਡ, ਭਾਰਤ ਤੇ ਪਾਕਿਸਤਾਨ ਵਿਚਕਾਰ ਹੋਈਆਂ ਦੋ ਲੜਾਈਆਂ, ਅਕਾਲੀ ਦਲ ਦੇ ਧਰਮ ਯੁੱਧ ਮੋਰਚੇ ਦੀਆਂ ਸਰਗਰਮੀਆਂ ਤੇ ਅਤਿਵਾਦ ਦੇ ਭੈਅ ਵਾਲੇ ਦਿਨਾਂ ਨੂੰ ਇਨ੍ਹਾਂ ਨੇ ਆਪਣੇ ਪਿੰਡੇ ਉਤੇ ਹੰਢਾਇਆ ਹੈ। ਅਤਿਵਾਦ ਦੇ ਬੋਲ-ਬਾਲੇ, ਤਣਾਅ ਤੇ ਕਰਫਿਊਆਂ ਦੇ ਬਾਵਜੂਦ ਇਸ ਸ਼ਹਿਰ ਨੇ ਆਪਣੀ ਸਹਿਜਤਾ ਨਹੀਂ ਖੋਈ। ਕਈ ਅਜਿਹੇ ਮੌਕੇ ਆਏ ਜਦੋਂ ਸਮਾਜੀ ਤੰਦ ਟੁੱਟਦੀ ਜਾਪਦੀ ਸੀ ਪਰ ਇਹ ਨਹੀਂ ਟੁੱਟੀ। ਬੇਕਸੂਰਾਂ ਦੇ ਕਤਲ, ਘੱਟ ਗਿਣਤੀ ਫਿਰਕੇ ਦੇ ਪਰਿਵਾਰਾਂ ਦੀ ਹਿਜਰਤ, ਫਰੇਬਾਜ਼ੀ ਦੀਆਂ ਵਾਰਦਾਤਾਂ ਤੇ ਕਿਸੇ ਵੀ ਪਲ ਕੁਝ ਵੀ ਵਾਪਰਨ ਦੇ ਡਰ ਵਾਲੀਆਂ ਸਥਿਤੀਆਂ ਨੂੰ ਜਿਉਣ ਤੇ ਵੇਖਣ ਬਾਅਦ ਸ਼ਹਿਰ ਨੇ ਮੁੜ ਆਪਣੀ ਗਵਾਚੀ ਸੁਰ ਲਭ ਲਈ ਹੈ।

ਅਤਿਵਾਦੀਆਂ ਦੀਆਂ ਗੋਲੀਆਂ ਵਲੋਂ ਪੈਦਾ ਕੀਤਾ ਸ਼ੋਰ-ਸ਼ਰਾਬਾ ਹੁਣ ਸ਼ਾਂਤ ਹੋਣਾ ਸ਼ੁਰੂ ਹੋ ਗਿਆ ਹੈ ਤੇ ਹਿਜਰਤ ਕਰਨ ਵਾਲੇ ਪਰਿਵਾਰਾਂ ਵਲੋਂ ਉਡਾਈ ਧੂੜ ਹੁਣ ਬੈਠਣ ਲੱਗ ਪਈ ਹੈ। ਲੋਕਾਂ ਦਾ ਖੋਇਆ ਵਿਸ਼ਵਾਸ ਬਹਾਲ ਹੋਣ ਲੱਗਾ ਹੈ। ਵਾਤਾਵਰਣ ਵਿਚ ਇਕ ਸੁਖਾਵਾਂਪਣ ਪੈਦਾ ਹੋ ਰਿਹਾ ਹੈ ਤੇ ਲੋਕ ਕੁਝ ਮਹੀਨੇ ਪਹਿਲਾਂ ਵਾਲੇ ਪਲ-ਪਲ ਸਾਹ ਸੁੱਕਦੇ ਮਾਹੌਲ ਦੇ ਮੁਕਾਬਲੇ ਕੁਝ ਸੌਖਾ ਸਾਹ ਲੈਣ ਲੱਗੇ ਹਨ। ਸ਼ਹਿਰ ਤੇ ਪੇਂਡੂ ਇਲਾਕਿਆਂ ਵਿਚ ਕਾਫੀ ਸ਼ਾਂਤੀ ਵੇਖਣ ਨੂੰ ਮਿਲਦੀ ਹੈ।

ਸੁਖਦੇਵ ਸਿੰਘ ਸਖੀਰਾ ਤੇ ਦਲਬੀਰ ਸਿੰਘ ਬਿੱਲਾ ਵਰਗੇ ਨਾਮੀ ਅਤਿਵਾਦੀ ਮਾਰੇ ਜਾ ਚੁਕੇ ਹਨ। ਕਈ ਹੋਰ ਗ੍ਰਿਫਤਾਰ ਕਰ ਲਏ ਹਨ। ਸੁਰੱਖਿਆ ਫੋਰਸਾਂ ਨੇ ਅਤਿਵਾਦੀਆਂ ਉਤੇ ਲਗਾਤਾਰ ਦਬਾਅ ਪਾ ਕੇ, ਉਨ੍ਹਾਂ ਦੇ ਠਿਕਾਣਿਆਂ ਉਤੇ ਮਾਰੇ ਛਾਪਿਆਂ ਤੇ 'ਮੰਡ ਅਪਰੇਸ਼ਨ' ਨੇ ਸਥਿਤੀ ਦੇ ਸੁਧਾਰ ਵਿਚ ਕਾਫੀ ਯੋਗਦਾਨ ਪਾਇਆ ਹੈ। ਪੰਜਾਬ ਪੁਲਿਸ ਤੇ ਕੇਂਦਰੀ ਰੀਜ਼ਰਵ ਪੁਲੀਸ ਵਿਚਕਾਰ ਸਹਿਯੋਗ ਦੁਆਰਾ ਅਤਿਵਾਦੀ ਸਰਗਰਮੀਆਂ ਨੂੰ ਠੱਲ ਪਾਉਣ ਵਿਚ ਬਹੁਤ ਸਫਲਤਾ ਮਿਲੀ ਹੈ। ਖਾਸ ਕਰ ਅੰਮ੍ਰਿਤਸਰ ਦੇ ਸੀਨੀਅਰ ਸੁਪਰਡੈਂਟ ਪੁਲੀਸ ਸ੍ਰੀ ਐਸ. ਐਸ. ਵਿਰਕ ਨੂੰ ਕੇਂਦਰੀ ਰਿਜ਼ਰਵ ਪੁਲੀਸ ਫੋਰਸ ਵਿਚ ਲੈ ਕੇ ਇਥੇ ਡੀ. ਆਈ. ਜੀ. ਨਿਯੁਕਤ ਕਰਨ ਨਾਲ ਸੁਰੱਖਿਆ ਫੋਰਸਾਂ ਦੇ ਕੰਮ-ਕਾਰ ਵਿਚ ਇਕ ਤਰ੍ਹਾਂ ਨਾਲ ਸਿਫਤੀ ਤਬਦੀਲੀ ਆਈ। ਪਰ ਇਸ ਸਾਰੇ ਕਿੱਸੇ ਦਾ ਉਦਾਸ ਕਰਨ ਵਾਲਾ ਪਹਿਲੂ ਇਹ ਹੈ ਕਿ ਸੁਰੱਖਿਆ ਫੋਰਸਾਂ ਦੀ ਭੂਮਿਕਾ ਸਬੰਧੀ ਦੋਵੇਂ ਹੀ ਫਿਰਕਿਆਂ ਦੇ ਲੋਕ ਅਜੇ ਵੀ ਵੰਡੇ ਹੋਏ ਹਨ। ਸਿੱਖ ਕੇਂਦਰੀ ਰਿਜ਼ਰਵ ਪੁਲੀਸ ਦੇ ਵਿਰੁਧ ਹਨ ਤੇ ਹਿੰਦੂ ਇਸ ਦੇ ਮੁਦਈ ਹਨ। ਪਰ ਪਿਛਲੇ ਤਜਰਬਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਹੁਣ ਅਧਿਕਾਰੀ ਗੜਬੜ ਵਾਲੇ ਇਲਾਕਿਆਂ ਵਿਚ ਇਨ੍ਹਾਂ ਫੋਰਸਾਂ ਨੂੰ ਤਾਇਨਾਤ ਕਰਨ ਲਈ ਫਿਰਕਿਆਂ ਦੀ ਮੰਗ ਨੂੰ ਬਹੁਤਾ ਨਹੀਂ ਗੌਲਦੇ।

ਹਿਜਰਤ ਕਰਨ ਦੀ ਸਥਿਤੀ ਨੇ ਵੀ ਉਲਟਾ ਰੁੱਖ ਅਖਤਿਆਰ ਕਰਨਾ ਸ਼ੁਰੂ ਕਰ ਦਿਤਾ ਹੈ। ਸਰਕਾਰੀ ਹਲਕਿਆਂ ਅਨੁਸਾਰ ਅੰਦਾਜ਼ਨ 548 ਪਰਿਵਾਰ ਪੰਜਾਬ ਤੋਂ ਬਾਹਰ ਗਏ ਜਿਨ੍ਹਾਂ ਵਿਚੋਂ 202 ਆਪਣੀ ਜ਼ਮੀਨ ਜਾਇਦਾਦ ਪੱਕੇ ਤੌਰ 'ਤੇ ਵੇਚ ਗਏ। ਕੁੱਲ 2951 ਵਿਅਕਤੀ ਆਪਣੇ ਘਰ-ਬਾਰ ਛੱਡ ਕੇ ਗਏ।

ਡਿਪਟੀ ਕਮਿਸ਼ਨਰ ਸ੍ਰੀ ਰਮੇਸ਼ ਇੰਦਰ ਸਿੰਘ ਦਾ ਕਹਿਣਾ ਹੈ, "ਸਾਡੀ ਜਾਣਕਾਰੀ ਅਨੁਸਾਰ 50 ਪਰਿਵਾਰ ਵਾਪਸ ਪਰਤ ਆਏ ਹਨ। ਦੂਜੇ ਵਾਪਸ ਆਉਣ ਹੀ ਵਾਲੇ ਹਨ।" ਵੱਖ ਵੱਖ ਸੂਤਰਾਂ ਤੋਂ ਵੀ ਇਹ ਪਤਾ ਲਗਾ ਹੈ ਕਿ ਜਿਹੜੇ ਪੰਜਾਬ ਤੋਂ ਬਾਹਰ ਨਵੀਂ ਜ਼ਿੰਦਗੀ ਸ਼ੁਰੂ ਕਰਨ ਦੇ ਆਸ਼ੇ ਨਾਲ ਇਥੋਂ ਆਪਣੇ ਘਰ ਤੇ ਕਾਰੋਬਾਰ ਛੱਡ ਕੇ ਗਏ ਸਨ ਉਨ੍ਹਾਂ ਨੂੰ ਕੋਈ ਬਹੁਤੀ ਸਫਲਤਾ ਨਹੀਂ ਮਿਲੀ ਤੇ ਉਹ ਨਿਰਾਸ਼ ਹੋ ਕੇ ਘਰੀਂ ਪਰਤਣ ਲਈ ਉਤਾਵਲੇ ਹਨ।

ਕੀ ਤੁਹਾਨੂੰ ਕੋਈ ਬੀਮਾਰੀ ਹੈ, ਜਿਸਦਾ ਇਲਾਜ਼ ਨਹੀਂ ਹੋ ਸਕਿਆ?

ਇੱਕ ਰਸਤਾ ਹੋਰ ਹੈ:

ਹਿਪਨੋਥੈਰੇਪੀ

ਦਮਾਂ, ਦਰਦ, ਨਸ਼ਾ, ਵਜ਼ਨ, ਦਿਮਾਗੀ ਚਿੰਤਾ, ਕਰੋਧ, ਬਲੱਡ ਪਰੈਸ਼ਰ, ਗੁਪਤ ਬੀਮਾਰੀਆਂ ਜਾਂ ਕੋਈ ਵੀ ਗੰਭੀਰ ਰੋਗ ਹੋਵੇ, ਸਭ ਦਾ ਸ਼ਰਤੀਆਂ ਇਲਾਜ਼ !! (ਬਿਨਾਂ ਦਵਾਈਆਂ ਦਾ ਪ੍ਰਯੋਗ ਕੀਤਿਆਂ)

ਇਸ ਤੋਂ ਇਲਾਵਾ

ਯਾਦਦਾਸ਼ਤ ਵਧਾਉਣੀ, ਦਿਲ ਦੇ ਦੌਰੇ ਦਾ ਇਲਾਜ਼, ਡਰ ਭੈ ਤੋਂ ਛੁਟਕਾਰਾ ਜਾਂ ਬੱਚਿਆਂ ਦੀ ਰੁਚੀ ਗ਼ਲਤ ਪਾਸੇ ਤੋਂ ਹਟਾ ਕੇ ਪੜ੍ਹਨ ਵੱਲ ਲਗਾਉਣੀ ਆਦਿ: ਅਤੇ ਜ਼ਿੰਦਗੀ 'ਚ ਨਵੇਂ ਉਤਸ਼ਾਹ ਪੈਦਾ ਕਰਨ ਵਾਸਤੇ

ਪ੍ਰਕਾਸ਼ ਬਸਰਾਂ ਨੂੰ ਫ਼ੋਨ ਕਰੋ

(403) 791-5105/2571

ਐਡਮਿੰਟਨ ਵੀ ਮਿਲਿਆ ਜਾ ਸਕਦਾ ਹੈ, ਸੰਪਰਕ ਪੈਦਾ ਕਰਕੇ (ਸਿਰਫ਼ ਵੀਕਐਂਡ ਤੇ ਹੀ)

ਅਜੇ ਦੇਸ਼ ਦੀ ਤਸਵੀਰ ਨਹੀਂ ਬਦਲੀ

ਦੇਸ਼ ਨੂੰ ਇਸ ਸਮੇਂ ਫਿਰਕਾਪ੍ਰਸਤੀ, ਰਿਸ਼ਵਤਖੋਰੀ, ਭਰਿਸ਼ਟਾਚਾਰ, ਗਰੀਬੀ, ਬੇਰੁਜ਼ਗਾਰੀ ਤੇ ਹੋਰ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਹੈ। ਜਿਹੜਾ ਵਿਕਾਸ ਹੋਇਆ ਵੀ ਹੈ ਉਸਦਾ ਲਾਭ ਆਮ ਲੋਕਾਂ ਤਕ ਨਹੀਂ ਪੁਜਾ। ਇਸ ਨਾਲ ਲੋਕਾਂ ਵਿਚ ਨਿਰਾਸਤਾ ਫੈਲ ਰਹੀ ਹੈ। ਵਰਤਮਾਨ ਸਥਿਤੀ ਦੇ ਪ੍ਰਸੰਗ ਵਿਚ ਦੇਸ਼ ਦੀ ਰਾਜਨੀਤੀ ਤੇ ਆਰਥਕ ਸਥਿਤੀ ਦਾ ਵਿਸ਼ਲੇਸ਼ਣ ਕਰ ਰਹੇ ਹਨ ਸ੍ਰੀ ਸੁਰਿੰਦਰ ਮੋਹਨ।

ਦੇਸ਼ ਦੀ ਸਥਿਤੀ ਵਿਚ ਜਿਹੜਾ ਨਿਘਾਰ ਆਇਆ ਹੈ ਉਹ ਕਿਸੇ ਇਕ ਕਾਰਨ ਜਾਂ ਸਾਡੀਆਂ ਬਹੁਤ ਸਾਰੀਆਂ ਸੰਸਥਾਵਾਂ ਅਤੇ ਵਿਵਸਥਾਵਾਂ ਵਿਚੋਂ ਕਿਸੇ ਇਕ ਦੇ ਫੇਲ੍ਹ ਹੋ ਜਾਣ ਕਾਰਨ ਨਹੀਂ ਹੈ। ਸੰਕਟ ਬਹੁਪਰਤੀ ਹੈ ਅਤੇ ਇਸ ਨੇ ਸਾਰੇ ਲੋਕਾਂ ਦਾ ਹੌਸਲਾ ਢਾਹ ਦਿਤਾ ਹੈ।

ਲੋਕ ਪਿਛਲੀਆਂ ਮੁਢਲੀਆਂ ਵਫ਼ਾਦਾਰੀਆਂ, ਫਿਰਕਿਆਂ ਵਿਚਲੀਆਂ ਹੋਰ ਈਰਖਾਵਾਂ, ਜਾਤਾਂ ਤੇ ਖੇਤਰਾਂ ਅਤੇ ਭਾਸ਼ਾਈ ਗਰੁਪਾਂ ਦੇ ਆਧਾਰ ਤੇ ਵੰਡੇ ਗਏ ਹਨ। ਖੇਤਰੀ ਭਾਵਨਾ ਦਾ ਵਧੇਰੇ ਮੋਹ ਢਾਹ ਲਾ ਰਿਹਾ ਹੈ। ਸਰਕਾਰ ਦੇ ਲੰਮੇ ਚੌੜੇ ਦਾਅਵਿਆਂ ਅਤੇ ਉਸ ਵਲੋਂ ਹੇਰਫੇਰ ਕਰਕੇ ਪੇਸ਼ ਕੀਤੇ ਜਾਂਦੇ ਅੰਕੜਿਆਂ ਦੇ ਬਾਵਜੂਦ ਆਰਥਿਕ ਵਿਵਸਥਾ ਵਿਚਲੀਆਂ ਊਣਤਾਈਆਂ ਕਾਰਨ ਬੇਰੁਜ਼ਗਾਰੀ ਅਤੇ ਗਰੀਬੀ ਵਿਚ ਵਾਧਾ ਹੋ ਰਿਹਾ ਹੈ। ਸਮਾਜਕ ਹਿੰਸਾ ਚਿੰਤਾਜਨਕ ਸਥਿਤੀ ਤਕ ਪੁਜ ਗਈ ਹੈ ਅਤੇ ਦਹਿਸ਼ਤਵਾਦ ਨੇ ਸਾਡੇ ਚੰਗੇ ਸਿਪਾਹੀ ਅਤੇ ਆਗੂ ਜਨਰਲ ਏ ਐਸ ਵੈਦਯ ਦੀ ਜਾਨ ਲੈ ਲਈ ਹੈ। ਪਰ ਸਭ ਤੋਂ ਵਧੇਰੇ ਚਿੰਤਾ ਵਾਲੀ ਗੱਲ ਇਹ ਹੈ ਕਿ ਲੋਕਾਂ ਦਾ ਇਸ ਵਿਵਸਥਾ ਤੋਂ ਅਤੇ ਆਪਣੇ ਆਪ ਤੋਂ ਵਿਸ਼ਵਾਸ ਬਹੁਤ ਤੇਜ਼ੀ ਨਾਲ ਉਠਦਾ ਜਾ ਰਿਹਾ ਹੈ। ਲੋਕਾਂ ਵਿਚ ਪੈਦਾ ਹੋਈ ਅਵਿਸ਼ਵਾਸ ਸਾਹਸਹੀਣਤਾ ਅਤੇ ਨਿਰਾਸ਼ਤਾ ਦੀ ਭਾਵਨਾ ਵਾਕਿਆ ਹੀ ਚਿੰਤਾਜਨਕ ਹੈ।

ਇਸੇ ਨਿਰਾਸ਼ਾ ਵਿਚ ਹੀ ਕਦੇ ਖਰਾਬੀ ਲਈ ਇਕ ਵਿਸ਼ੇਸ਼ ਫਿਰਕੇ ਜਾਂ ਗਰੁਪ ਨੂੰ ਦੋਸ਼ ਦਿਤਾ ਜਾਂਦਾ ਹੈ ਅਤੇ ਕਦੇ ਕਿਸੇ ਹੋਰ ਸਮਾਜਕ ਸੰਸਥਾ, ਰਾਜਨੀਤਕ ਪਾਰਟੀ ਜਾਂ ਆਰਥਕ ਵਿਵਸਥਾ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ। ਇਸੇ ਸਾਹਸਹੀਣਤਾ ਦੀ ਭਾਵਨਾ ਕਾਰਨ ਲੋਕ ਕਿਸੇ ਨਾ ਕਿਸੇ ਵਿਵਾਦ ਛੇੜਨ ਵਾਲੇ ਜਾਂ ਨਫਰਤ ਦੀ ਮੁਹਿੰਮ ਚਲਾਉਣ ਵਾਲੇ ਜਾਂ ਕਿਸੇ ਕੌਤਕ ਦਿਖਾਉਣ ਵਾਲੇ ਮਗਰ ਅੰਨੇਵਾਹ ਲੱਗ ਜਾਂਦੇ ਹਨ ਅਤੇ ਲੋਕਾਂ ਦੀ ਇਹੋ ਜਿਹੀ ਮਾਨਸਕ ਸਥਿਤੀ ਦਾ ਸਿਟਾ ਜਜ਼ਬਾਤ ਦੀ ਭੜਕਾਹਟ ਵਿਚ ਨਿਕਲਦਾ ਹੈ। ਅਵਿਸ਼ਵਾਸ ਦੀ ਭਾਵਨਾ ਨੇ ਏਨਾ ਸਨਕੀਪੁਣਾ ਪੈਦਾ ਕਰ ਦਿਤਾ ਹੈ ਕਿ ਸਮੂਹਿਕ ਤੌਰ ਤੇ ਕੀਤਾ ਜਾਣ ਵਾਲਾ ਕੋਈ ਵੀ ਚੰਗਾ ਕੰਮ ਕੋਈ ਹੋਰ ਧੋਖਾ ਜਾਪਦਾ ਹੈ।

ਭਾਵੇਂ ਲੋਕ ਇਨ੍ਹਾਂ ਸਾਰੀਆਂ ਬੁਰਾਈਆਂ ਤੋਂ ਦੁਖੀ ਹਨ ਪਰ ਫਿਰ ਵੀ ਉਹ ਤਸੱਲੀਜਨਕ ਜਵਾਬ ਲੱਭਣ ਜਾਂ ਪੱਕਾ ਇਲਾਜ ਲੱਭਣ ਲਈ ਲਗਾਤਾਰ ਯਤਨਸ਼ੀਲ ਹਨ। ਪਰ ਉਹ ਗੁੰਝਲ ਵਿਚ ਫਸੇ ਮਹਿਸੂਸ ਕਰਦੇ ਹਨ। ਇਸ ਲਈ ਸਾਡੇ ਇਸ ਕਰੂਰਤਾ ਵਾਲੇ ਸਮਾਜ ਵਿਚ ਵਿਰੋਧਤਾਈਆਂ ਦੀ ਭਰਮਾਰ ਹੈ ਜਿਵੇਂ ਕਿ ਆਬਾਦੀ ਵਿਚ ਵਾਧਾ ਹੋਇਆ ਹੈ, ਪਰ ਅਨਾਜ ਉਤਪਾਦਨ ਵਿਚ ਇਸ ਤੋਂ ਵੀ ਵਧ ਰਫਤਾਰ ਨਾਲ ਵਾਧਾ ਹੋਇਆ। ਫਿਰ ਵੀ ਸਾਡੇ 20 ਕਰੋੜ ਲੋਕ ਅਨਾਜ ਦੀ ਕਮੀ ਕਾਰਨ ਪੂਰੀ ਖੁਰਾਕ ਤੋਂ ਵਾਂਝੇ ਰਹਿੰਦੇ ਹਨ। ਸਨਅਤ, ਵਪਾਰ ਤੇ ਹੋਰ ਕਾਰੋਬਾਰ ਸਰਵਿਸ ਸੈਕਟਰ ਅਤੇ ਖੇਤੀਬਾੜੀ ਵਿਚ ਹੋਏ ਭਾਰੀ ਵਿਕਾਸ ਨੇ ਲੱਖਾਂ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਹਨ ਪਰ ਫਿਰ ਵੀ ਬੇਰੁਜ਼ਗਾਰੀ ਦੇ ਅੰਕੜੇ 10. ਕਰੋੜ ਦੇ ਨੇੜੇ ਤੇੜੇ ਹਨ। ਵਿਦਿਆ ਦੇ ਫੈਲਾਓ ਅਤੇ ਸਕੂਲ ਤੇ ਕਾਲਜ ਖੋਹਲਣ ਦਾ ਸਿਟਾ ਪੜ੍ਹੇ ਲਿਖੇ ਸਮਾਜ ਦੇ ਰੂਪ ਵਿਚ ਨਹੀਂ ਨਿਕਲਿਆ ਕਿਉਂਕਿ ਅਨਪੜ੍ਹਾਂ ਦੀ ਗਿਣਤੀ ਵਿਚ ਹਰ ਸਾਲ ਵਾਧਾ ਹੋ ਰਿਹਾ ਹੈ। ਜਮਹੂਰੀ ਚੋਣਾਂ ਨਾਲ ਨਾ ਤਾਂ ਸਹੀ ਰੂਪ 'ਚ ਤਾਕਤ ਲੋਕਾਂ ਦੇ ਹੱਥਾਂ ਵਿਚ ਆਉਂਦੀ ਹੈ ਤੇ ਨਾ ਹੀ ਇਸ ਤੇ ਉਨ੍ਹਾਂ ਦੁਆਰਾ ਕੰਟਰੋਲ ਹੁੰਦਾ ਹੈ। ਕੇਂਦਰੀਕਰਨ ਸਥਾਨਕ ਭਾਈਚਾਰੇ ਦੇ ਸਮਾਜਕ ਕਾਰਜ ਦੀ ਸ਼ਕਤੀ ਨੂੰ ਨਸ਼ਟ ਕਰ ਰਿਹਾ ਹੈ। ਜਿਵੇਂ ਕਿ ਵਡੀ ਸਨਅਤ ਨੇ ਪੁਰਾਣੇ ਰਵਾਇਤੀ ਦਸਤਕਾਰੀ ਹੁਨਰ ਅਤੇ ਛੋਟੇ ਸਨਅਤੀ ਸੈਕਟਰ ਨੂੰ ਲਗਪਗ ਤਬਾਹ ਕਰ ਦਿਤਾ ਹੈ।

ਇਸ ਲਈ ਜਦੋਂ ਕਿ ਸਮੁਚਾ ਪ੍ਰਬੰਧ ਬਦਲੇ ਹੋਏ ਹਾਲਾਤ ਨਾਲੋਂ ਬੇਮੇਲ ਹੈ, ਲੋਕਾਂ ਦੀਆਂ ਵਧਦੀਆਂ ਹੋਈਆਂ ਖਾਹਿਸ਼ਾਂ ਹਕੀਕੀ ਹਨ ਤਾਂ ਉਹ ਬਰਾਬਰੀ ਅਤੇ ਇਨਸਾਫ ਲਈ ਅਵਾਜ਼ ਉਠਾਉਂਦੇ ਰਹਿਣਗੇ। ਇਸ ਲਈ ਉਨ੍ਹਾਂ ਦੀਆਂ ਬੁਨਿਆਦੀ ਲੋੜਾਂ ਲਾਜ਼ਮੀ ਤੌਰ ਤੇ ਪੂਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਹ ਵਿਅਕਤੀਗਤ ਅਤੇ ਸਮੂਹਿਕ ਤੌਰ ਤੇ ਸਮਾਜਕ ਤੇ ਆਰਥਿਕ ਵਿਕਾਸ ਲਈ ਤਾਂਘਦੇ ਹਨ। ਉਹ ਇਸ ਦੀ ਪ੍ਰਾਪਤੀ ਰਾਜਨੀਤਕ ਸੱਤਾ ਵਿਚ ਪ੍ਰਭਾਵਸ਼ਾਲੀ ਹਿਸੇਦਾਰੀ ਤੋਂ ਬਿਨਾਂ ਨਹੀਂ ਕਰ ਸਕਦੇ ਕਿਉਂਕਿ ਸਤਾ ਵਿਚ ਹਿਸੇਦਾਰੀ ਆਰਥਿਕ ਵਿਕਾਸ ਤੇ ਸਮਾਜਕ ਭਲਾਈ ਲਈ ਨਿਰਣਾਇਕ ਬਣ ਗਈ ਹੈ। ਜੇਕਰ ਲੋਕ ਸੱਤਾ 'ਚ ਹਿਸੇਦਾਰੀ ਪ੍ਰਾਪਤ ਕਰ ਲੈਂਦੇ ਹਨ ਤਾਂ ਨਾ ਖੇਤਰੀ ਆਰਥਿਕ ਅਸਮਾਨਤਾਵਾਂ ਪੈਦਾ ਹੋਣਗੀਆਂ ਅਤੇ ਨਾ ਹੀ ਕੁਝ ਗਰੁਪਾਂ ਸਮੇਤ ਕਮਜ਼ੋਰ ਤਬਕਿਆਂ ਅਤੇ ਔਰਤਾਂ ਨਾਲ ਵਿਤਕਰੇ ਹੋਣਗੇ। ਫਿਰ ਸਪੱਸ਼ਟ ਰੂਪ ਵਿਚ ਸੰਵਿਧਾਨ ਵਿਚ ਰੁਜ਼ਗਾਰ ਦੇ ਅਧਿਕਾਰ ਦੀ ਗਰੰਟੀ ਵਜੋਂ ਵਿਵਸਥਾ ਕਰਨਾ, ਰੁਜ਼ਗਾਰ ਤੇ ਲੱਗੇ ਸਭ ਲੋਕਾਂ ਲਈ ਚੰਗੀਆਂ ਉਜਰਤਾਂ ਦੇਣੀਆਂ ਖੇਤੀ ਉਤਪਾਦਨ ਦੇ ਲਾਭਕਾਰੀ ਭਾਅ ਦੇਣੇ, ਪੱਛੜੇ ਖੇਤਰਾਂ ਦਾ ਪਹਿਲ ਦੇ ਅਧਾਰ ਤੇ ਵਿਕਾਸ ਕਰਨਾ, ਜ਼ਿਲਿਆਂ ਤੇ ਪਿੰਡਾਂ ਵਿਚ ਅਫਸਰਸ਼ਾਹੀ ਤੋਂ ਰਾਜ ਸੱਤਾ ਸਥਾਨਕ ਲੋਕਾਂ ਕੋਲ ਪ੍ਰੀਵਰਤਿਤ ਕਰਨੀ, ਜ਼ਰੂਰੀ ਵਰਤੋਂ ਦੀਆਂ ਚੀਜ਼ਾਂ ਖੁਰਾਕ, ਸਿਖਿਆ ਸਿਹਤ ਦੀ ਸੰਭਾਲ ਤੇ ਘਰਾਂ ਦੀ ਸਭ ਲਈ ਵਿਵਸਥਾ ਕਰਨਾ ਆਦਿ ਮੁਖ ਤਰਜੀਹਾਂ ਵਾਲੇ ਉਸ ਪ੍ਰੋਗਰਾਮ ਦਾ ਅਧਾਰ ਹੋਵੇਗਾ ਜਿਹੜਾ ਕਿ ਸਾਨੂੰ ਤਿਆਰ ਕਰਨਾ ਪਵੇਗਾ। ਇਸ ਸਮੇਂ ਸ਼ਾਇਦ ਹੀ ਕੋਈ ਰਾਜਨੀਤਕ ਪਾਰਟੀ ਹੋਵੇਗੀ ਜਿਸ ਦੇ ਚੋਣ ਮੈਨੀਫੈਸਟੋ ਵਿਚ ਜਾਂ ਸਰਕਾਰ ਦੇ ਨਿਸ਼ਾਨਿਆਂ ਸਬੰਧੀ ਬਿਆਨਾਂ ਵਿਚ ਇਨ੍ਹਾਂ ਤਰਜੀਹਾਂ ਨੂੰ ਅਪਨਾਉਣ ਜਾਂ ਪੂਰਾ ਕਰਨ ਦੀ ਗੱਲ ਨਾ ਆਖੀ ਗਈ ਹੋਵੇ। ਪਰ ਇਸ ਦੇ ਬਾਵਜੂਦ ਦੇਸ਼ ਦੀ ਤਸਵੀਰ ਵਿਚ ਕੋਈ ਤਬਦੀਲੀ ਨਹੀਂ ਹੋਈ।

ਇਹ ਅਜੇ ਬਦਲੀ ਜਾਣੀ ਹੈ। ਲੋਕਾਂ ਨੂੰ ਆਪਣੇ ਘਰਾਂ ਤੇ ਆਂਢ ਗੁਆਂਢ ਵਿਚ ਇਸ ਸਬੰਧੀ ਵਿਚਾਰ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਸੰਭਾਵਤ ਪ੍ਰੋਗਰਾਮਾਂ ਦੀਆਂ ਵਿਸ਼ੇਸ਼ ਨੀਤੀਆਂ ਜਾਂ ਮੱਦਾਂ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ। ਇਹੋ ਜਿਹੀਆਂ ਕੋਸ਼ਿਸ਼ਾਂ ਲੇਖ ਰਿਪੋਰਟਾਂ ਅਤੇ ਦਸਤਾਵੇਜ਼ ਲਾਇਬਰੇਰੀਆਂ ਵਿਚ ਪਏ ਹਨ। ਉਹ ਕੋਲਡ ਸਟੋਰਾਂ ਵਿਚ ਹਨ। ਸਾਰੇ ਸਮਾਜਿਕ ਵਰਕਰਾਂ, ਕਾਰਕੁੰਨਾਂ, ਕਿਸਾਨ ਜਥੇਬੰਦੀਆਂ ਦੇ ਵਰਕਰਾਂ, ਟਰੇਡ ਯੂਨੀਅਨਾਂ, ਨੌਜਵਾਨਾਂ ਅਤੇ ਔਰਤਾਂ ਦੇ ਗਰੁਪਾਂ ਸਭ ਨੂੰ ਲਾਜਮੀ ਤੌਰ ਤੇ ਕੰਮ ਕਰਨਾ ਚਾਹੀਦਾ ਹੈ।

ਬੁਧੀਜੀਵੀ ਵਰਗ ਨੂੰ ਇਸ ਵਿਚ ਸਮਿਲਤ ਕਰਨਾ ਪਏਗਾ। ਉਹ ਇਸ ਵਿਚ ਹੋਰਾਂ ਨਾਲੋਂ ਵਧੇਰੇ ਹਿਸਾ ਪਾ ਸਕਦਾ ਹੈ ਕਿਉਂਕਿ ਅਸੀਂ ਪਤਨ ਵਲ ਵਧ ਰਹੇ ਹਾਂ ਅਤੇ ਸਥਿਤੀ ਵਾਕਿਆ ਹੀ ਧਮਾਕਾਖੇਜ਼ ਤੇ ਚਿੰਤਾਜਨਕ ਹੈ।

ਬੁਧੀਜੀਵੀਆਂ ਨੂੰ ਲੋਕਾਂ ਵਿਚਕਾਰ ਸੰਵਾਦ ਅਰੰਭ ਕਰਵਾਉਣ ਲਈ ਪਹਿਲਕਦਮੀ ਕਰਨੀ ਚਾਹੀਦੀ ਹੈ। ਜੇਕਰ ਲੋਕ ਖੁਦ ਉਦਮ ਕਰਨ ਤਾਂ ਉਨ੍ਹਾਂ ਦੀਆਂ ਘਾਲਣਾਵਾਂ ਅਜਾਈਂ ਨਹੀਂ ਜਾਣਗੀਆਂ। ਸਾਰੀਆਂ ਰਾਜਨੀਤਕ ਪਾਰਟੀਆਂ ਜਾਂ ਉਨ੍ਹਾਂ ਵਿਚੋਂ ਕੁਝ ਤੇ ਬਹੁਤ ਸਾਰੀਆਂ ਜਨਤਕ ਜਥੇਬੰਦੀਆਂ ਉਨ੍ਹਾਂ ਨਾਲ ਮਿਲਣ ਲਈ ਮਜਬੂਰ ਹੋ ਜਾਣਗੀਆਂ। ਇਕ ਵਿਸ਼ਾਲ ਲਹਿਰ ਹੀ ਸਾਰੀਆਂ ਸੰਸਥਾਵਾਂ, ਵਿਵਸਥਾਵਾਂ ਅਤੇ ਅਸਲ ਵਿਚ ਸਾਰੀਆਂ ਸਮਾਜਿਕ ਰਵਾਇਤਾਂ ਵਿਚ ਘੁਸੇ ਸੁਆਰਥੀ ਤੱਤਾਂ ਦਾ ਮੁਕਾਬਲਾ ਕਰ ਸਕੇਗੀ।

ਜਾਪਦਾ ਹੈ ਕਿ ਹੌਲੀ ਹੌਲੀ ਸਰਗਰਮੀਆਂ ਅਰੰਭ ਹੋ ਗਈਆਂ ਹਨ। ਕੁਝ ਗੈਰ ਪਾਰਟੀ ਗਰੁਪਾਂ ਦੇ ਕਾਰਕੁੰਨ ਅਕਤੂਬਰ ਵਿਚ ਮੁਕੰਮਲ ਇਨਕਲਾਬ ਲਈ ਮੀਟਿੰਗ ਕਰ ਰਹੇ ਹਨ। ਉਨ੍ਹਾਂ ਦੇ ਬਿਆਨ ਦੇ ਖਰੜੇ ਵਿਚ ਇਹ ਸਾਰੀਆਂ ਮੁਢਲੀਆਂ ਗੱਲਾਂ ਸ਼ਾਮਲ ਹਨ।

ਕਿਸਾਨਾਂ ਦੀਆਂ ਜਥੇਬੰਦੀਆਂ ਨੇ ਪ੍ਰਬੰਧ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਵਾਲੇ ਸਮਾਜਿਕ ਤੇ ਆਰਥਿਕ ਪਰੋਗਰਾਮ ਨੂੰ ਅਪਨਾਉਣ ਲਈ ਵਿਸ਼ਾਲ ਰੈਲੀ ਆਯੋਜਿਤ ਕਰਨ ਲਈ ਆਪਣੀ ਤਾਲਮੇਲ ਕਮੇਟੀ ਬਣਾਈ ਹੈ। ਬਹੁਤ ਸਾਰੀਆਂ ਟਰੇਡ ਯੂਨੀਅਨਾਂ ਅਤੇ ਗੈਰ ਪਾਰਟੀ ਸਮਾਜਿਕ ਅੰਦੋਲਨ ਸੰਵਿਧਾਨ ਵਿਚ ਕੰਮ ਦੇ ਅਧਿਕਾਰ ਨੂੰ ਮੁਢਲੇ ਅਧਿਕਾਰ ਵਜੋਂ ਸ਼ਾਮਲ ਕਰਾਉਣ ਲਈ ਸੰਘਰਸ਼ਸ਼ੀਲ ਹਨ। ਉਹ ਪਾਰਲੀਮੈਂਟ ਨੂੰ 10 ਲੱਖ ਲੋਕਾਂ ਦੇ ਦਸਤਖਤਾਂ ਵਾਲਾ ਮੰਗ ਪੱਤਰ ਦੇ ਰਹੇ ਹਨ। ਜਨਤਾ ਪਾਰਟੀ ਅਤੇ ਲੋਕ ਦਲ ਦੇ ਯੂਥ ਵਿੰਗ ਹੋਰ ਪਾਰਟੀਆਂ ਨਾਲ ਸਬੰਧਤ ਨੌਜਵਾਨਾਂ ਅਤੇ ਵਿਦਿਆਰਥੀਆਂ ਦੇ ਗਰੁਪਾਂ ਨੂੰ ਇਸ ਮੰਗ ਦੇ ਹੱਕ 'ਚ ਲਾਮਬੰਦ ਕਰਨ ਲਈ ਤਾਲਮੇਲ ਕਰ ਰਹੇ ਹਨ। ਜਨਤਾ ਪਾਰਟੀ ਨੇ 15 ਅਕਤੂਬਰ ਤੋਂ ਕੰਮ ਦੇ ਅਧਿਕਾਰ, ਕਿਸਾਨਾਂ ਲਈ ਲਾਭਕਾਰੀ ਭਾਵਾਂ ਅਤੇ ਖੇਤਰੀ ਤੇ ਆਰਥਿਕ ਅਸਮਾਨਤਾਵਾਂ ਨੂੰ ਦੂਰ ਕਰਨ ਦੀਆਂ ਮੰਗਾਂ ਨੂੰ ਲੈ ਕੇ ਅੰਦੋਲਨ ਕਰਨ ਦਾ ਅਹਿਦ ਕੀਤਾ ਹੈ। ਹੋਰ ਪਾਰਟੀਆਂ ਵੀ ਇਹੋ ਜਿਹੇ ਐਕਸ਼ਨਾਂ ਦੀਆਂ ਤਿਆਰੀਆਂ ਕਰ ਰਹੀਆਂ ਹਨ।

ਜੇਕਰ ਇਹ ਸਾਰੀਆਂ ਸਰਗਰਮੀਆਂ ਆਮ ਆਦਮੀ ਨੂੰ ਘੇਰੇ ਵਿਚ ਲੈ ਲੈਂਦੀਆਂ ਹਨ ਤਾਂ ਇਹ ਸੰਭਵ ਹੈ ਕਿ ਇਹ ਕੌਮ ਦੇ ਇਤਿਹਾਸ ਲਈ ਇਕ ਨਵੇਂ ਅਧਿਆਇ ਨੂੰ ਭੂਮਿਕਾ ਮੁਹੱਈਆ ਕਰਨ। ਇਹ ਸਿਰਫ ਅਜੇ ਸ਼ੁਰੂਆਤ ਹੀ ਹੈ ਕਿਉਂਕਿ ਕੰਮ ਬਹੁਤ ਲੰਮਾ ਹੈ, ਆਸ ਕੀਤੀ ਜਾਣੀ ਚਾਹੀਦੀ ਹੈ ਕਿ ਅਗਲੇ ਸਾਲ ਦੇ ਅੱਧ ਤਕ ਰਾਜਨੀਤਕ ਪਾਰਟੀਆਂ, ਗੈਰ ਪਾਰਟੀ ਗਰੁਪਾਂ ਦੇ ਕਾਰਕੁੰਨਾਂ, ਟਰੇਡ ਯੂਨੀਅਨਾਂ ਕਿਸਾਨੀ ਤੇ ਕਬਾਇਲੀ ਜਥੇਬੰਦੀਆਂ, ਨੌਜਵਾਨਾਂ ਅਤੇ ਔਰਤਾਂ ਦੇ ਗਰੁਪਾਂ ਨੂੰ ਸ਼ਾਮਲ ਕਰਕੇ ਸਾਂਝੀਆਂ ਮੰਗਾਂ ਲਈ ਜਨਤਕ ਅੰਦੋਲਨ ਚਲਾਉਣ ਲਈ ਵਾਤਾਵਰਣ ਤਿਆਰ ਹੋ ਜਾਏਗਾ।

ਅਜੇ ਇਹ ਇਕ ਆਸ ਹੀ ਹੈ। ਰਾਜਨੀਤਕ ਪਾਰਟੀਆਂ ਵੋਟਾਂ ਦੀ ਰਾਜਨੀਤੀ ਨੂੰ ਵਧੇਰੇ ਮਹੱਤਵਪੂਰਨ ਸਮਝਦੀਆਂ ਹਨ। ਸਾਰੀਆਂ ਰਾਜਨੀਤਕ ਪਾਰਟੀਆਂ ਸਮੇਤ ਅਸੰਤੁਸ਼ਟ ਕਾਂਗਰਸੀਆਂ ਦੇ ਨੇੜੇ ਆਉਣ ਅਤੇ 1967 ਜਾਂ 1977 ਦੇ ਦੁਹਰਾਏ ਜਾਣ ਦੀਆਂ ਵਧੇਰੇ ਸੰਭਾਵਨਾਵਾਂ ਹਨ।

ਕੋਈ ਵੀ ਇਹ ਨਹੀਂ ਸੋਚਦਾ ਕਿ ਰਾਜਸਤਾ ਦੇ ਵਿਸ਼ਾਲ ਯੰਤਰ ਨੂੰ ਉਨ੍ਹਾਂ ਵਿਚੋਂ ਕੁਝ ਵਲੋਂ ਕਿਸ ਤਰ੍ਹਾਂ ਚਲਾਇਆ ਜਾਵੇਗਾ ਅਤੇ ਕਿਸ ਮੰਤਵ ਲਈ ਚਲਾਇਆ ਜਾਵੇਗਾ ਪਰ ਫਿਰ ਵੀ ਹੋਰ ਉਹ ਸਾਰੇ ਗਰੁਪ ਜਿਨ੍ਹਾਂ ਦੀਆਂ ਇਹੋ ਜਿਹੀਆਂ ਸੁਆਰਥੀ ਖਾਹਿਸ਼ਾਂ ਨਹੀਂ ਹਨ ਲਾਜ਼ਮੀ ਤੌਰ ਤੇ ਪਹਿਲਕਦਮੀ ਕਰਨਗੇ। ਰਾਜਨੀਤਕ ਪਾਰਟੀਆਂ ਵਿਚ ਵੀ ਕਸ਼ਟ ਸਹਿਣ ਅਤੇ ਕੁਰਬਾਨੀ ਦੀ ਰਵਾਇਤ ਬਹੁਤ ਸੰਜੀਵ ਸੀ। ਕੁਝ ਮਾਮਲਿਆਂ ਵਿਚ ਇਹ ਅਜੇ ਵੀ ਕਾਇਮ ਹੈ। ਇਸ ਤਰ੍ਹਾਂ ਵਿਸਤ੍ਰਿਤ ਪਹਿਲੂਆਂ ਵਾਲੀ ਲਹਿਰ ਸਾਹਮਣੇ ਆ ਜਾਏਗੀ। ਇਹ ਲਹਿਰ ਲੋਕਾਂ ਵਿਚ ਇਕਮੁਠਤਾ ਦੀ ਨਵੀਂ ਕੜੀ ਕਾਇਮ ਕਰ ਸਕੇਗੀ, ਇਹ ਉਨ੍ਹਾਂ ਦੇ ਦੁਖਾਂ ਨੂੰ ਦੂਰ ਕਰਨ 'ਚ ਸਹਾਇਤਾ ਕਰ ਸਕੇਗੀ ਅਤੇ ਇਹ ਮਜ਼ਬੂਤ ਕੌਮੀ ਅਖੰਡਤਾ ਦੀ ਜ਼ਾਮਨ ਹੋਵੇਗੀ।



ਦੂਜਿਆਂ ਲਈ ਇਮਾਰਤਾਂ ਉਸਾਰਨ ਵਾਲੇ ਕਾਮਿਆਂ ਦੀ ਆਪਣੀ ਰਸੋਈ ਰੜੇ ਮੈਦਾਨ।



ਇਰਸ਼ਾਦ ਦੇ ਦਸ ਕਰੋੜ ਰੁਪੇ ਵਿਦੇਸ਼ੀ ਬੈਂਕਾਂ ਵਿਚ

ਲੰਦਨ — ਇਥੋਂ ਛਪਣ ਵਾਲੇ ਇਕ ਅਖਬਾਰ ਨੇ ਇਹ ਪ੍ਰਗਟਾਵਾ ਕੀਤਾ ਹੈ ਕਿ ਬੰਗਲਾ ਦੇਸ਼ ਦੇ ਪ੍ਰਧਾਨ ਜਨਰਲ ਇਰਸ਼ਾਦ ਅਤੇ ਉਸਦੀ ਪਤਨੀ ਰੋਸ਼ਨ ਨੇ ਕਥਿਤ ਤੌਰ ਤੇ ਵਿਦੇਸ਼ੀ ਬੈਂਕਾਂ ਵਿਚ ਦਸ ਕਰੋੜ ਰੁਪਏ ਜਮ੍ਹਾਂ ਕਰਾਏ ਹਨ। ਦੱਸਿਆ ਜਾਂਦਾ ਹੈ ਕਿ ਜਨਰਲ ਇਰਸ਼ਾਦ ਨੂੰ ਇਹ ਰਕਮ ਵੱਡੀਆਂ ਬੰਗਲਾ ਦੇਸ਼ੀ ਵਪਾਰਕ ਕੰਪਨੀਆਂ ਤੋਂ ਮਿਲ ਰਹੀ ਹੈ। ਇਸ ਅਖਬਾਰ ਨੇ ਕਈ ਤਰ੍ਹਾਂ ਦੇ ਸਕੈਂਡਲਾਂ ਵਿਚ ਰਾਸ਼ਟਰਪਤੀ ਦੇ ਹੱਥ ਹੋਣ ਦਾ ਦੋਸ਼ ਲਾਇਆ ਹੈ। ਜਾਣਕਾਰ ਸੂਤਰਾਂ ਦੇ ਹਵਾਲੇ ਨਾਲ ਅਖਬਾਰ ਕਹਿੰਦਾ ਹੈ ਕਿ ਮੇਰੀਅਮ ਮੁਮਤਾਜ਼ ਜੋ ਕਾਫੀ ਸਮਾਂ ਜਨਰਲ ਇਰਸ਼ਾਦ ਦੀ ਰਖੇਲ ਰਹੀ ਹੈ ਅਤੇ ਜੋ ਹੁਣ ਜਲਾਵਤਨੀ ਦੀ ਜ਼ਿੰਦਗੀ ਬਿਤਾ ਰਹੀ ਹੈ, ਨਿਊਯਾਰਕ, ਲੰਦਨ ਅਤੇ ਦਿੱਲੀ ਦੀਆਂ ਅਦਾਲਤਾਂ ਵਿਚ ਜਨਰਲ ਇਰਸ਼ਾਦ ਵਿਰੁਧ 16.7 ਕਰੋੜ ਰੁਪੇ ਦਾ ਦਾਅਵਾ ਕਰੇਗੀ ਅਤੇ ਜਨਰਲ ਇਰਸ਼ਾਦ ਨੂੰ ਕਹੇਗੀ ਕਿ ਉਹ ਇਸ ਗੱਲ ਦੀ ਪੁਸ਼ਟੀ ਕਰੇ ਕਿ 1982 ਵਿਚ ਉਹਦੇ ਨਾਲ ਗੁਪਤ ਤੌਰ ਤੇ ਢਾਕੇ ਵਿਚ ਸ਼ਾਦੀ ਕੀਤੀ ਗਈ।

FOR THE SOUTH ASIAN COMMUNITY

Sabrung شہر میں اپنی نوعیت کا واحد

SOUTHERN TELEVISION SHOW
GOOD NEWS FOR THE SOUTH EAST ASIAN COMMUNITIES LIVING IN BAY AREA

A new kind of television show on Cable Channel 25 can be seen on every Saturday at 6 p.m. regularly full of entertainment, excitement and music. Presents educational and informative program concerning our community's day to day life.

Producer and host: Irfan Ali

KEEP LISTENING TO SABRUNG RADIO & TELEVISION PROGRAM

TELEVISION (415) 928-1650 — **SATURDAYS** 6:00 p.m. — **CHANNEL 25 CABLE** KUSF 90.3 FM

RADIO PROGRAM
SUNDAYS 10-12 NOON

KUSF 90.3 FM

ਸਾ ਹਿ ਤ ਦ ਰ ਪ ਣ

ਇਕ ਸੁਪਨੇ ਦੀ ਲਾਸ਼

ਸਾਥੀ ਲੁਧਿਆਣਵੀ

ਉਹ ਪਹਿਲੀ ਵਾਰ ਉਸ ਪੱਬ ਵਿਚ ਆਇਆ ਸੀ ਤੇ ਸੋਚਦਾ ਸੀ ਕਿ ਉਹ ਪਹਿਲਾਂ ਕਿਉਂ ਨਹੀਂ ਸੀ ਕਦੇ ਆਇਆ ਉਥੇ ? ਫਿਰ ਆਪੇ ਹੀ ਆਪਣੀ ਸੋਚ ਦਾ ਉਤਰ ਉਸ ਦੇ ਦਿਤਾ "ਸਾਲੀ ਨਵੇਂ ਥਾਂ ਜਾਣ ਦੀ ਝਿਜਕ ਮਾਰ ਲੈਂਦੀ ਏ।"

ਉਹ ਆਪਣੀ ਇਹ ਘਾਟ ਪਹਿਲਾਂ ਤੋਂ ਹੀ ਮਹਿਸੂਸ ਕਰਦਾ ਸੀ। ਸ਼ਾਇਦ ਉਸ ਵਿਚ ਘਟੀਆਪਣ ਦਾ ਅਹਿਸਾਸ ਸੀ। ਉਸ ਨੂੰ ਪਤਾ ਸੀ ਕਿ ਉਹ ਦੇਖਣ ਨੂੰ ਬਹੁਤਾ ਸੋਹਣਾ ਨਹੀਂ ਸੀ, ਪਰ ਦਸਣ ਵਾਲੇ ਦਸਦੇ ਸਨ ਕਿ ਉਸ ਦੇ ਨਕਸ਼ ਬੜੇ ਤਿੱਖੇ ਹਨ। ਖੂਬਸੂਰਤ ਅੱਖਾਂ ਹਨ। ਸੰਘਣੇ ਭਰਵੱਟੇ ਤੇ ਚੌੜੀਆਂ ਪਲਕਾਂ ਹਨ। ਉਸ ਦੀ ਠੋਡੀ ਹੇਠਾਂ ਡੂੰਘ ਪੈਂਦਾ ਹੈ। ਉਸ ਦੇ ਘਣੇ ਸੰਘਣੇ ਵਾਲ, ਉਚਾ ਕੱਦ ਤੇ ਸਡੌਲ ਸਰੀਰ ਹੈ। ਪਰ ਉਹਦਾ ਰੰਗ ਗੋਰਾ ਨਹੀਂ ਸੀ।

ਭਾਰਤ ਹੁੰਦਿਆਂ ਉਹ ਆਪਣੇ ਇਸ ਰੰਗ ਨੂੰ ਬੜਾ ਕੋਸਦਾ ਹੁੰਦਾ ਸੀ। ਉਹ ਕਈਆਂ ਕੁੜੀਆਂ ਉਤੇ ਮੋਹਤ ਹੁੰਦਾ ਸੀ, ਪਰ ਉਹ ਕਦੇ ਉਨ੍ਹਾਂ ਨੂੰ ਬੁਲਾਉਣ ਦਾ ਹੀਆ ਨਹੀਂ ਸੀ ਕਰਦਾ ਹੁੰਦਾ ਮਤੇ ਉਹ ਆਖ ਦੇਣ,

"ਤੂੰ ਕੇਨਾਂ ਕਾਲਾ ਏਂ !"

ਪਰ ਇਥੇ ਇਹ ਦੇਸ਼ ਵਿਚ ਤਾਂ ਉਸ ਨੂੰ ਕਾਲੇ ਰੰਗ ਦਾ ਗਮ ਨਹੀਂ ਸੀ ਹੋਣਾ ਚਾਹੀਦਾ ? ਅੰਗਰੇਜ਼ ਤੀਵੀਆਂ ਲਈ ਤਾਂ ਤੁਸੀਂ ਕਾਲੇ ਹੋ। ਕਿੰਨੇ ਕੁ ਕਾਲੇ ਹੋ ? ਇਸ ਗਿਣਤੀ ਮਿਣਤੀ ਵਿਚ ਉਹ ਨਹੀਂ ਜਾਂਦੀਆਂ। ਸਗੋਂ ਇਸ ਤੋਂ ਉਲਟ ਉਹ ਕਾਲੇ ਸਿਆਹ ਨੀਗਰੋ ਮੁੰਡਿਆਂ ਨੂੰ ਪਸੰਦ ਕਰਦੀਆਂ ਹਨ।

ਬਹੁਤ ਦੇਰ ਹੋਈ ਉਸ ਨੇ ਇਕ ਕਿਤਾਬ ਪੜ੍ਹੀ ਸੀ,

"Myth of the sexual powers of blacks" ਉਸ ਪੁਸਤਕ ਵਿਚ ਲੇਖਕ ਨੇ ਨੀਗਰੋਆਂ ਦਾ ਅਸਾਧਾਰਨ ਕਾਮ-ਖਾਹਿਸ਼ ਵਾਲੇ ਨਾ ਹੋਣਾ ਸਿੱਧ ਕੀਤਾ ਸੀ, ਤੇ ਉਸ ਇਹ ਸਾਬਤ ਕਰਨ ਦਾ ਯਤਨ ਕੀਤਾ ਸੀ ਕਿ ਇਹ ਐਵੇਂ ਚਿੱਟੀਆਂ ਤੀਵੀਆਂ ਦੀ ਫੈਂਨਟਸੀ ਹੀ ਹੈ ਕਿ ਨੀਗਰੋ ਲੋਕੀਂ ਪਸ਼ੂਆਂ ਵਰਗੇ ਕਾਮੀ ਹੁੰਦੇ ਹਨ ਤੇ ਕਾਮੀ ਤੋਂ ਕਾਮੀ ਚਿੱਟੀ ਤੀਵੀਂ ਦੀ ਤਸੱਲੀ ਕਰਵਾ ਸਕਦੇ ਹਨ। ਉਸ ਕਿਤਾਬ ਦੀ ਟ੍ਰੈਜਿਡੀ ਇਹ ਸੀ ਕਿ ਉਸ ਦਾ ਲੇਖਕ ਸਫੈਦ ਰੰਗ ਦਾ ਸੀ ਤੇ ਸੀ ਵੀ ਉਹ ਮਰਦ।

ਜਿਸ ਪੱਬ ਵਿਚ ਅਜ ਉਹ ਅਚਾਨਕ ਆ ਗਿਆ ਸੀ। ਉਹ ਬੜਾ ਸੋਹਣਾ ਸੀ। ਸੈਲੂਨ ਬਾਰ ਵਿਚ ਰੰਗ ਬਰੰਗੇ ਲੈਂਪ ਸ਼ੇਡ ਲਗੇ ਹੋਏ ਸਨ ਜਿਨ੍ਹਾਂ ਕਾਰਨ ਹਰ ਸ਼ੈਅ ਉਤੇ ਬਹੁਭਾਂਤਾ ਰੰਗ ਡੁੱਲ੍ਹ ਰਿਹਾ ਸੀ। ਫਰਸ਼ ਦੀ ਦਰੀ ਪਤਾ ਨਹੀਂ ਕਿਹੜੇ ਰੰਗ ਦੀ ਸੀ ? ਕਿਉਂਕਿ ਉਸ ਉਤੇ ਬੇਅੰਤ ਚਿੱਤਰ ਮਿਤਰੀਆਂ ਰੋਸ਼ਨੀਆਂ ਡੁੱਲ੍ਹੀਆਂ ਹੋਈਆਂ ਸਨ।

ਤੋਚੀ ਦਾ ਭੂਰਾ ਨਵਾਂ ਸੂਟ ਇੰਜ ਲਗਦਾ ਸੀ ਜਿਵੇਂ ਉਸ ਉਤੇ ਕਿਸੇ ਨੇ ਹੋਲੀ ਦੇ ਦਿਨ ਰੰਗ ਬਰੰਗੇ ਰੰਗ ਧੂੜ ਦਿਤੇ ਹੋਣ। ਤੇ ਉਨ੍ਹਾਂ ਰੰਗਾਂ ਨੂੰ ਧੂੜਨ ਵਾਲੀ ਉਹਦੀ ਮਨ ਚਿੰਦੀ ਕੋਈ ਬਦਾਮੀ ਰੰਗੀ ਕੁੜੀ ਹੋਵੇ।

ਕੰਧਾਂ ਦਾ ਪੇਪਰ ਵੀ ਸਾਈਕੇਡੇਲਿਕ ਸੀ ਤੇ ਇਕਾ ਦੁਕਾ ਲਟਕਦੇ ਚਿੱਤਰਾਂ ਤੋਂ ਉਨ੍ਹਾਂ ਦੇ ਮਹਿੰਗਿਆਂ ਹੋਣ ਦਾ ਭੁਲੇਖਾ ਪੈਂਦਾ ਸੀ। ਸਾਹਮਣੇ ਵੱਡੇ ਮੈਂਟਲ ਪੀਸ ਉਤੇ ਲਟਕਦੇ ਰੇਨਰ ਦੇ ਉਸ ਚਿੱਤਰ ਦਾ ਉਹ ਪੁਜ ਕੇ ਪ੍ਰਸ਼ੰਸਕ ਸੀ। ਜਿਸ ਵਿਚ ਪਿਆਰ ਭੁੱਖਾ ਗੱਭਰੂ ਇਕ ਖੂਬਸੂਰਤ ਮੁਟਿਆਰ ਦੇ ਬੁਲ੍ਹਾਂ ਨੂੰ ਛੂਹਣ ਛੂਹਣ ਕਰ ਰਿਹਾ ਸੀ।

ਕਾਕਟੇਲ ਬਾਰ ਪਿਛੇ ਰੰਗ ਬਰੰਗੇ ਬਲਬਾਂ ਦੀ ਇਕ ਮਾਲਾ ਸਾਰੀਆਂ ਭਾਂਤ ਸਭਾਂਤੀਆਂ ਬੋਤਲਾਂ ਉਤੇ ਪਸਰੀ ਹੋਈ ਸੀ। ਬੀਅਰ ਵਾਲੇ ਜੱਗਾਂ ਨੂੰ ਲਿਸ਼ਕਾ ਪੁਸ਼ਕਾ ਕੇ ਬਾਰ ਦੀਆਂ ਦੀਵਾਰਾਂ ਉਤੇ ਟੰਗਿਆ ਹੋਇਆ ਸੀ ਤੇ ਸਾਹਮਣੀ ਪਰਛੱਤੀ ਉਤੇ ਨਿੱਕੇ ਵੱਡੇ ਖੂਬਸੂਰਤ ਪੈਮਾਨੇ ਪਏ ਸਨ।

ਪਰ ਉਸ ਨੂੰ ਇਹ ਪੱਬ ਉਪਰੋਕਤ ਰੰਗੀਨੀਆਂ ਕਰ ਕੇ ਹੀ ਸੁੰਦਰ ਨਹੀਂ ਸੀ ਲਗ ਰਿਹਾ ਸਗੋਂ ਬੀਅਰ ਦੇ ਗਲਾਸ ਤੇ ਸ਼ਰਾਬ ਦੇ ਪੈਮਾਨੇ ਭਰਦੀ ਕੁੜੀ ਉਹਨੂੰ ਬੜੀ ਕਾਮ ਉਕਸਾਊ ਤੇ ਸੁਨੱਖੀ ਲਗ ਰਹੀ ਸੀ। ਉਸ ਨੇ ਆਪਣੇ ਲੰਬੇ ਭੂਰੇ ਵਾਲਾਂ ਦੀ ਪੋਨੀ ਟੇਲ ਬਣਾਈ ਹੋਈ ਸੀ ਤੇ ਉਨ੍ਹਾਂ ਨੂੰ ਲਾਲ ਸੂਹੇ ਰਿਬਨਾਂ ਨਾਲ ਬੰਨ੍ਹਿਆ ਹੋਇਆ ਸੀ ਉਸ ਦੇ ਨਕਸ਼ਾਂ ਵਿਚ ਕਿਸੇ ਗਰੀਕ ਗਾਡੇਂਸ ਵਾਲੀ ਖਿਚ ਸੀ। ਉਹਦੀਆਂ ਅੱਖਾਂ ਦੇ ਛਪਰਾਂ ਦੇ ਉਠਣ ਤੇ ਬੈਠਣ ਵਿਚ ਇਕ ਰਿਦਮ ਸੀ ਜਿਸ ਕਾਰਨ ਉਸ ਦੀਆਂ ਲੰਮੀਆਂ ਕਾਲੀਆਂ ਸੰਘਣੀਆਂ ਤੇ ਨਕਲੀ ਪਲਕਾਂ ਹੋਰ ਵੀ ਖੂਬਸੂਰਤ ਲਗਦੀਆਂ ਸਨ।

ਤੋਚੀ ਨੂੰ ਲੱਗਾ ਜਿਵੇਂ ਕੁੜੀ ਦੀਆਂ ਅੱਖਾਂ ਵਿਚ ਕੋਈ ਹਰਿਆਲੀ ਸੀ। ਸ਼ਾਇਦ ਉਹਨੂੰ ਇਸ ਹਰਿਆਲੀ ਦਾ ਰੰਗ ਬਰੰਗੀਆਂ ਬੱਤੀਆਂ ਕਾਰਨ ਵੀ ਭੁਲੇਖਾ ਪੈ ਰਿਹਾ ਹੋਵੇ। ਪਰ ਉਂਜ ਵੀ ਉਹ ਕਿਸੇ ਸੁਪਨਮਈ ਕੁੜੀ ਦੀਆਂ ਅੱਖਾਂ ਨੂੰ ਹਰੀਆਂ ਹੀ ਵੇਖਣਾ ਚਾਹੁੰਦਾ ਸੀ। ਸੋ ਸ਼ਾਇਦ ਇਹ ਕੋਈ ਸਾਈਕੋਲੋਜੀਕਲ ਗੱਲ ਵੀ ਹੋਵੇ

ਉਸ ਕੁੜੀ ਨੇ ਆਪਣੇ ਕੰਨਾਂ ਵਿਚ ਦੋ ਚਾਂਦੀ ਵੰਨੇ ਝੁੰਮਕੇ ਪਾਏ ਹੋਏ ਸਨ ਜਿਨ੍ਹਾਂ ਦਾ ਡੀਜ਼ਾਈਨ ਕੁਝ ਏਸ ਤਰ੍ਹਾਂ ਦਾ ਸੀ ਕਿ ਜਿਵੇਂ ਦੋ ਮਛਲੀਆਂ ਉਤੇ ਲਟਕਾਈਆਂ ਹੋਈਆਂ ਹੋਣ।

ਤੋਚੀ ਨੇ ਆਪਣੇ ਆਪ ਨੂੰ ਦੱਸਣਾ ਚਾਹਿਆ ਕਿ ਇਹ ਹਰਗਿਜ਼ ਕੁੜੀ ਦੇ ਕਠੋਰ ਦਿਲ ਵਾਲੀ ਹੋਣ ਦੀ ਨਿਸ਼ਾਨੀ ਨਹੀਂ ਸੀ। ਏਡੀ ਪਿਆਰੀ ਕੁੜੀ ਇੰਜ ਦੀ ਨਹੀਂ ਹੋ ਸਕਦੀ।

ਬਾਰਮੇਡ ਕੁੜੀ ਦਾ ਪਹਿਰਾਵਾ ਉਹਦੇ ਜ਼ਿਹਨ ਅੰਦਰ ਲਹਿੰਦਾ ਜਾ ਰਿਹਾ ਸੀ। ਉਸ ਨੇ ਚਿੱਟਾ ਦੁੱਧ ਲੋ-ਕੱਟ ਬਲਾਊਜ਼ ਪਾਇਆ ਹੋਇਆ ਸੀ ਜਿਸ ਹੇਠੋਂ ਉਹਦੀ ਕਾਲੀ ਅੰਗ ਉਤੇ ਜ਼ਰਦ ਫੁੱਲ ਦਿਖਾਈ ਦੇ ਰਹੇ ਸਨ। ਉਹਨੇ ਕਾਲੇ ਸਿਆਹ ਸਲੈਕਸ ਪਾਏ ਹੋਏ ਸਨ ਜਿਨ੍ਹਾਂ ਹੇਠੋਂ ਉਹਦੀ ਸੀਮਤ ਜਿਹੀ ਦੁੱਧ ਚਿੱਟੀ ਕਾਂਚ ਦਾ ਝੌਲਾ ਪੈਂਦਾ ਸੀ ਤੇ ਸਲੈਕਸ 'ਚੋਂ ਉਂਰੇ ਕਾਂਚ ਦੇ ਵੱਟ ਤੋਚੀ ਨੂੰ ਬਿਹਬਲ ਕਰ ਰਹੇ ਸਨ। ਖਿਆਲਾਂ ਹੀ ਖਿਆਲਾਂ ਵਿਚ ਉਸ ਕੁੜੀ ਨੂੰ ਨੰਗਿਆਂ ਕਰ ਦਿਤਾ ਤੇ ਬੜਾ ਪਿਆਰ ਕੀਤਾ ਉਹਦੇ ਸੰਗ ਮਰਮਰੀ ਜਿਸਮ ਨੂੰ।

ਤੋਚੀ ਨੇ ਚਾਹਿਆ ਉਹ ਉਸ ਕੁੜੀ ਨੂੰ ਬੁਲਾ ਲਵੇ। ਪਰ ਕਿਵੇਂ ? ਕੀ ਆਖੇ ਉਹਨੂੰ ? ਜੇ ਖਰ੍ਹਵੀ ਬੋਲੀ ਤਦ ਭਲਾ ਉਹਦਾ ਦਿਲ ਨਾ ਟੁੱਟ ਜਾਏਗਾ ?

ਫਿਰ ਉਸ ਸੋਚਿਆ ਕਿ ਬਾਰਮੇਡ ਕੁੜੀਆਂ ਕਦੇ ਖਰ੍ਹਵਾ ਨਹੀਂ ਬੋਲਿਆ ਕਰਦੀਆਂ। ਬੋਲ ਵਿਚ ਕੋਮਲਤਾ ਲਿਆਉਣੀ ਉਨ੍ਹਾਂ ਦੀ ਨੌਕਰੀ ਦੀ ਇਕ ਸ਼ਰਤ ਹੁੰਦੀ ਹੈ। ਉਸ ਨੂੰ ਕੁੜੀ ਦਾ ਸਿਗਰਟ ਪੀਣਾ ਬੜਾ ਚੰਗਾ ਲਗ ਰਿਹਾ ਸੀ। ਉਸ ਦੀਆਂ ਪਤਲੀਆਂ ਤੇ ਆਰਟਿਸਟਕ ਉਂਗਲਾਂ ਸਿਗਰਟ ਨੂੰ ਇੰਜ ਨੱਪਦੀਆਂ ਸਨ ਜਿਉਂ ਉਹ ਕੋਈ ਜਿਉਂਦੀ ਸ਼ੈਅ ਹੋਵੇ। ਉਸ ਦੇ ਸੁਰਖ ਤੇ ਕੁਦਰਤੀ ਹੀ ਗਿੱਲੇ ਬੁੱਲ੍ਹਾਂ ਵਿਚ ਸਿਗਰਟ ਇੰਜ ਧੂੰਆਂ ਛਡਦੀ ਲਗ ਰਹੀ ਸੀ ਜਿਉਂ ਉਹ ਹਉਕੇ ਲੈ ਰਹੀ ਹੋਵੇ।

ਉਸ ਸੋਚਿਆ ਜੇ ਉਹ ਸਿਗਰਟ ਪੀਣ ਦਾ ਆਦੀ ਹੁੰਦਾ ਤਾਂ ਉਹਨੂੰ ਸਿਗਰਟ ਹੀ ਪੇਸ਼ ਕਰ ਕੇ ਬੁਲਾ ਲੈਂਦਾ। ਫਿਰ ਉਸ ਸੋਚਿਆ ਕਿ ਉਹ ਕਿਉਂ ਨਾ ਉਹਨੂੰ ਇਕ ਡਰਿੰਕ ਹੀ ਪੇਸ਼ ਕਰੇ ?

ਉਸ ਦਾ ਦਿਲ ਧੜਕਿਆ ਉਹ ਰਤਾ ਕੁ ਝਿਜਕਿਆ, ਪਰ ਉਹਦੇ ਜਜ਼ਬੇ ਬੇਕਾਬੂ ਹੋ ਰਹੇ ਸਨ। ਉਸ ਇਕੋ ਡੀਕੇ ਆਪਣਾ ਬੀਅਰ ਦਾ ਹਥਲਾ ਜੱਗ ਪੀ ਲਿਆ ਤੇ ਕੁੜੀ ਨੂੰ ਟੈਂਕਰਡ ਬੀਅਰ ਦਾ ਆਰਡਰ ਦਿੰਦਿਆਂ ਆਖਿਆ :

"ਇਕ ਤੂੰ ਆਪਣੇ ਲਈ ਵੀ ਭਰ ਲੈ।"

ਕੁੜੀ ਦੇ ਸੈਂਸੂਅਸ ਗੁਲਾਬੀ ਬੁੱਲ੍ਹ ਰਤਾ ਕੁ ਮੁਸਕਰਾਏ। ਉਹਦੀਆਂ ਹਰੀਆਂ ਅੱਖਾਂ ਵਿਚ ਟਟਹਿਣੇ ਲਿਸ਼ਕੇ ਤੇ ਉਸ ਟੁਣਕਦੀ ਆਵਾਜ਼ ਵਿਚ ਆਖਿਆ :—

"ਪਰ ਮੈਂ ਤਾਂ ਬੀਅਰ ਨਹੀਂ ਪੀਂਦੀ।"

"ਜੋ ਤੂੰ ਪੀਨੀ ਏਂ ਤੂੰ ਉਹੋ ਭਰ ਲੈ।" ਤੋਚੀ ਨੇ ਵੀ ਮੁਸਕਰਾਂਦਿਆਂ ਆਖਿਆ।

"ਅੱਛਾ ਮੈਂ ਸ਼ੈਰੀ ਦਾ ਇਕ ਪੈਗ ਭਰ ਲੈਨੀ ਆਂ ਬਰਿਸਟਲ ਕਰੀਮ ਸ਼ੈਰੀ ਦਾ

ਕੁੜੀ ਨੇ ਪਹਿਲਾਂ ਉਹਨੂੰ ਬੀਅਰ ਦਾ ਜੱਗ ਭਰ ਕੇ ਦਿਤਾ ਤੇ ਫਿਰ ਉਸ ਆਪਣੇ ਲਈ ਇਕ ਫੁੱਲਦਾਰ ਪੈਮਾਨੇ ਵਿਚ ਸ਼ੈਰੀ ਭਰ ਲਈ।

ਫਿਰ ਉਹ ਉਹਦੇ ਕੋਲ ਆ ਗਈ। ਬਹੁਤ ਕੋਲ। ਏਨੀ ਕੋਲ ਕਿ ਉਹਦੇ ਹੇਅਰ ਸਪਰੇਅ ਤੋਂ ਹੋਰ ਕਸਮੈਟਿਕਸ ਦੀ ਮਹਿਕ ਵੀ ਤੋਚੀ ਤਕ ਪਹੁੰਚ ਗਈ। ਤੋਚੀ ਨੂੰ ਜਿਵੇਂ ਨਸ਼ਾ ਜਿਹਾ ਆ ਗਿਆ। ਉਹਨੇ ਕੁੜੀ ਦੀਆਂ ਨਿਰਮਲ ਹਰੀਆਂ ਅੱਖਾਂ ਵਿਚ ਡੂੰਘਾ ਤੱਕਿਆ। ਉਨ੍ਹਾਂ ਵਿਚਲੇ ਕਾਉਂਟਰ ਦੀ ਵਿਥ ਉਹਨੂੰ ਕਈ ਮੀਲ ਲੰਬੀ ਲੱਗੀ।

ਕੁੜੀ ਦੀਆਂ ਅੱਖਾਂ ਤੋਚੀ ਦੀਆਂ ਸਿਆਹ ਅੱਖਾਂ ਵਿਚ ਤੱਕ ਕੇ ਜ਼ਰਾ ਲੱਜਾ ਗਈਆਂ। ਉਸ ਕੰਗਣਾਂ ਵਾਲੇ ਹੱਥ ਨਾਲ ਸ਼ੈਰੀ ਦਾ ਪੈਮਾਨਾ ਉਤਾਂਹ ਚੁਕਿਆ। ਕੁੜੀ ਦੀਆਂ ਕੰਵਲ ਪੱਤੀਆਂ ਜਿਹੇ ਬੁੱਲ੍ਹ ਖੁਲ੍ਹੇ ਤੇ ਉਸ ਆਖਿਆ, "ਚੀਅਰਜ਼"

"ਚੀਅਰਜ਼" ਤੋਚੀ ਨੇ ਮੂੰਹ ਨੂੰ ਜੱਗ ਲਾਂਦਿਆਂ ਉਤਰ ਦਿਤਾ ਤੇ ਨਾਲ ਹੀ ਆਖਿਆ :

"ਮੇਰਾ ਨਾਮ ਤੋਚੀ ਹੈ, ਤੇਰਾ ?"

"ਕੈਰੋਲ" ਕੁੜੀ ਉਸ ਵਿਚ ਦਿਲਚਸਪੀ ਲੈ ਰਹੀ ਜਾਪ ਰਹੀ ਸੀ ਉਸ ਟਿਸ਼ੂ ਪੇਪਰ ਨਾਲ ਆਪਣੇ ਬੁੱਲ੍ਹ ਸਾਫ ਕੀਤੇ ਤੇ ਉਹ ਤੋਚੀ ਨੂੰ ਇਕ ਮੁਸਕਾਨ ਦੇ ਕੇ ਪਰ੍ਹਾਂ ਦੂਜੇ ਗਾਹਕਾਂ ਨੂੰ ਅਟੈਂਡ ਕਰਨ ਲਗ ਪਈ।

.... ਹੁਣ ਤੋਚੀ ਦੀਆਂ ਅੱਖਾਂ ਵਿਚ ਨਸ਼ੇ ਦੇ ਲਾਲ ਡੋਰੇ ਉਤਰ ਆਏ ਸਨ। ਉਹ ਕੁੜੀ ਦੇ ਚੁਸਤ ਤੇ ਲਚਕਦਾਰ ਜਿਸਮ ਨੂੰ ਹਥਿਆਉਣਾ ਚਾਹੁੰਦਾ ਸੀ। ਉਹਦਾ ਅੰਗ ਅੰਗ ਚੁੰਮਣਾ ਚਾਹੁੰਦਾ ਸੀ। ਉਹ ਚਾਹੁੰਦਾ ਸੀ ਕਿ ਉਹ ਕੁੜੀ ਨੂੰ ਏਨਾ ਪਿਆਰ ਕਰੇ, ਏਨਾ ਪਿਆਰ ਕਰੇ ਕਿ ਉਹ ਸਦਾ ਲਈ ਉਹਦੀ ਹੀ ਹੋ ਰਹੇ।

ਤੋਚੀ ਨੂੰ ਖਿਆਲ ਆਇਆ ਆਪਣੇ ਸ਼ਹਿਰ ਦੀ ਉਸ ਕੁੜੀ ਦਾ ਜਿਹੜੀ ਬਹੁਤ ਸੋਹਣੀ ਸੀ। ਜਿਸਦੀਆਂ ਅੱਖਾਂ ਸੁਤ-ਉਨੀਂਦਰੀਆਂ ਜਿਹੀਆਂ ਸਨ। ਜਿਹੜੀ ਜਦੋਂ ਟੁਰਦੀ ਹੁੰਦੀ ਸੀ ਤਾਂ ਉਹਦੀਆਂ ਛਾਤੀਆਂ ਉਛਲ ਉਛਲ ਕਰਦੀਆਂ ਹੁੰਦੀਆਂ ਸਨ। ਉਹ ਉਦੋਂ ਚਾਹੁੰਦਾ ਹੁੰਦਾ ਸੀ ਕਿ ਉਹ ਉਸ ਕੁੜੀ ਦੀਆਂ ਰਸਦਾਇਕ ਛਾਤੀਆਂ ਨੂੰ ਆਪਣੇ ਗਰਮ ਗਰਮ ਹੱਥਾਂ ਵਿਚ ਘੁਟ ਲਵੇ।

ਪਰ ਉਹ ਕਦੇ ਵੀ ਉਹਨੂੰ ਬੁਲਾਉਣ ਦੀ ਹਿੰਮਤ ਨਹੀਂ ਸੀ ਕਰ ਸਕਿਆ। ਤੇ ਫੇਰ ਉਹ ਇੰਗਲੈਂਡ ਆ ਗਿਆ ਸੀ ਉਸ ਇਥੇ ਆ ਕੇ ਕਦੇ ਘਟ ਵਧ ਹੀ ਲਿੰਗ ਸੰਬੰਧਾਂ ਬਾਰੇ ਸੋਚਿਆ ਸੀ। ਉਹਦੀਆਂ ਆਰਥਕ ਮਜ਼ਬੂਰੀਆਂ ਤੇ ਪਿਛਾਂਹ ਬਿਮਾਰ ਪਏ ਪਿਉ ਤੇ ਜਵਾਨ ਹੋ ਰਹੀਆਂ ਭੈਣਾਂ ਦੇ ਵਿਆਹਾਂ ਦੇ ਫਿਕਰਾਂ ਨੇ ਹੀ ਉਹਨੂੰ ਸਾਹ ਨਹੀਂ ਸੀ ਲੈਣ ਦਿਤਾ।

ਜਦੋਂ ਕਦੇ ਵੀ ਉਹਨੂੰ ਕੋਈ ਦੇਸੋਂ ਚਿੱਠੀ ਆਉਂਦੀ ਤਾਂ ਪੈਸਿਆਂ ਬਾਰੇ ਲਿਖਿਆ ਹੁੰਦਾ। ਉਹ ਚਾਹੁੰਦਾ ਉਹਦੀ ਮਾਂ ਕਦੇ ਲਿਖੇ :

"ਪੁੱਤਰਾ ਹੁਣ ਤੂੰ ਵਿਆਹ ਕਰਵਾ ਲੈ।"

ਉਹ ਚਾਹੁੰਦਾ ਉਹਦੀਆਂ ਭੈਣਾਂ ਕਦੇ ਲਿਖਣ :

"ਵੀਰਾ ਭਾਬੀ ਲੈ ਆ ਸਾਡੇ ਲਈ।"

ਪਰ ਹੁਣ ਕੁਝ ਦੇਰ ਤੋਂ ਉਹ ਅੱਕ ਗਿਆ ਸੀ ਕੰਮ ਕਰ ਕਰ ਕੇ ਤੇ ਉਕਾਊ ਕਿਸਮ ਦੀਆਂ ਚਿੱਠੀਆਂ ਪੜ੍ਹ ਪੜ੍ਹ ਕੇ। ਉਹ ਜਦੋਂ ਇੰਗਲੈਂਡ ਆਇਆ ਸੀ ਤਾਂ ਸੋਚਦਾ ਸੀ ਕਿ ਉਹ ਏਨੇ ਪੈਸੇ ਕਮਾਏਗਾ, ਏਨੇ ਪੈਸੇ ਕਮਾਏਗਾ ਕਿ ਸਭ ਨੂੰ ਖੁਸ਼ ਕਰ ਦੇਵੇਗਾ। ਪਰ ਉਹ ਕਿਸੇ ਨੂੰ ਖੁਸ਼ ਨਹੀਂ ਕਰ ਸਕਿਆ। ਕਈ ਰਿਸ਼ਤੇਦਾਰ ਤਾਂ ਉਹਨੂੰ ਕਦੇ ਖਤ ਵੀ ਨਹੀ ਸਨ ਲਿਖਦੇ। ਹਰ ਕਿਸੇ ਦਾ ਕਿਸੇ ਨਾ ਕਿਸੇ ਗੱਲੇ ਮੂੰਹ ਵਿੰਗਾ ਹੀ ਰਹਿੰਦਾ ਸੀ। ਗੱਲ ਕੀ ਉਹਦੀ ਖੁਸ਼ੀ ਬਾਰੇ ਕੋਈ ਵੀ ਨਹੀਂ ਸੀ ਪੁਛਣ ਗਿੱਛਣ ਵਾਲਾ।

ਤੋਚੀ ਨੂੰ ਆਪਣੀਆਂ ਇਹ ਸੋਚਾਂ ਬੜੀਆਂ ਬੁਰੀਆਂ ਲਗੀਆਂ। ਉਹ ਚਾਹੁੰਦਾ ਸੀ ਕਿ ਉਹ ਯਥਾਰਥਵਾਦ ਤੋਂ ਕਿਧਰੇ ਦੂਰ ਚਲਾ ਜਾਵੇ। ਕਿਸੇ ਸੁਪਨ-ਵਾਦੀ ਵਿਚ। ਉਸ ਹਥਲਾ ਗਲਾਸ ਛੇਤੀ ਛੇਤੀ ਖਾਲੀ ਕਰਕੇ ਕੁੜੀ ਨੂੰ ਮੁੜ ਸੱਦਿਆ। ਕੁੜੀ ਨੇ ਉਹਦੇ ਆਖਣ ਉਤੇ ਆਪ ਵੀ ਇਕ ਹੋਰ ਪੈਮਾਨਾ ਭਰ ਲਿਆ

ਕੈਰੋਲ ਨੇ ਜਦੋਂ ਤੋਚੀ ਦੇ ਜਵਾਬ ਵਿਚ ਪੈਮਾਨਾ ਉਤਾਂਹ ਚੁਕ ਕੇ 'ਚੀਅਰਜ਼' ਆਖਿਆ ਤਾਂ ਤੋਚੀ ਨੇ ਕਿਹਾ :

"ਤੈਨੂੰ ਅਹਿਸਾਸ ਐ ਇਸ ਗੱਲ ਦਾ ਕੈਰੋਲ, ਕਿ ਤੂੰ ਕੇਡੀ ਖੂਬਸੂਰਤ ਏਂ ?"

"ਹਾਂ" ਕੁੜੀ ਨੇ ਗੱਲ ਹਾਸੇ ਵਿਚ ਲਾਈ। "ਮੈਨੂੰ ਏਦਾਂ ਕਈਆਂ ਨੇ ਕਿਹੈ

"ਸ਼ਾਇਦ ਕਿਸੇ ਨੇ ਮੇਰੇ ਜਿੰਨਾ ਸੱਚ ਨਹੀਂ ਬੋਲਿਆ ਹੋਣਾ।" ਤੋਚੀ ਦੀਆਂ ਸਿਆਹ ਕਾਲੀਆਂ ਅੱਖਾਂ ਵਿਚ ਲਿੰਗ-ਖਾਹਿਸ਼ ਕਾਰਨ ਪਾਣੀ ਲਿਸ਼ਕ ਆਇਆ ਸੀ।

"ਮੈਂ ਤੈਨੂੰ ਮੁਹੱਬਤ ਕਰਨਾਂ।"

"ਤਦ ਤੇ ਇਹ ਫਿਰ ਪਹਿਲੀ ਨਜ਼ਰ ਦਾ ਪਿਆਰ ਹੋਇਆ।" ਕੁੜੀ ਦੀਆਂ ਹਰੀਆਂ ਅੱਖਾਂ ਵਿਚ ਫਿਰ ਟਟਹਿਣੇ ਲਿਸ਼ਕੇ। "ਮੈਂ ਵੀ ਤੈਨੂੰ ਪਸੰਦ ਕਰਨੀ ਆਂ ਤੋਚੀ।"

"ਤੂੰ ਇਥੇ ਕਿੰਨੇ ਵਜੇ ਛੁੱਟੀ ਕਰਨੀ ਆ ਅੱਜ ? ਤੋਚੀ ਨੂੰ ਲਗਾ ਜਿਵੇਂ ਕੁੜੀ ਦੀ ਹਮਬਿਸਤਰੀ ਬਾਝੋਂ ਅਜ ਉਹਦੀ ਜਾਨ ਹੀ ਨਿਕਲ ਜਾਵੇਗੀ। ਉਹਨੂੰ ਲਗਾ ਜਿਵੇਂ ਉਹ ਪਸੀਨੇ ਨਾਲ ਚੋਅ ਰਿਹਾ ਹੋਵੇ। ਉਹਨੂੰ ਲਗਾ ਜਿਵੇਂ ਉਹਦੇ ਸਾਰੇ ਜਿਸਮ ਵਿਚ ਕੰਡੇ ਉਗ ਆਏ ਹੋਣ ਤੇ ਮੱਥੇ ਉਤੇ ਕਾਮ ਦਾ ਸਿੰਗ।

ਕੁੜੀ ਵੀ ਸ਼ਾਇਦ ਉਹਦੀ ਗੱਲ ਭਾਂਪ ਗਈ ਸੀ। ਉਸ ਸੰਖੇਪ ਉਤਰ ਦਿਤਾ

"ਯਾਰਾਂ ਵਜੇ।"

"ਤੂੰ ਕਿਰੇ ਰਹਿਨੀ ਏਂ ਕੈਰੋਲ ?" ਤੋਚੀ ਬੇਸਬਰਾ ਹੋ ਰਿਹਾ ਸੀ।

"ਐਨਫੀਲਡ ਟਾਊਨ 'ਚ, ਮਿਲਟਨ ਰੋਡ ਉਤੇ।" ਕੁੜੀ ਨੇ ਝੱਟ ਉਤਰ ਦਿਤਾ।

"ਮੈਂ ਤੈਨੂੰ ਘਰ ਛਡ ਕੇ ਆਵਾਂਗਾ ਆਪਣੀ ਕਾਰ ਵਿਚ ਤੇ ਨਾਲੇ ਆਪਾਂ ਗੱਲਾਂ ਕਰਾਂਗੇ।" ਤੋਚੀ ਨੇ ਕਿਹਾ।

(ਬਾਕੀ ਪੰਨਾ 16 ਤੇ)

Effective Oct. 1, 86

Vancouver to Edmonton

From

Toronto $348.00
Winnipeg $317.00
Calgary $150.00
Los Angeles $242.00
Edmonton $167.00
San Francisco $179.00

ਤੁਸੀਂ ਪੰਜਾਬੀ, ਹਿੰਦੀ, ਉਰਦੂ, ਇੰਗਲਿਸ਼ ਵਿਚ ਗੱਲਬਾਤ ਕਰ ਸਕਦੇ ਹੋ



Travel to India, Pakistan Europe &

ONE WAY FARE IS ALSO AVAILABLE TO TORONTO ONLY
BOOK EARLY TO AVOID DISAPPOINTMENT

For booking conditions please call:

Fourways Travel Limited

9341 - 120 St., (Scott Rd.) Delta, B.C.

Anywhere in the world.

Ph. (604) 584-1411

ਸਰੀ-ਡੈਲਟਾ ਦੇ ਵਸਨੀਕਾਂ ਨੂੰ ਵੈਨਕੂਵਰ ਜਾਣ ਦੀ ਲੋੜ ਨਹੀਂ — ਅਸੀਂ ਇਥੋਂ ਹੀ ਦੁਨੀਆਂ ਦੇ ਕਿਸੇ ਵੀ ਕੋਨੇ ਲਈ ਟਿਕਟਾਂ ਦੇ ਸਕਦੇ ਹਾਂ

ਪੰਨਾ 15 ਦੀ ਬਾਕੀ

ਕੁੜੀ ਖਚਰਾ ਹਾਸਾ ਹੱਸ ਪਈ। ਉਹ ਵੀ ਹੱਸ ਪਿਆ।

ਹੁਣ ਜਦੋਂ ਉਨ੍ਹਾਂ ਦੀਆਂ ਨਜ਼ਰਾਂ ਮਿਲੀਆਂ ਤਾਂ ਉਨ੍ਹਾਂ ਵਿਚ ਮੂਕ ਵਾਅਦੇ ਸਨ।

ਤੋਚੀ ਨੇ ਦੋ ਗਲਾਸ ਹੋਰ ਪੀਤੇ ਕੁੜੀ ਨੇ ਵੀ ਦੋ ਪੈਮਾਨੇ ਹੋਰ ਪੀਤੇ। ਦੋਨੋਂ ਮਦਹੋਸ਼ ਸਨ। ਤੋਚੀ ਨੇ ਜ਼ਰੂਰਤ ਤੋਂ ਕਿਤੇ ਵੱਧ ਪੀ ਲਈ ਸੀ। ਉਹਨੂੰ ਲਗਾ ਜਿਵੇਂ ਉਹ ਹਵਾ ਵਿਚ ਉਡ ਰਿਹਾ ਹੋਵੇ ਤੇ ਉਸ ਦੇ ਦੁਆਲੇ ਦੀਆਂ ਬੱਤੀਆਂ ਅਨੇਕਾਂ ਛੋਟੇ ਵਡੇ ਸਿਤਾਰੇ ਹੋਣ।

ਦੂਜੇ ਪਲ ਉਹਨੂੰ ਲਗਦਾ ਜਿਵੇਂ ਉਹ ਕੋਈ ਭੰਬਟ ਹੋਵੇ ਤੇ ਛੱਤ ਦੀਆਂ ਬੱਤੀਆਂ ਤੋਂ ਕੁਰਬਾਨ ਹੋ ਹੋ ਜਾ ਰਿਹਾ ਹੋਵੇ। ਉਸ ਨੂੰ ਦੁਆਲੇ ਦੀ ਭੀੜ ਦਾ ਕੋਈ ਅਹਿਸਾਸ ਨਹੀਂ ਸੀ। ਪਰ ਉਹ ਚਾਹੁੰਦਾ ਸੀ ਕਿ ਉਹ ਪੂਰੀ ਸੁਰਤੀ ਵਿਚ ਰਹੇ ਤਾਂ ਜੋ ਉਹ ਕੁੜੀ ਨੂੰ ਬਹੁਤ ਪਿਆਰ ਕਰ ਸਕੇ।

ਤੋਚੀ ਦਾ ਜਿਸਮ ਜਿਵੇਂ ਅੱਗ ਦੀ ਲਾਟ ਸੀ। ਉਸ ਦਾ ਜੀਅ ਕੀਤਾ ਉਹ ਠੰਡੇ ਪਾਣੀ ਵਿਚ ਚੁਭੀਆਂ ਲਾ ਕੇ ਆਵੇ ਜਾਂ ਘਟੋ ਘਟ ਮੂੰਹ ਉਤੇ ਠੰਡੇ ਪਾਣੀ ਦੇ ਛਿੱਟੇ ਹੀ ਮਾਰ ਆਵੇ। ਉਹ ਮਰਦਾਂ ਦੇ ਕਲੋਕ ਰੂਮ ਵਿਚ ਗਿਆ ਤੇ ਮੂੰਹ ਉਤੇ ਠੰਡੇ ਪਾਣੀ ਦੇ ਛਿੱਟੇ ਮਾਰ ਆਇਆ। ਪਰ ਇਸ ਗੱਲ ਦਾ ਉਸ ਨੂੰ ਵੀ ਅਹਿਸਾਸ ਸੀ ਕਿ ਇਹ ਅੱਗ ਪਾਣੀ ਨਾਲ ਨਹੀਂ ਜੋ ਬੁਝ ਸਕਣ ਵਾਲੀ।

ਪੱਬ ਦੇ ਬੰਦ ਹੋਣ ਦੀ ਅੰਤਮ ਘੰਟੀ ਵੱਜੀ ਤਾਂ ਸਭ ਲੋਕੀਂ ਕੁਝ ਮਿੰਟਾਂ ਵਿਚ ਹੀ ਬਾਹਰ ਤੁਰ ਪਏ।

ਤੋਚੀ ਦੀ ਕੈਰੋਲ ਉਸ ਕੋਲ ਆਈ। ਕਾਊਂਟਰ ਦੇ ਦੂਜੇ ਬੰਨਿਉਂ ਉਸ ਉਹਦੇ ਬੁੱਲ੍ਹਾਂ ਨੂੰ ਆਪਣੇ ਬੁੱਲ੍ਹਾਂ ਨਾ ਛੋਹਿਆ ਤੇ ਕਿਹਾ:

"ਤੂੰ ਬਾਹਰ ਖੜੋ ਤੋਚੀ ਮੈਂ ਨਿੱਕਾ ਮੋਟਾ ਕੰਮ ਸੰਭਾਲ ਕੇ ਤੇ ਕੋਟ ਪਾ ਕੇ ਆਨੀ ਆਂ।"

ਕੁੜੀ ਦੇ ਸੁਹਿਰਦ ਭਿੰਨੇ ਬੁੱਲ੍ਹਾਂ ਦੀ ਛੋਹ ਨੇ ਜਿਵੇਂ ਉਹਨੂੰ ਅੱਧ-ਪਾਗਲ ਕਰ ਦਿਤਾ। ਉਸ ਦੇ ਸਾਰੇ ਜਿਸਮ ਵਿਚ ਜਿਵੇਂ ਬਿਜਲੀ ਦੌੜ ਗਈ। ਕੁੜੀ ਦੇ ਅੱਖਾਂ ਵਿਚਲੇ ਟਟਹਿਣਿਆਂ ਨੇ ਉਹਨੂੰ ਚੁੰਧਿਆ ਦਿਤਾ ਸੀ।

ਕੁੜੀ ਦੇ ਆਖਣ ਅਨੁਸਾਰ ਉਹ ਬਾਹਰ ਆ ਗਿਆ। ਬਾਹਰ ਦੀ ਠੰਡੀ ਸੀਤ ਹਵਾ ਵਿਚ ਲੰਮੇ ਲੰਮੇ ਸਾਹ ਭਰੇ ਤੇ ਨਸ਼ਹੀ ਜੁੱਸੇ ਨੂੰ ਛੰਡਿਆ। ਹੁਣ ਉਹ ਕੁੜੀ ਨੂੰ ਹੋਰ ਵੀ ਬੇਸਬਰੀ ਨਾਲ ਉਡੀਕ ਰਿਹਾ ਸੀ।

ਪਰ੍ਹਾਂ ਹਨੇਰੇ 'ਚੋਂ ਤੋਚੀ ਨੂੰ ਕੁਝ ਪਰਛਾਵੇਂ ਨਜ਼ਰੀਂ ਪਏ। ਚਮੜੇ ਦੀਆਂ ਜੈਕਟਾਂ ਵਾਲੇ ਤੇ ਘੋਨ ਮੋਨ ਸਿਰਾਂ ਵਾਲੇ ਚਾਰ ਪੰਜ ਸਕਿੱਨਹੈਡ ਛੋਕਰੇ ਉਸ ਦੇ ਨੇੜੇ ਆਣ ਪੁਜੇ ਸਨ। ਉਨ੍ਹਾਂ 'ਚੋਂ ਇਕ ਨੇ ਉਚੀ ਦੇਕੇ ਆਖਿਆ: "ਪਾਕੀ ਪਾਕੀ ਬਲੱਡੀ ਪਾਕੀ।"

ਦੂਜਿਆਂ ਨੇ ਉਹਨੂੰ ਵਾਹੋ ਦਾਹੀ ਮਾਰਨਾ ਸ਼ੁਰੂ ਕਰ ਦਿਤਾ। ਇਕ ਜਣੇ ਨੇ ਆਪਣਾ ਭਾਰਾ ਬੂਟ ਉਸਦੇ ਗੁਪਤ ਅੰਗ ਉਤੇ ਦੇ ਮਾਰਿਆ ਤੇ ਆਖਿਆ:

"ਸਾਲਾ ਕਾਲਾ ਕੁੱਤਾ।"

ਉਹ ਜ਼ਮੀਨ ਉਤੇ ਡਿੱਗ ਪਿਆ। ਉਹਦੀਆਂ ਅੱਖਾਂ ਦੇ ਛੱਪਰ ਮੱਲੋ ਜੋਰੀ ਬਦ ਹੋ ਰਹੇ ਸਨ। ਉਹਨੂੰ ਲਗਾ ਜਿਵੇਂ ਉਹ ਨਸ਼ੇ ਤੇ ਦਰਦ ਕਾਰਨ ਮਰ ਰਿਹਾ ਹੋਵੇ ਉਹਨੂੰ ਲਗਾ ਜਿਵੇਂ ਉਹ ਤੇਜ਼ ਘੁੰਮਦੀ ਚਰਖੀ ਉਤੇ ਸਵਾਰ ਹੋਵੇ।

ਉਸ ਦੇ ਮਨ ਪਰਦੇ ਉਤੇ ਉਹਦੀ ਵੇਖੀ ਇਕ ਸਵੀਡਿਸ਼ ਫਿਲਮ ਦਾ ਝੌਲਾ ਜਿਹਾ ਪੈ ਰਿਹਾ ਸੀ ਜਿਸ ਵਿਚ ਇਕ ਮੁੰਡਾ ਆਪਣੀ ਮਨ ਚਾਹੀ ਕੁੜੀ ਨਾਲ ਹਮਬਿਸਤਰੀ ਕਰ ਰਿਹਾ ਹੁੰਦਾ ਹੈ। ਅਚਾਨਕ ਬੂਹਾ ਖੁਲ੍ਹਦਾ ਹੈ ਤੇ ਕੁੜੀ ਦਾ ਕੋਈ ਹੋਰ ਚਹੇਤਾ ਮੁੰਡਾ ਅੰਦਰ ਆ ਵੜਦਾ ਹੈ ਤੇ ਆਉਂਦਾ ਹੀ ਦੂਜੇ ਮੁੰਡੇ ਦੀ ਪਿੱਠ ਵਿਚ ਚਾਕੂ ਖੋਭ ਦਿੰਦਾ ਹੈ ਤੇ ਨਸ਼ੇ ਅਤੇ ਚਾਕੂ ਦੀ ਪੀੜ ਕਾਰਨ ਉਹ ਹੌਲੀ ਹੌਲੀ ਦਮ ਤੋੜ ਦਿੰਦਾ ਹੈ।

ਤੋਚੀ ਦੀ ਮਰ ਰਹੀ ਸੁਰਤ ਨੇ ਮਹਿਸੂਸਿਆ ਜਿਵੇਂ ਕੋਈ ਉਹਦੀ ਨਬਜ਼ ਟੋਹ ਰਿਹਾ ਹੈ ਤੇ ਉਚੀ ਉਚੀ ਕਹਿ ਰਿਹਾ ਹੈ


"ਹਾਏ! ਇਸ ਦੀ ਪਿੱਠ ਵਿਚ ਤਾਂ ਕਿਸੇ ਛੁਰਾ ਵੀ ਮਾਰਿਆ ਹੋਇਐ। ਹੈਲਪ, ਹੈਲਪ, ਮਰਡਰ ਮਰਡਰ।"

ਇਸ ਤੋਂ ਬਾਅਦ ਤੋਚੀ ਨੂੰ ਕੁਝ ਸੁਣਾਈ ਨਾ ਦਿਤਾ ਬਸ ਹਨੇਰਾ ਤੇ ਵਿਕਰਾਲ ਚੁੱਪ ਸੀ ਹਰ ਤਰਫ। ਉਸ ਦੀਆਂ ਚੌੜੀਆਂ ਪਲਕਾਂ ਹੇਠ ਕੋਈ ਸੁਪਨਾ ਮਰ ਗਿਆ ਸੀ ਹੁਣੇ ਹੁਣੇ।

ਤੀਲ੍ਹਾ ਤੀਲ੍ਹਾ ਆਲ੍ਹਣਾ ਫਿਰ ਵੀ ਹਵਾ ਓਸੇ ਤਰ੍ਹਾਂ।
ਸੋਚਦਾ ਹਾਂ ਮੈਂ ਮੁਬਾਰਿਕ ਸਾਲ ਤੈਨੂੰ ਕੀ ਕਹਾਂ।
ਜ਼ਿਦਗੀ ਗੁਜ਼ਰੀ ਹੈ ਮੇਰੀ ਖੂਹ ਦੇ ਬੂਟੇ ਤਰ੍ਹਾਂ।
ਏਸ ਬਾਰੇ ਮੈਂ ਕੋਈ ਪੁਸਤਕ ਲਿਖਾਂ ਤਾਂ ਕੀ ਲਿਖਾਂ।

ਸ. ਸੋਭਾ ਸਿੰਘ ਚਿੱਤਰਕਾਰ ਦਾ ਕਾਵਿ - ਚਿੱਤਰ

ਸੁਰਜੀਤ ਰਾਮਪੁਰੀ



ਇਕ ਪਹਾੜੀ ਰਾਤ ਹੈ
ਦੂਰ ਹੈ ਸੂਰਜ ਅਜੇ ਪ੍ਰਭਾਤ ਦਾ
ਧੁੰਦਲੇ ਤਾਰੇ ਲਿਸ਼ਕਦੇ
ਸੀਤ 'ਵਾ ਵਗਦੀ ਪਈ
ਕੈਨਵਿਸ 'ਤੇ ਤੂਲਿਕਾ ਨੱਚਦੀ ਪਈ।

ਰਿਸ਼ੀਆਂ ਵਰਗਾ ਇਕ ਮਨੁੱਖ
ਭਾਵਾਂ ਤਾਈਂ ਚਿਤਰਦਾ।
ਇਕ ਜਜ਼ਬਾਤੀ ਮੁਹੱਬਤ ਦਾ ਖਿਆਲ:
"ਕੱਚੇ ਘੜੇ ਤੇ ਅੱਧੀ ਰਾਤੀਂ
ਤਰਕੇ ਆਈ ਹੈ ਮੁਹੱਬਤ...
ਬਣ ਰਿਹਾ ਰੰਗੀਨ ਚਿੱਤਰ "ਮਹੀਂਵਾਲ"
ਰਾਤ ਦਾ ਗੂੜ੍ਹਾ ਹਨੇਰਾ
ਤੇ ਨਦੀ ਦੀਆਂ ਮਾਰੂ-ਛੱਲਾਂ
ਦੂਰ ਕੁੱਲੀ ਦੀ ਝਲਕ,
ਆਪੇ ਤੋਂ ਬੇਖਬਰ ਰੂਪ,
ਮੌਤ ਦੇ ਰਾਹ 'ਤੇ ਟੁਰਕੇ ਜ਼ਿੰਦਗੀ
ਆ ਜੁੜੀ ਹੈ ਇਸ਼ਕ ਨਾਲ।
ਇਕ ਜਜ਼ਬਾਤੀ ਮੁਹੱਬਤ ਦਾ ਖਿਆਲ
ਨਿਭਦਾ ਹੈ ਜੋ ਸਿਰ ਦੇ ਨਾਲ!
ਕੈਨਵਿਸ ਤੇ ਤੂਲਿਕਾ ਨੱਚਦੀ ਪਈ।
ਪਿਆਰ ਦੀ ਹਮਦਰਦ ਤੱਕਣੀ
ਜਿਸ 'ਚੋਂ ਅੰਮ੍ਰਿਤ ਛਲਕਦਾ।
ਉਠਿਆ ਹੱਥ, ਸਾਰੇ ਜੱਗ ਦਾ ਆਸਰਾ
ਕੈਨਵਿਸ 'ਤੇ ਨੂਰੀ ਪਛਾਵਾਂ ਜਿਵੇਂ
ਨਾਨਕ ਦਾ ਚਿਹਰਾ ਉਘੜਦਾ
ਕੈਨਵਿਸ 'ਤੇ ਤੂਲਿਕਾ ਨੱਚਦੀ ਪਈ।
ਨਿਰਭੈ ਯੋਧਾ
ਜਿਸ ਦੇ ਦਿਲ ਜਿੱਤਾਂ ਹੀ ਜਿੱਤਾਂ
ਜੀਣ ਦਾ ਚਾਅ
ਮਰਨ ਦੀ ਨਿਰਭੈ-ਖੁਸ਼ੀ
ਹਿੰਮਦੀ, ਸੈਨਾਤੀ-ਚਿਹਰਾ
ਅੱਖਾਂ ਵਿਚ ਸੂਹੀ ਗੈਰਤ
ਛਾਤੀ ਵਿਚ ਮਰਦਾਨਗੀ
'ਹੀਣਿਆਂ ਨੂੰ ਉਚਾ ਕਰਨਾ
ਨਜ਼ਰ ਦੀ ਜਾਦੂਗਰੀ
ਕੈਨਵਿਸ 'ਤੇ ਤੂਲਿਕਾ ਨੱਚਦੀ ਪਈ
ਗੋਬਿੰਦ-ਗੁਰੂ, ਯੋਧਾ-ਕਵੀ
ਜੋ ਸੰਤ ਵੀ
ਗੈਰਤ ਵਾਂਗੂੰ ਮੁਸਕਰਾ ਰਿਹਾ।'

ਸੂਰਜ ਚੜ੍ਹਨ ਤੋਂ ਪਹਿਲੋਂ ਹੀ
ਸੌਂ ਰਿਹਾ ਹੈ ਚਿਤਰਕਾਰ,
ਉਸਦੇ ਦੁਆਲੇ ਨਿੱਕੇ ਪੰਛੀ ਚਹਿਕਦੇ
ਵਿਹੜੇ ਵਿਚ ਧੁੱਪ ਮੇਲ੍ਹਦੀ
ਹੁਣ ਫੁੱਲ ਦੇ ਨਾਲ ਤਿਤਲੀ ਖੇਲਦੀ
ਖੁਸ਼ੀ ਦੀ ਸੁਰ ਜਾਗਦੀ
ਸੌਂ ਰਿਹਾ ਹੈ ਚਿਤਰਕਾਰ
ਤੂਲਿਕਾ ਵੀ ਸੌਂ ਗਈ।

ਤੂਲਿਕ ਤੇ ਚਿਤਰਕਾਰ
ਸੋਹਣੀ ਤੇ ਮਹੀਂਵਾਲ।
ਜੋ ਇਕੱਠੇ ਜੀਂਵਦੇ
ਮਰਕੇ ਵੀ ਮਰਦੇ ਨਹੀਂ।

ਸੁਪਨਿਆਂ ਵਿਚ ਜਾਗਦੇ
ਨੀਂਦਰਾਂ ਵਿਚ ਸੋਚਦੇ
ਰਾਤ ਦੇ ਗੂਹੜੇ ਹਨੇਰੇ ਵਿਚ
ਸੂਰਜ ਸਿਰਜਦੇ

—ਆਰਿਫ਼ ਗੋਬਿੰਦਪੁਰੀ

ਦਿਲ ਕਿਤੇ ਅਪਣਾ ਲਗਾ ਕੇ ਵੇਖ ਲੈ।
ਤੂੰ ਵੀ ਕਿਸਮਤ ਆਜ਼ਮਾ ਕੇ ਵੇਖ ਲੈ।

ਹੈ ਅਜਬ ਇਸਦਾ ਨਸ਼ਾ ਇਸਦਾ ਸਰੂਰ
ਵੇਖ ਲੈ ਤੂੰ ਪਿਆਰ ਪਾ ਕੇ ਵੇਖ ਲੈ।

ਕਰ ਲਈ ਨਫ਼ਰਤ ਬੜਾ ਚਿਰ ਕਰ ਲਈ
ਆ ਜ਼ਰਾ ਹੁਣ ਪਿਆਰ ਪਾ ਕੇ ਵੇਖ ਲੈ।

ਸ਼ਾਇਦ ਇਹ ਸੁਣ ਕੇ ਕਰੇ ਉਹ ਪਿਆਰ ਫਿਰ
ਦਾਸਤਾਂ ਗ਼ਮ ਦੀ ਸੁਣਾ ਕੇ ਵੇਖ ਲੈ।

ਬੈਠ ਜਾ ਕੰਢੇ ਝਨਾਂ ਦੇ ਸਿਦਕ ਨਾਲ
ਤੂੰ ਕਿਸੇ ਨੂੰ ਆਜ਼ਮਾ ਕੇ ਵੇਖ ਲੈ।

ਹਾਲ ਆਪਣੇ ਦਾ ਲਿਖਾਂ ਕੀ ਹਾਲ ਮੈਂ
ਹਾਲ ਮੇਰਾ ਆਪ ਆ ਕੇ ਵੇਖ ਲੈ।

ਸ਼ਾਇਦ ਉਹ ਬਹੁੜੇ ਮੁਸੀਬਤ ਦੀ ਘੜੀ
ਖਤ ਕੋਈ 'ਆਰਿਫ਼' ਨੂੰ ਪਾ ਕੇ ਵੇਖ ਲੈ।

ਨਾ ਛੁਪਾ ਤੂੰ ਪਿਆਰ ਇਹ ਛੁਪਣਾ ਨਹੀਂ
ਅੱਗ ਬਿਸ਼ਕ ਕੱਖੀਂ ਛੁਪਾ ਕੇ ਵੇਖ ਲੈ।

ਬੁਝ ਨਹੀਂ ਸਕਦੀ ਇਹ ਆਤਿਸ਼ ਇਸ਼ਕ ਦੀ
ਉਮਰ ਭਰ ਹੰਝੂ ਵਹਾ ਕੇ ਵੇਖ ਲੈ।

ਜਾਣ ਹੀ ਵਾਲਾ ਏ ਹੁਣ ਬਿਸਮਿਲ ਤੇਰਾ
ਆਖਿਰੀ ਖਾਹਿਸ਼ ਹੈ ਆ ਕੇ ਵੇਖ ਲੈ।

ਮਰ ਗਿਆ ਹੋਵੇ ਨਾ ਤੇਰੇ ਹਿਜਰ ਵਿਚ
ਆਪਣੇ 'ਆਰਿਫ਼' ਨੂੰ ਜਾ ਕੇ ਵੇਖ ਲੈ।

Chevron

Fine Automotive Ltd.
15220-56th. Ave., Surrey, B.C. V3S 4N7
Automotive Repairs & Services
ਕਿਸੇ ਵੀ ਵੱਡੀ ਮੁਰੰਮਤ ਦੇ 10% off ਅਤੇ ਫਰੀ courtesy call

- ☐ Tune ups
- ☐ Brakes
- ☐ Shocks
- ☐ Lubrications
- ☐ Exhaust
- ☐ Gas
- ☐ Electrical Welding

Sarjit Hunjan Ph. 576-2014
Jolly Sanjose Service Manager



Main Street Clothing Manufacturer
SAVE ON CLOTHING
You've Never Seen Prices in B.C. Like This Before
TWO LOCATIONS


3293 Main St. (at 17th Ave.)
Vancouver, B.C. V5V 3M6
Ph. 872-3121

9377 - 120th St.
Scott Rd. & 93rd Ave.)
DELTA, B.C. V4C 6R9

This coupon is worth:
$2.00 OFF
on the purchase of any dress over $10.00

ਅੰਤਰਰਾਸ਼ਟਰੀ ਅਮਨ ਦਿਹਾੜਾ 16 ਸਤੰਬਰ ਨੂੰ ਐਕਸਪੋ ਵਿਖੇ ਮਨਾਇਆ ਗਿਆ

ਕੱਲ੍ਹ ਐਕਸਪੋ ਮੇਲੇ ਵਿਚ ਯੂਨਾਈਟਿਡ ਨੇਸ਼ਨਜ਼ ਦੇ ਪੈਵੀਲੀਅਨ ਤੇ ਬਾਕੀ ਸਾਰੇ ਮੁਲਕਾਂ ਦੇ ਪੈਵੀਲੀਅਨਾਂ ਨੇ ਅੰਤਰਰਾਸ਼ਟਰੀ ਅਮਨ ਦਿਹਾੜਾ ਮਨਾਇਆ। ਦੁਪਹਿਰ ਦੇ 11:55 ਤੇ ਸਾਰੇ ਐਕਸਪੋ ਦੇ ਸਪੀਕਰਾਂ ਰਾਹੀਂ ਲੋਕਾਂ ਨੂੰ ਅਮਨ ਦਿਹਾੜੇ ਵਾਰੇ ਦੱਸਿਆ ਗਿਆ ਤੇ ਫਿਰ ਦੋ ਅਮਨ ਗੀਤ ਕੈਨੇਡਾ ਦੇ ਮਸ਼ਹੂਰ ਗੀਤਕਾਰਾਂ ਦੁਆਰਾ ਗਾਏ ਗਏ ਤੇ ਇਸ ਤੋਂ ਬਾਅਦ ਕੈਨੇਡਾ ਦੇ ਸ਼ਾਂਤੀ ਦੂਤ ਜੋ ਯੂ. ਐਨ. ਓ. ਦੀ ਅੰਤਰਰਾਸ਼ਟਰੀ ਅਮਨ ਕਮੇਟੀ ਵਿਚ ਕੰਮ ਕਰਦੇ ਹਨ, ਨੇ ਸੰਸਾਰ-ਅਮਨ ਦੀ ਕਾਮਨਾ ਕਰਦਿਆਂ ਹੋਇਆਂ ਕੈਨੇਡਾ ਵਾਸੀਆਂ ਅਤੇ ਸਾਰੇ ਸੰਸਾਰ ਦੇ ਲੋਕਾਂ ਨੂੰ ਸੰਸਾਰ ਅਮਨ ਲਹਿਰ ਨੂੰ ਮਜਬੂਰ ਕਰਨ ਲਈ ਜਥੇਬੰਦ ਹੋਣ ਦਾ ਸੱਦਾ ਦਿਤਾ। ਠੀਕ ਬਾਰਾਂ ਵਜੇ ਅਮਨ ਧੁਨ ਵਜਾਈ ਗਈ ਤੇ ਇਕ ਮਿੰਟ ਦਾ ਮੋਨ ਰਖਿਆ ਗਿਆ। ਹੈਰਾਨੀ ਵਾਲੀ ਗੱਲ ਇਹ ਸੀ ਕਿ ਸਾਰੇ ਲੋਕ ਜੋ ਮੇਲੇ ਵਿਚ ਆਏ ਸਨ ਚੁਪ ਸਨ ਕੋਈ ਆਵਾਜ਼ ਜਾਂ ਰੌਲਾ ਨਹੀਂ ਸੀ ਤੇ ਜਦੋਂ ਇਕ ਮਿੰਟ ਪੂਰਾ ਹੋ ਗਿਆ ਤਾਂ ਫਿਰ ਘੰਟੀਆਂ ਵੱਜੀਆਂ। ਲੋਕਾਂ ਨੇ ਤਾੜੀਆਂ ਨਾਲ ਇਸ ਸਾਰੇ ਕੰਮ ਦੀ ਪ੍ਰੋੜ੍ਹਤਾ ਕੀਤੀ। ਲੋਕਾਂ ਲਈ ਅਮਨ ਪ੍ਰਤੀ ਇਹ ਜਾਗਰਤੀ ਇਕ ਮਹੱਤਵਪੂਰਨ ਘਟਨਾ ਸੀ। ਯਾਦ ਰਹੇ ਕਿ ਯੂਨਾਈਟਿਡ ਨੇਸ਼ਨਜ਼ ਨੇ ਇਕ ਮਤਾ ਪਾਸ ਕੀਤਾ ਸੀ ਜਿਸ ਉਤੇ ਚਾਲੀ ਦੇਸ਼ਾਂ ਨੇ ਦਸਖਤ ਕੀਤੇ ਸਨ ਸੰਸਾਰ ਅਮਨ ਲਈ। ਰੂਸ, ਭਾਰਤ ਤੇ ਬਹੁਤ ਸਾਰੇ ਗੁਟ ਨਿਰਲੇਪ ਦੇਸ਼ਾਂ ਨੇ ਵੀ ਇਸ ਮਤੇ ਤੇ ਦਸਖਤ ਕੀਤੇ ਸਨ ਪਰ ਅਮਰੀਕਾ ਤੇ ਹੋਰ ਪੱਛਮੀ ਮੁਲਕਾਂ ਨੇ ਇਸਦੀ ਵਿਰੋਧਤਾ ਕੀਤੀ ਸੀ ਉਹ ਨਹੀਂ ਚਾਹੁੰਦੇ ਉਹਨਾਂ ਦੇ ਹਥਿਆਰ ਬਨਾਉਣ ਦੇ ਕਾਰਖਾਨੇ ਬੰਦ ਹੋਣ ਜੇ ਦੁਨੀਆਂ ਵਿਚ ਅਮਨ ਵਰਤ ਗਿਆ ਤਾਂ।



ਆਪਣੀ ਆਪਣੀ ਸੋਚ

ਗੋਰਖਾਲੈਂਡੀਆਂ 200 ਘਰ ਸਾੜ ਦਿਤੇ

ਦਾਰਜੀਲਿੰਗ — ਇਥੋਂ ਪ੍ਰਾਪਤ ਖਬਰਾਂ ਅਨੁਸਾਰ ਗੋਰਖਾਲੈਂਡ ਦੇ ਸਮਰਥਕਾਂ ਨੇ 200 ਘਰਾਂ ਨੂੰ ਅੱਗ ਲਾ ਦਿੱਤੀ ਜਿਸ ਕਾਰਨ ਆਮ ਲੋਕਾਂ ਵਿਚ ਘਬਰਾਹਟ ਫੈਲ ਗਈ। ਪਤਾ ਲੱਗਾ ਹੈ ਕਿ ਸਿੱਕਮ ਅਤੇ ਨੇਪਾਲ ਬਾਰਡਰਾਂ ਤੋਂ ਗੋਰਖਾਲੈਂਡੀਆਂ ਨੂੰ ਸਹਾਇਤਾ ਦਿਤੀ ਜਾ ਰਹੀ ਹੈ। ਪੱਛਮੀ ਬੰਗਾਲ ਦੇ ਮੁਖ ਮੰਤਰੀ ਸ੍ਰੀ ਜੋਤੀ ਬਾਸੂ ਨੇ ਕਿਹਾ ਕਿ ਪੱਛਮੀ ਬੰਗਾਲ ਸਰਕਾਰ ਨੂੰ ਕਮਜ਼ੋਰ ਕਰਨ ਲਈ ਸਮਾਜ-ਵਿਰੋਧੀ ਅਨਸਰ ਨੂੰ ਵਰਤਿਆ ਜਾ ਰਿਹਾ ਹੈ।


ਜੇ ਨਹੀਂ ਮੁਕਦਾ ਹਨ੍ਹੇਰਾ ਦੱਸ ਮੈਂ ਕੀ ਕਰ ਸਕਾਂ।
ਦੀਪ ਹੀ ਹਾਂ ਘਰ ਤੇਰੇ ਵਿਚ ਕਿਸ ਤਰ੍ਹਾਂ ਸੂਰਜ ਬਣਾਂ।

ਸ਼ੌਕ ਇਹ ਹੋਰਾਂ ਦਾ ਹੋਣਾ ਸ਼ੌਕ ਇਹ ਸਾਡਾ ਨਹੀਂ
ਵਕਤ ਦੇ ਮਾਰੇ ਅਸੀਂ ਪੈਰੀਂ ਫ਼ਸਾਈਆਂ ਝਾਂਜਰਾਂ।

ਅੱਜ ਹੀ ਮੈਂ ਤੈਨੂੰ ਦਿਖਾਇਆ ਅੱਜ ਹੀ ਤੂੰ ਦਿਤਾ ਮਿਟਾ
ਆਪਣੇ ਦਿਲ ਤੇ ਕਦੋਂ ਦਾ ਮੈਂ ਤੇਰਾ ਲਿਖਿਆ ਸੀ ਨਾਂ।

ਡੁਬ ਰਿਹਾ ਸਾਂ ਮੈਂ ਜਦੋਂ ਉਹ ਦੂਰ ਤੋਂ ਤਕਦੇ ਰਹੇ
ਪਾਰ ਲੱਗਾ ਤਾਂ ਮੇਰੇ ਗਲ ਹਾਰ ਪਾਏ ਦੋਸਤਾਂ।

Business Financial Planning



How can I ensure that in the future my estate will have the necessary liquidity to meet outstanding debts, taxes, etc.?

Estate Analysis

Taking Care of Your Family and Business



What about a basic benefits package for my employees?

Group Insurance

Recruiting and Retaining Key Employees



How can I increase my retirement benefits?

Registered Retirement Savings Plan

Affordable Retirement Packages for You and Your Employees

Find Out More About The Plan(s) That Interest You Call Your Financial Planner and Complete Brokerage Service:



Sudesh Kalia

Bus: (604) 685-9335

Res: (604) 254-5837



ASSURING BRIGHT FINANCIAL FUTURES

NORTH AMERICAN LIFE

#320 - 815 W. Hastings Street
VANCOUVER, B.C. V6C 2W1

ਸਾਡੀਆਂ ਫ਼ਿਲਮਾਂ –

ਅਗਨੀਦਾਹ

ਉਸ ਨੂੰ ਮੌਤ ਪਿਛੋਂ ਸਾੜਨਾ, ਉਸ ਦਾ ਸਸਕਾਰ ਕਰਨਾ ਜੋ ਪਹਿਲਾਂ ਜਿਊਂਦਿਆਂ ਹੀ ਸਾੜ ਦਿਤੀ ਗਈ ਹੋਵੇ ! ਟੈਲੀਵੀਯਨ ਉਤੇ ਫ਼ਿਲਮ ਅਗਨੀਦਾਹ ਵੇਖਣ ਨੂੰ ਮਿਲੀ ਜੋ ਅਜਿਹੀ ਹੀ ਇਕ ਤ੍ਰਾਸਦੀ ਦੀ, ਦਹੇਜ ਪ੍ਰਥਾ ਤੋਂ ਜੰਮੀ ਤ੍ਰਾਸਦੀ ਦੀ ਕਹਾਣੀ ਦੱਸਦੀ ਹੈ। ਮਿੱਠ-ਬੋਲੀ, ਪਿਆਰ ਦੇਣ ਅਤੇ ਲੈਣ ਦੀ ਆਦੀ ਮਲੂਕ ਜਿਹੀ ਕੁੜੀ, ਵਿਆਹੀ ਜਾਣ ਲੱਗਦੀ ਹੈ ਤਾਂ 'ਮਾਲ' ਬਣ ਜਾਂਦੀ ਹੈ। ਚੰਗਾ 'ਮਾਲ' ਹੋਵੇ ਤਾਂ ਜੰਮ ਜੰਮ ਹੱਸੇ ਖੇਡੇ, ਮਾੜਾ ਸੌਦਾ ਸਾਬਤ ਹੋਈ ਹੋਵੇ ਤਾਂ ਕਿਉਂ ਹੱਸੇ, ਕਿਉਂ ਖ਼ੁਸ਼ ਰਹਿਣ ਦਿਤੀ ਜਾਵੇ, ਕਿਉਂ ਜਰੀ ਜਾਵੇ — ਹੋਰ ਸੌਦਾ ਕਿਉਂ ਨਾ ਕਰ ਲਿਆ ਜਾਵੇ – ਦੂਸਰਾ ਵਿਆਹ ?? ਤਾਂ ਫਿਰ ਇਸ ਤੋਂ ਖਹਿੜਾ ਕਿੱਦਾਂ ਛੁਡਾਇਆ ਜਾਵੇ ? ਸੌਖਾ ਤਰੀਕਾ — "ਪਾਗਲਪਨ ਦੇ ਦੌਰੇ ਪੈਂਦੇ ਸਨ, ਇਕ ਦਿਨ ਅਜਿਹਾ ਦੌਰਾ ਪਿਆ ਆਪਣੇ ਉਤੇ ਤੇਲ ਪਾ ਕੇ ਸੜ ਗਈ !" ਪਰ ਪਾਗਲਪਨ ਦੇ ਦੌਰਿਆਂ ਦਾ ਡਾਕਟਰੀ ਸਬੂਤ ਚਾਹੀਦਾ ਹੈ ....ਸੌਖਾ, ਡਾਕਟਰ ਕੋਲੋਂ ਅਜਿਹੇ ਟੀਕੇ ਲਵਾਈ ਜਾਵੋ ਜ਼ੋਰੀਂ ਕਿ ਅੱਧੀ ਕਮਲੀ ਹੋਈ ਰਹੇ।

ਆਖ਼ਿਰ ਹੈ ਤਾਂ ਆਪਣੇ ਹੀ ਵੱਸ ਪਈ ਨਾ, ਪਿੰਜਰੇ ਵਿਚ ਕੈਦ, ਜੋ ਮਰਜ਼ੀ ਕਰੋ — ਅਤੇ ਇਕ ਦਿਨ ਸਰਟੀਫ਼ਿਕੇਟ ਹਾਸਿਲ ਕਰਨ ਤੋਂ ਬਾਦ, ਮੂੰਹ ਬੰਨ੍ਹ ਕੇ, ਤੇਲ ਪਾ ਕੇ ਸਾੜ ਦਿਓ — ਅਗਨੀਦਾਹ, ਫੇਰ ਰੁਆਂਸੇ ਜਿਹੇ ਮੂੰਹ ਬਣਾ ਕੇ ਬੌਂਦਲੇ ਪੇਕੇ ਟੱਬਰ ਦੇ ਨੇੜੇ ਢੁਕ ਕੇ ਦਾਹ ਸਸਕਾਰ ਕਰ ਦਿਓ। ਬੱਸ !

ਉਂਝ ਵੀ ਟੀਕੇ ਲਾ ਕੇ ਝੱਲੇ ਕਰਨ ਦੀ ਲੋੜ ਹੀ ਕੋਈ ਨਹੀਂ — ਝੂਠ ਮੂਠ ਹੀ ਨਹੀਂ, ਸਚਮੁਚ ਪਾਗਲ ਕੀਤਾ ਜਾ ਸਕਦਾ ਹੈ — ਤਾਅਨੇ ਮਿਹਨਿਆਂ ਨਾਲ ਅਤੇ ਹੋਰ ਵੀ ਅਜਿਹੇ ਕਈ ਤਰੀਕੇ ਹਨ ਜੋ ਲੱਭਣ ਵਾਲੇ ਲੱਭ ਲੈਂਦੇ ਹਨ — ਕੁੱਟਮਾਰ, ਸੌਂਕਣ ਦਾ ਡਰ। ਹੋਰ ਕਾਰਨਾਂ ਵਿਚ ਇਕ ਇਹ ਵੀ — "ਪੇਕਿਆਂ ਦੀ ਇਜ਼ਤ", "ਬੇਟੀ ਹੁਣ ਤੂੰ ਪਰਾਇਆ ਧਨ ਹੈਂ", "ਸਮਾਜਕ ਰਹੁ ਰੀਤ"। ਫ਼ਿਲਮ ਦੱਸਦੀ ਹੈ ਕਿ ਮਾਪੇ ਵੀ ਓਨੇ ਹੀ ਜ਼ਿੰਮੇਂਵਾਰ ਹੁੰਦੇ ਹਨ ਜੋ ਵੀ ਆਪਣੀ ਕੁੜੀ ਨੂੰ 'ਮਾਲ' ਬਣਾ ਦੇਂਦੇ ਹਨ।

ਫ਼ਿਲਮ ਵਿਚ ਸਮੁੱਚਾ ਮਸਲਾ ਪੇਸ਼ ਕੀਤਾ ਗਿਆ ਹੈ। ਬਚ ਬਚਾਅ ਨਹੀਂ, ਅਤੇ ਨਾ ਹੀ ਕੋਈ ਜੀਅ ਪਰਤਾਉਣ ਲਈ ਮਸਾਲਾ। ਬਸ ਤੂਫਾਨ ਦੀ ਰਫ਼ਤਾਰ ਨਾਲ ਸਮੁੱਚਾ ਗੰਦ ਤੁਹਾਡੇ ਉੱਪਰ ਆ ਟੁੱਟਦਾ ਹੈ। ਬਚਾਅ ਦਾ ਰਾਹ ਸਿਰਫ਼ ਟੀ.ਵੀ. ਬੰਦ ਕਰਨਾ ਹੈ, ਉਹ ਵੀ ਕਰਨ ਨੂੰ ਜੀਅ ਨਹੀਂ ਮੰਨਦਾ। ਇਕ ਕੀਲਣ ਵਾਲੀ ਫ਼ਿਲਮ ਜਿਸ ਵਿਚ ਰਵਾਇਤੀ 'ਡਰਾਉਣੀ' ਫ਼ਿਲਮ ਦੀ ਤਕਨੀਕ ਵੀ ਸਫ਼ਲ ਨਾਟਕੀ ਵਿਧੀ ਨਾਲ ਵਰਤੀ ਗਈ ਹੈ। ਸਿਰਫ਼ ਡਰਾਉਣ ਵਾਲਾ ਪਾਤਰ ਕੋਈ ਜਿੰਨ ਭੂਤ ਜਾਂ ਆਦਮਖੋਰ ਜਨੌਰ ਨਹੀਂ ਖ਼ੁਦ ਇਨਸਾਨ ਹੈ। ਬੇਨਕਾਬ ਅਤੇ ਨੰਗਾ।

ਟਰੈਕ ਫ਼ਿਲਮਜ਼ ਦੀ ਬਣਾਈ ਇਸ ਫ਼ਿਲਮ ਵਿਚ ਸਾਰੇ ਕਲਾਕਾਰ — ਜ਼ਰੀਨਾ ਵਹਾਬ, ਕਰਨ ਰਾਜ਼ਦਾਨ, ਨੀਨਾ ਗੁਪਤਾ, ਰਵੀ ਬਸਵਾਨੀ ਅਤੇ ਅਨੂਧਮ ਖੇੜ ਆਪਣੇ ਆਪਣੇ ਕਿਰਦਾਰ ਨਾਲ ਪੂਰਾ ਇਨਸਾਫ਼ ਕਰਦੇ ਹਨ। ਸਾਡੇ ਮੁਲਕ ਦੇ ਨਾਟਕ ਅਤੇ ਫ਼ਿਲਮ ਕੇਂਦਰਾਂ ਤੋਂ ਅਭਿਨੈ ਦੀ ਸਿਖਲਾਈ ਲੈ ਕੇ ਨਿਕਲੇ ਇਹ ਕਲਾਕਾਰ ਆਪਣੀਆਂ ਇਨ੍ਹਾਂ ਸੰਸਥਾਵਾਂ ਦਾ ਅਤੇ ਮੁਲਕ ਦਾ ਨਾਂ ਰੋਸ਼ਨ ਕਰ ਰਹੇ ਹਨ ਅਤੇ ਏਨੀ ਪੁਖਤਾ ਤਕਨੀਕ ਦੇ ਮਾਲਕ ਹਨ ਜੋ ਬਸ ਅਸਰ ਛੱਡਦੀ ਹੈ, ਦਿਸਦੀ ਨਹੀਂ।

ਫ਼ਿਲਮ ਬਗਾਵਤ ਦਾ ਸੁਨੇਹਾ ਸਾਡੇ ਖ਼ੂਨ ਵਿਚ ਘੋਲ ਜਾਣ ਵਿਚ ਸਫ਼ਲ ਹੁੰਦੀ ਹੈ ਅਤੇ ਦੱਸ ਪਾਂਦੀ ਹੈ ਕਿ ਫ਼ਿਲਮ ਦਾ ਮਾਧਿਅਮ ਕਿਸ ਇਨਕਲਾਬੀ ਕੰਮ ਆ ਸਕਦਾ ਹੈ।

— ਪੂਨਮ ਸੁਮੀਤ ਸਿੰਘ

ਕੰਨੜ ਦਾ ਪ੍ਰਸਿੱਧ ਨਾਟਕਕਾਰ, ਸ਼੍ਰੀਰੰਗ (ਅੱਦਿਯ ਰੰਗਾਚਾਰੀਆ) ਉਹਨੀਂ ਦਿਨੀਂ ਇੰਗਲੈਂਡ ਤੋਂ ਭਾਸ਼ਾ-ਵਿਗਿਆਨ ਦੀ ਡਿਗਰੀ ਲੈ ਕੇ ਪਰਤਿਆ ਹੀ ਸੀ। ਜਿਸ ਸਭਾ ਵਿਚ ਵੀ ਉਹ ਬੋਲਣ ਲਈ ਜਾਂਦਾ, ਲੋਕ ਉਸ ਨੂੰ ਕਹਿੰਦੇ, "ਤੁਹਾਡੀ ਅੰਗਰੇਜ਼ੀ ਬਹੁਤ ਵਧੀਆ ਏ; ਅੰਗਰੇਜ਼ੀ ਵਿਚ ਹੀ ਬੋਲੋ।"

ਇਕ ਵਾਰ ਇਕ ਸਭਾ ਵਿਚ ਸ਼੍ਰੀ ਰੰਗ ਨੇ ਖ਼ੁਦ ਹੀ ਇਹ ਗੱਲ ਕਹੀ : "ਮੇਰੀ ਅੰਗਰੇਜ਼ੀ 'ਤੇ ਤੁਹਾਨੂੰ ਬਹੁਤ ਭਰੋਸਾ ਏ, ਪਰ ਮੈਨੂੰ ਖ਼ੁਦ ਨੂੰ ਨਹੀਂ ਏ। ਜਦ ਮੈਂ ਲੰਦਨ ਵਿਚ ਸਾਂ, ਤਾਂ ਰੋਜ਼ ਕਿਸੇ ਨਵੀਂ ਸੜਕ 'ਤੇ ਘੁੰਮਣ ਲਈ ਨਿਕਲ ਜਾਂਦਾ ਸਾਂ। ਇਕ ਦਿਨ ਰਾਹ ਭੁੱਲ ਗਿਆ। ਇਕ ਅੰਗਰੇਜ਼ ਤੋਂ ਰਾਹ ਪੁੱਛਿਆ, ਤਾਂ ਉਸ ਨੇ ਕਿਹਾ, 'ਆਈ ਡੋਂਟ ਅੰਡਰਸਟੈਂਡ ਯੂਅਰ ਇੰਗਲਿਸ਼।' (ਮੈਂ ਤੁਹਾਡੀ ਅੰਗਰੇਜ਼ੀ ਸਮਝ ਨਹੀਂ ਸਕਦਾ।) ਤੇ ਉਹ ਅਗੇ ਵਧ ਗਿਆ।"

ਕੈਨੇਡਾ ਦਰਪਣ ਦੇ ਪਾਠਕਾਂ ਅਤੇ ਵਪਾਰੀ ਵੀਰਾਂ ਲਈ

'ਕੈਨੇਡਾ ਦਰਪਣ' ਦੇ ਦਫ਼ਤਰ ਦਾ ਸਮਾਂ :
ਸੋਮਵਾਰ ਤੋਂ ਸ਼ੁਕਰਵਾਰ — 10 ਵਜੇ ਤੋਂ 5 ਵਜੇ ਸ਼ਾਮ

ਫੋਨ : 581-4473

ਮੈਟਰੀਮੋਨੀਅਲ

ਜੱਟ ਸਿੱਖ ਗਰੇਵਾਲ ਪ੍ਰਵਾਰ ਦੇ ਲੜਕੇ ਲਈ ਇਕ ਖ਼ੂਬਸੂਰਤ ਲੜਕੀ ਦੀ ਲੋੜ ਹੈ। ਲੜਕੇ ਦੀ ਉਮਰ 21 ਸਾਲ, ਕੱਦ ਪੰਜ ਫੁੱਟ ਦਸ ਇੰਚ ਹੈ। ਸਟੇਟ ਯੂਨੀਵਰਸਿਟੀ ਵਿਚ ਅਕਾਊਂਟਿੰਗ ਦਾ ਕੋਰਸ ਕਰ ਰਿਹਾ ਹੈ। ਅਮਰੀਕਾ ਵਿਚ ਪੱਕੇ ਤੌਰ ਤੇ ਰਹਿ ਰਿਹਾ ਹੈ। ਖਤ ਪੱਤਰ ਇਸ ਪਤੇ ਤੇ ਕਰੋ :—

Mr. S. Singh
P.O.BOX 1292
Marysville, CAL. 95901
U.S.A

ਮੈਟਰੀਮੋਨੀਅਲ

ਇਕ 24 ਸਾਲ ਦੇ ਜੱਟ ਸਿੱਖ ਲੜਕੇ ਲਈ ਖ਼ੂਬਸੂਰਤ ਲੜਕੀ ਦੀ ਲੋੜ ਹੈ। ਲੜਕੇ ਕੋਲ ਆਪਣਾ ਨਵਾਂ ਘਰ ਹੈ ਤੇ ਸਰਕਾਰੀ ਪੱਕੀ ਨੌਕਰੀ ਤੇ ਲੱਗਾ ਹੋਇਆ ਹੈ। ਕੈਨੇਡਾ ਦਾ ਗਰੈਜੂਏਟ ਹੈ ਤੇ ਸਿਟੀਜ਼ਨ ਹੈ। ਕੈਨੇਡਾ ਵਿਚ ਪੜ੍ਹੀ ਲਿਖੀ ਲੜਕੀ ਨੂੰ ਤਰਜੀਹ ਦਿੱਤੀ ਜਾਵੇਗੀ ਪਰ ਇੰਡੀਆ ਤੋਂ ਵੀ ਲੜਕੀ ਮੰਗਵਾਈ ਜਾ ਸਕਦੀ ਹੈ। ਸਾਰਾ ਪ੍ਰਵਾਰ ਕੈਨੇਡਾ ਵਿਚ ਪੂਰੀ ਤਰ੍ਹਾਂ ਸੈਟ ਹੈ। ਲੜਕੀ ਦੀ ਫ਼ੋਟੋ ਤੇ ਹੋਰ ਜਾਣਕਾਰੀ ਇਸ ਪਤੇ ਉਤੇ ਭੇਜੋ :

M.S.N. (103)
C/o The Canada Darpan
P.O.BOX 265
Surrey, B.C. V3T 4W8

Matrimonial

Beautiful match for a very handsome Boparai Jat Sikh boy aged 25 years, 6' tall. Has shifted from Central Africa. Belonging to a very reputed family. The boy is on a visit here. Well qualified.

Write :
D.G. (203)
C/o The Canada Darpan
P.O.BOX 265
Surrey, B.C. V3T 4W8

Matrimonial

Suitable match for Jat Sikh tall Gill boy 22 years BScin electrical and electronic engineering serving in Government Defense Department. Parents well settled in U.K.

contact :
Vir Singh Gill
10 Kingsley Ave.
Hounslow East, U.K.
Ph. 011-441-577-0184

P.S. Cheema
Toronto - Ph. [416] 678-0258



Kuldip S. Jhand

WHEATON PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ਼ੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

SUPER BUYS

Bus. 526-2781
Res. 524-4137
Pager 687-7711 #7610

325 - 12th St., New Westminster, B.C.

Thinking of Buying or Selling

Residential, Commercial, New Houses, Lots, Building Contracts

Specializing :

Resale New Housing Lot Sales and Farms

Don't delay call now :

Hardeep S. Bhangav
Medellion Club Award Winner

ਰਹਾਇਸ਼ੀ ਘਰਾਂ, ਅਤੇ ਕਮਰਸ਼ਲ ਪਰਾਪਰਟੀ ਲਈ ਹਰਦੀਪ ਸਿੰਘ ਭੰਗਾਵ ਨੂੰ ਫੋਨ ਕਰੋ

Ph. Off: 594-4141
Pager 438-2333 #1596



ਹਰਦੀਪ ਸਿੰਘ ਭੰਗਾਵ

BENCH MARK REALTY CORPORATION

Bench Mark Realty Corp.
7218 King George Hwy. Surrey, B.C. V3W 5A5

BOMBAY SWEETS

& Restaurants

6556 - 6560 MAIN ST. VANCOUVER

Ph. 321-1414
874-5722

For Largest Variety in Indian Sweets

Delicious Indian food

ਰਾਜੀਵ ਇਕ ਜ਼ਿੰਮੇਵਾਰ ਨੇਤਾ — ਜ਼ਿਆ

ਅਗਵਾ ਕਾਂਡ ਬਾਰੇ ਬਿਆਨ ਤੇ ਟਿਪਣੀ ਨਹੀਂ

ਹਰਾਰੇ — ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜ਼ਿਆ ਨੇ ਕਰਾਚੀ ਹਵਾਈ ਜਹਾਜ਼ ਦੇ ਖੂਨੀ ਅਗਵਾ ਕਾਂਡ ਬਾਰੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੇ ਬਿਆਨ ਤੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਅੱਠਵਾਂ ਨਾਮ ਸਿਖਰ ਸੰਮੇਲਨ ਖਤਮ ਹੋਣ ਤੋਂ ਫੌਰਨ ਬਾਅਦ ਜਦੋਂ ਬਦੇਸ਼ੀ ਟੀ. ਵੀ. ਵਾਲੇ ਉਨ੍ਹਾਂ ਪਾਸ ਗਏ ਅਤੇ ਬੀਤੇ ਦਿਨ ਇਥੇ ਇਕ ਪ੍ਰੈਸ ਕਾਨਫਰੰਸ ਵਿਚ ਸ੍ਰੀ ਰਾਜੀਵ ਗਾਂਧੀ ਵਲੋਂ ਹਵਾਈ ਜਹਾਜ਼ ਅਗਵਾ ਕਾਂਡ ਅਤੇ ਭਾਰਤ-ਪਾਕਿਸਤਾਨ ਸਬੰਧਾਂ ਬਾਰੇ ਦਿੱਤੇ ਬਿਆਨ ਤੇ ਟਿਪਣੀ ਕਰਨ ਲਈ ਕਿਹਾ ਤਾਂ ਜਨਰਲ ਜ਼ਿਆ ਨੇ ਕਿਹਾ ਕਿ ਸ੍ਰੀ ਰਾਜੀਵ ਗਾਂਧੀ ਇਕ ਗੁਆਂਢੀ ਦੇਸ਼ ਦਾ ਜ਼ਿੰਮੇਵਾਰ ਲੀਡਰ ਹੈ। ਇਸ ਲਈ ਉਹ ਉਹਨਾਂ ਨਾਲ ਕਿਸੇ ਕੌੜੀ-ਕਸੈਲੀ ਬਹਿਸ ਵਿਚ ਨਹੀਂ ਪੈਣਾ ਚਾਹੁੰਦੇ। ਜਨਰਲ ਜ਼ਿਆ ਨੇ ਕਿਹਾ ਕਿ ਉਹ ਨਹੀਂ ਜਾਣਦੇ ਕਿ ਸ੍ਰੀ ਰਾਜੀਵ ਗਾਂਧੀ ਨੂੰ ਅਜਿਹਾ ਕੁਝ ਕਹਿਣ ਦੀ ਲੋੜ ਕਿਉਂ ਪਈ। ਰਾਸ਼ਟਰਪਤੀ ਨੇ ਇਸ ਦੁਖਾਂਤ ਜਿਸ ਵਿਚ ਕਈ ਜਾਨਾਂ ਗਈਆਂ ਤੇ ਸਖਤ ਅਫਸੋਸ ਪ੍ਰਗਟ ਕੀਤਾ। ਜਨਰਲ ਜ਼ਿਆ ਅਨੁਸਾਰ ਪਾਕੀ ਅਧਿਕਾਰੀਆਂ ਨੇ ਮੁਸਾਫਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਆਪਣੀ ਪੂਰੀ ਵਾਹ ਲਈ ਅਤੇ ਦਹਿਸ਼ਤਗਰਦਾਂ ਵਿਰੁਧ ਐਕਸ਼ਨ ਲਿਆ ਜਿੰਨਾਂ ਨੇ ਅੰਨ੍ਹੇਵਾਹ ਗੋਲੀ ਚਲਾ ਕੇ ਮੁਸਾਫਰਾਂ ਨੂੰ ਮਾਰਨਾ ਸ਼ੁਰੂ ਕਰ ਦਿਤਾ ਸੀ।

ਹਵਾਈ ਅੱਡੇ ਦੇ ਪੰਜ ਬੰਦੇ ਮੁਅਤਲ

ਕਰਾਚੀ — ਇਥੋਂ ਦੇ ਹਵਾਈ ਅੱਡੇ ਤੇ ਨਿਯੁਕਤ ਉਹਨਾਂ ਪੰਜ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਜੋ ਉਸ ਗੇਟ ਤੇ ਤਾਇਨਾਤ ਸਨ ਜਿਥੋਂ ਪੰਜ ਅਗਵਾਕਾਰਾਂ ਨੇ ਦਾਖਲ ਹੋ ਕੇ ਅਮਰੀਕੀ ਹਵਾਈ ਜਹਾਜ਼ ਤੇ ਕਬਜ਼ਾ ਕਰ ਲਿਆ ਸੀ। ਅਗਵਾਕਾਰ ਦੋ ਅਫਸਰਾਂ ਅਤੇ ਤਿੰਨ ਸੁਰੱਖਿਆ ਸਿਪਾਹੀਆਂ ਦੇ ਭੇਸ ਵਿਚ ਦਾਖਲ ਹੋਏ ਸਨ। ਪਾਕਿਸਤਾਨੀ ਇੰਟੇਲੀਜੈਂਸ ਅਧਿਕਾਰੀਆਂ ਨੇ ਦੱਸਿਆ ਕਿ ਐਤਵਾਰ ਤੱਕ ਲਗਪਗ 100 ਅਰਬ ਵਿਦਿਆਰਥੀਆਂ ਨੂੰ ਪੁੱਛਗਿਛ ਲਈ ਹਿਰਾਸਤ ਵਿਚ ਲੈ ਲਿਆ ਗਿਆ ਹੈ। ਇਹਨਾਂ ਅਧਿਕਾਰੀਆਂ ਨੇ ਆਪਣੇ ਨਾਂਅ ਗੁਪਤ ਰਖਣ ਦੀ ਸ਼ਰਤ ਨਾਲ ਕਿਹਾ ਕਿ ਅਰਬ ਵਿਦਿਆਰਥੀਆਂ ਬਾਰੇ ਹੋਰ ਕੋਈ ਸੂਚਨਾ ਨਹੀਂ ਦਿਤੀ ਜਾਏਗੀ ਕਿ ਉਹਨਾਂ ਤੋਂ ਕਿਉਂ ਅਤੇ ਕੀ ਪੁੱਛਗਿਛ ਕੀਤੀ ਜਾ ਰਹੀ ਹੈ।

ਰੁਜ਼ਗਾਰ ਦੀ ਭਾਲ 'ਚ ਗਏ ਨੌਜਵਾਨ ਪਾਕਿ ਦੀਆਂ ਜੇਲ੍ਹਾਂ ਵਿਚ ਪਹੁੰਚ ਗਏ

ਹੁਸ਼ਿਆਰਪੁਰ — ਇਥੇ ਇਕ ਸਨਸਨੀਖੇਜ਼ ਗੱਲ ਦਾ ਇੰਕਸ਼ਾਫ ਹੋਇਆ ਹੈ ਕਿ ਅਜਿਹੇ ਸੈਂਕੜੇ ਨੌਜਵਾਨ ਜੋ ਈਰਾਨ ਜਾਂ ਹੋਰ ਅਰਬ ਦੇਸ਼ਾਂ ਵਿਚ ਰੁਜ਼ਗਾਰ ਦੀ ਭਾਲ ਵਿਚ ਜਾਂ ਵਿਜ਼ਟਰ ਵੀਜ਼ੇ ਤੇ ਗਏ ਸਨ, ਅੱਜ ਕੱਲ੍ਹ ਪਾਕਿਸਤਾਨੀ ਜੇਲ੍ਹਾਂ ਵਿਚ ਰੁਲ ਰਹੇ ਹਨ। ਇਸ ਗੱਲ ਦਾ ਪਤਾ ਜ਼ਿਲਾ ਹੁਸ਼ਿਆਰਪੁਰ ਦੇ ਇਕ ਪਿੰਡ ਕਠਾਰ ਦੇ ਵਾਸੀ ਲਛਕਰ ਸਿੰਘ ਤੋਂ ਲੱਗਾ ਹੈ ਜਿਸ ਦਾ ਆਪਣਾ ਪੁੱਤਰ ਬਲਬੀਰ ਸਿੰਘ ਵੀ ਕਿਸੇ ਅਰਬ ਦੇਸ਼ ਵਿਚ ਰੁਜ਼ਗਾਰ ਦੀ ਭਾਲ ਵਿਚ ਗਿਆ ਸੀ। ਪਰ ਹੁਣ ਉਹ ਪਾਕਿਸਤਾਨ ਦੀ ਇਕ ਜੇਲ੍ਹ ਵਿਚ ਹੱਡ ਰੋਲ ਰਿਹਾ ਹੈ। ਲਛਕਰ ਸਿੰਘ ਦੇ ਪੁੱਤਰ ਬਲਬੀਰ ਸਿੰਘ ਨੇ ਆਪਣੇ ਘਰਦਿਆਂ ਨੂੰ ਪਾਕਿਸਤਾਨ ਤੋਂ ਇਕ ਚਿੱਠੀ ਲਿਖੀ ਹੈ ਜਿਸ ਵਿਚ ਉਸ ਨੇ ਇਹ ਵੀ ਦੱਸਿਆ ਹੈ ਕਿ ਜ਼ਿਲਾ ਹੁਸ਼ਿਆਰਪੁਰ ਦੇ ਤਿੰਨ ਹੋਰ ਮੁੰਡੇ ਵੀ ਉਸ ਨਾਲ ਜੇਲ੍ਹ ਵਿਚ ਹਨ। ਬਲਬੀਰ ਸਿੰਘ ਨੇ ਇਹ ਵੀ ਲਿਖਿਆ ਹੈ ਕਿ ਈਰਾਨ ਵਿਚ ਉਹਨਾਂ ਨੇ ਕੁਝ ਚਿਰ ਕੰਮ ਕੀਤਾ ਤੇ ਬਾਅਦ ਵਿਚ ਉਥੋਂ ਦੀ ਪੁਲਸ ਨੇ ਉਹਨਾਂ ਤੋਂ ਪੈਸੇ ਤੇ ਪਾਸਪੋਰਟ ਖੋਹਕੇ ਭਾਰਤ ਭੇਜਣ ਦੀ ਥਾਂ ਪਾਕਿਸਤਾਨ ਭੇਜ ਦਿਤਾ। ਉਹਨਾਂ ਨੂੰ ਜੂਨ 1986 ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੇ ਚਿੱਠੀ ਵਿਚ ਲਿਖਿਆ ਹੈ ਕਿ ਈਰਾਨ ਦੀ ਪੁਲਸ ਪਾਕਿ ਪੁਲਸ ਨਾਲ ਮਿਲੀ ਹੋਈ ਹੈ ਅਤੇ ਅਜਿਹੀ ਕਾਰਵਾਈ ਉਹਨਾਂ ਦੀ ਮਿਲੀਭੁਗਤ ਹੈ। ਇਹ ਵੀ ਪਤਾ ਲੱਗਾ ਹੈ ਕਿ ਭਾਰਤ ਸਰਕਾਰ ਨੇ ਪਾਕਿ ਸਥਿਤ ਦੂਤਘਰ ਨਾਲ ਸੰਪਰਕ ਕਰਕੇ ਕੁਝ ਬੰਦਿਆਂ ਨੂੰ ਛੁਡਵਾ ਵੀ ਲਿਆ ਹੈ। ਬਲਬੀਰ ਸਿੰਘ ਨੇ ਵੀ ਆਪਣੇ ਘਰਦਿਆਂ ਤੇ ਜ਼ੋਰ ਪਾਇਆ ਹੈ ਕਿ ਉਹ ਭਾਰਤ ਸਰਕਾਰ ਨਾਲ ਸੰਪਰਕ ਕਰੇ ਉਸ ਦੀ ਰਿਹਾਈ ਦਾ ਉਪਰਾਲਾ ਕਰਨ। ਇਸ ਸਬੰਧੀ ਲਛਕਰ ਸਿੰਘ ਨੇ ਕੇਂਦਰ ਸਰਕਾਰ ਨੂੰ ਵੀ ਇਕ ਚਿੱਠੀ ਲਿਖੀ ਹੈ।

ਦਰਬਾਰ ਸਾਹਿਬ ਤਰਨਤਾਰਨ ਵਿਚ ਪੁਲਸ ਦੋ ਵਾਰ ਦਾਖਲ — ਸੱਤ ਫੜੇ

ਅੰਮ੍ਰਿਤਸਰ — ਇਥੇ ਪ੍ਰਾਪਤ ਖਬਰਾਂ ਅਨੁਸਾਰ ਪੁਲਸ ਨੇ ਦਰਬਾਰ ਸਾਹਿਬ ਤਰਨਤਾਰਨ ਤੇ ਦੋ ਵਾਰ ਛਾਪਾ ਮਾਰਿਆ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋ ਸੇਵਾਦਾਰਾਂ ਸਮੇਤ ਸੱਤ ਵਿਅਕਤੀ ਗ੍ਰਿਫਤਾਰ ਕਰ ਲਏ। ਸਰਕਾਰੀ ਤੌਰ ਤੇ ਇਸ ਦੀ ਪੁਸ਼ਟੀ ਅਜੇ ਨਹੀਂ ਹੋ ਸਕੀ। ਸ਼੍ਰੋ: ਗੁ: ਪ੍ਰੰ: ਕਮੇਟੀ ਨੇ ਦੋਸ਼ ਲਾਇਆ ਹੈ ਕਿ ਸਾਦੇ ਕੱਪੜਿਆਂ ਵਾਲੀ ਪੁਲਸ ਦਰਬਾਰ ਸਾਹਿਬ ਦੇ ਅੰਦਰ ਦਾਖਲ ਹੋ ਗਈ ਅਤੇ ਦਹਿਸ਼ਤਗਰਦਾਂ ਦੀ ਤਲਾਸ਼ ਵਿਚ ਕਮੇਟੀ ਦੇ ਦੋ ਸੇਵਾਦਾਰਾਂ ਸਮੇਤ ਸੱਤ ਵਿਅਕਤੀ ਹਿਰਾਸਤ ਵਿਚ ਲੈ ਲਏ।

ਅੰਤਰਰਾਸ਼ਟਰੀ ਮੰਚ

ਬੰਗਲਾ ਦੇਸ਼ ਵਿਚ ਪ੍ਰਧਾਨਗੀ ਚੋਣਾਂ ਅਕਤੂਬਰ 'ਚ

ਢਾਕਾ — ਬੰਗਲਾ ਦੇਸ਼ ਦੇ ਫੌਜੀ ਹਾਕਮ ਜਨਰਲ ਇਰਸ਼ਾਦ ਲਈ ਰੂਲਿੰਗ ਜੋਤਿਆ ਪਾਰਟੀ ਦੀ ਲੀਡਰਸ਼ਿਪ ਸੰਭਾਲਣ ਤੇ ਪ੍ਰਧਾਨਗੀ ਚੋਣ ਲੜਨ ਲਈ ਸਟੇਜ ਬਿਲਕੁਲ ਤਿਆਰ ਹੈ। ਪ੍ਰਧਾਨ ਦੀ ਚੋਣ ਲਈ ਵੋਟਾਂ ਅਕਤੂਬਰ ਦੇ ਪਹਿਲੇ ਹਫਤੇ ਪੈਣਗੀਆਂ। ਜਨਰਲ ਇਰਸ਼ਾਦ ਨੇ ਫੌਜ ਦੇ ਸੈਨਾਪਤੀ ਦਾ ਅਹੁਦਾ ਛੱਡ ਦਿਤਾ ਹੈ। ਹੁਣ ਸਿਰਫ ਉਹ ਮੁਖ ਮਾਰਸ਼ਲ ਲਾਅ ਪ੍ਰਬੰਧਕ ਹਨ। ਰੂਲਿੰਗ ਜੋਤਿਆ ਪਾਰਟੀ ਜਨਵਰੀ ਵਿਚ ਬਣੀ ਸੀ। ਇਸ ਦੇ ਚੇਅਰਮੈਨ ਦਾ ਅਹੁਦਾ ਉਹਨਾਂ ਲਈ ਖਾਲੀ ਰੱਖਿਆ ਗਿਆ ਸੀ ਤਾਂ ਕਿ ਉਹ ਸਮਾਂ ਆਉਣ ਤੇ ਇਸ ਨੂੰ ਸੰਭਾਲ ਲੈਣ।

ਜ਼ਿੰਬਾਬਵੇ ਨੇ ਭਾਰਤ ਤੋਂ ਮਿਗ ਜਹਾਜ਼ ਮੰਗੇ

ਲੰਡਨ — ਜ਼ਿੰਬਾਬਵੇ ਨੇ ਭਾਰਤ ਤੋਂ 21 ਮਿਗ ਹਵਾਈ ਜਹਾਜ਼ਾਂ ਦੇ ਸਕੁਐਡਰਨ ਦੀ ਭਾਰਤੀ ਹਵਾਬਾਜ਼ਾਂ ਸਮੇਤ ਮੰਗ ਕੀਤੀ ਹੈ ਤਾਂ ਕਿ ਉਸ ਰਸਤੇ ਦੀ ਰੱਖਿਆ ਕੀਤੀ ਜਾ ਸਕੇ ਜਿਹੜਾ ਹਿੰਦ ਮਹਾਂਸਾਗਰ ਵਿਚ ਨੇੜੇ ਲਗਦੀ ਬੰਦਰਗਾਹ ਨੂੰ ਹਰਾਰੇ ਨਾਲ ਮਿਲਾਉਂਦਾ ਹੈ। ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਵਿਚਾਰ ਕਰਨ ਲਈ ਖੁਫੀਆ ਰੱਖਿਆ ਸਮਝੌਤਾ ਤਿਆਰ ਕੀਤਾ ਗਿਆ ਹੈ। ਸ੍ਰੀ ਰਾਜੀਵ ਗਾਂਧੀ ਅੱਜਕਲ੍ਹ ਜ਼ਿੰਬਾਬਵੇ ਵਿਚ ਨਿਰਪੱਖ ਸੰਮੇਲਨ ਵਿਚ ਸ਼ਾਮਲ ਹੋਣ ਲਈ ਆਏ ਹੋਏ ਹਨ। ਭਾਵੇਂ ਭਾਰਤੀ ਫੌਜਾਂ ਕਦੇ ਬਦੇਸ਼ਾਂ ਵਿਚ ਤਾਇਨਾਤ ਨਹੀਂ ਕੀਤੀਆਂ ਗਈਆਂ ਪਰ ਜਾਪਦਾ ਹੈ ਕਿ ਸ੍ਰੀ ਰਾਜੀਵ ਗਾਂਧੀ ਇਸ ਵਿਚਾਰ ਦੇ ਹੱਕ ਵਿਚ ਹਨ। ਇਸ ਸਾਰੀ ਗੱਲ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਜ਼ਿੰਬਾਬਵੇ ਨੇ ਦੱਖਣੀ ਅਫਰੀਕਾ ਨਾਲ ਕੀਤਾ ਸਮਝੌਤਾ ਖਤਮ ਕਰਨ ਦਾ ਨਿਰਣਾ ਕਰ ਲਿਆ ਹੈ। ਮਿਗਾਂ ਹਵਾਈ ਜਹਾਜ਼ ਭਾਰਤ ਬੰਗਲੌਰ ਵਿਚ ਬਣਾਉਂਦਾ ਹੈ।

15 ਫੀਸਦੀ ਭਾਰਤੀਆਂ ਨੂੰ ਬਰਤਾਨੀਆਂ ਦੀ ਨਾਂਹ

ਲੰਡਨ — ਬਰਤਾਨੀਆਂ ਵਿਚ ਸਖਤ ਪ੍ਰਵਾਸੀ ਕਾਨੂੰਨਾਂ ਕਾਰਨ ਪਿਛਲੇ ਸਾਲ ਉਥੇ ਪੰਦਰਾਂ ਪ੍ਰਤੀਸ਼ਤ ਭਾਰਤੀਆਂ ਨੂੰ ਵਸਣ ਲਈ ਐਂਟਰੀ ਦੇਣ ਤੋਂ ਇਨਕਾਰ ਕੀਤਾ ਗਿਆ। ਭਾਰਤ ਤੋਂ ਪਤਨੀਆਂ, ਬੱਚੇ ਅਤੇ ਹੋਰ ਆਸਿਰਤਾਂ ਦੇ ਤੁਰੰਤ ਵਸੇਬੇ ਲਈ ਦਰਖਾਸਤਾਂ ਵਿਚ ਸਾਲ 1985 ਦੌਰਾਨ 500 ਤੋਂ 2200 ਦੀ ਕਮੀ ਹੋਈ। ਗ੍ਰਹਿ ਮੰਤਰਾਲੇ ਦੇ ਅੰਕੜਿਆਂ ਅਨੁਸਾਰ 1985 'ਚ 11800 ਦਰਖਾਸਤਾਂ ਪ੍ਰਵਾਨ ਕੀਤੀਆਂ ਗਈਆਂ। ਬੰਗਲਾ ਦੇਸ਼ ਅਤੇ ਪਾਕਿਸਤਾਨ ਤੋਂ ਦਰਖਾਸਤਾਂ ਦੀ ਗਿਣਤੀ ਵਿਚ ਵਾਧਾ ਹੋਇਆ।

ਕੀ ਇੰਮੀਗਰੇਸ਼ਨ ਦਾ ਮਸਲਾ ਹੈ?

ਸਲਾਹ ਮਸ਼ਵਰੇ ਲਈ ਸਾਡੀ ਮਦਦ ਲਵੋ
ਅਸੀਂ ਆਪਦੀ ਸੇਵਾ 1946 ਤੋਂ ਕਰਦੇ ਆ ਰਹੇ ਹਾਂ

ਪਹਿਲੀ ਮੁਲਾਕਾਤ ਦੀ ਕੋਈ ਫੀਸ ਨਹੀਂ ਹੋਵੇਗੀ

ਅਸੀਂ ਹੇਠ ਲਿਖੇ ਮਾਮਲਿਆਂ ਬਾਰੇ ਸਲਾਹ ਦੇ ਸਕਦੇ ਹਾਂ

- ਰਿਸ਼ਤੇਦਾਰਾਂ ਨੂੰ ਕੈਨੇਡਾ ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ(ਗੋਦ ਲੈਣਾ) ਕਰਨ ਬਾਰੇ ਜਾਣਕਾਰੀ — ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ — ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ, ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਫੜਿਆ ਜਾਵੇ ਤਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸਨੂੰ ਕਿਵੇਂ ਛੁਡਾ ਸਕਦੇ ਹਾਂ। ਉਸਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇੰਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇੰਮੀਗਰੇਸ਼ਨ ਕੋਲੋਂ ਪਤਾ ਕਰਕੇ ਦਸ ਸਕਦੇ ਹਾਂ ਕਿ ਕੀ ਕਾਰਨ ਹੈ।

ਨਵੇਂ ਰਫਿਊਜ਼ੀ ਕਾਨੂੰਨ ਬਾਰੇ ਸਾਡੇ ਕੋਲੋਂ ਸਲਾਹ ਲਵੋ



ਮਲਕੀਤ ਸਿੰਘ ਪਰਹਾਰ
(ਇੰਮੀਗਰੇਸ਼ਨ ਸਲਾਹਕਾਰ)

ਹੋਰ ਜਾਣਕਾਰੀ ਲਈ ਮਿਲੋ

ਮਲਕੀਤ ਸਿੰਘ ਪਰਹਾਰ

OFF.(604)733-1644

Res. 228- 0452

Malkit Singh Parhar
#201-1275 W. 6th Avenue,
Vancouver, B.C. V6H1A6

- ਬਿਜ਼ਨਿਸ ਤੌਰ ਤੇ ਕੈਨੇਡਾ ਦੀ ਇੰਮੀਗਰੇਸ਼ਨ ਲੈਣੀ ਹੋਵੇ।
- ਸਟੂਡਿੰਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਨਾਲ ਦੱਸ ਸਕਦੇ ਹਾਂ।
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਤੋਂ ਡਾਇਵੋਰਸ ਲੈਣਾ ਹੋਵੇ। ਤੁਹਾਨੂੰ ਉਥੇ ਜਾਣ ਦੀ ਕੋਈ ਲੋੜ ਨਹੀਂ ਇਥੇ ਬੈਠੇ ਹੀ ਡਾਇਵੋਰਸ ਲੈ ਸਕਦੇ ਹੋ।
- ਜੇ ਤੁਹਾਡੀ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜ਼ਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਊਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੌਰਗੇਜ ਥੋੜੇ ਤੋਂ ਥੋੜੇ ਵਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ। ਤੁਸੀਂ ਪ੍ਰਾਪਰਟੀ ਜਾਂ ਬਿਜ਼ਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿੱਦਾਂ ਪੈਸੇ ਲੈ ਸਕਦੇ ਹੋ।

ਉਪਰ ਲਿਖੇ ਮਸਲਿਆਂ ਤੋਂ ਇਲਾਵਾ ਅਸੀਂ ਤੁਹਾਨੂੰ ਹੋਰ ਕਿਸੇ ਤੁਹਾਡੇ ਇੰਡੀਆ ਵਿਚਲੇ ਮਸਲੇ ਬਾਰੇ ਵੀ ਸਲਾਹ ਮਸ਼ਵਰਾ ਦੇ ਸਕਦੇ ਹਾਂ

ਨੋਟ — ਤੁਹਾਨੂੰ ਸੁਣਕੇ ਖੁਸ਼ੀ ਹੋਵੇਗੀ ਕਿ ਅਸੀਂ ਆਪਣਾ ਬਰਾਂਚ ਆਫਿਸ ਪੰਜਾਬ ਵਿਚ ਵੀ ਛੇਤੀ ਖੋਲ੍ਹ ਰਹੇ ਹਾਂ।



ਨੌਜਵਾਨ ਸੜਕਾਂ ਤੇ ਬੈਠੇ ਜੋਤਸ਼ੀਆਂ ਕੋਲੋਂ ਆਪਣਾ ਭਵਿੱਖ ਪੁਛਦੇ ਹਨ।

16 ਮੀਲ ਵਾਟ 16 ਦਿਨਾਂ 'ਚ ਤਹਿ ਕੀਤੀ

ਸੁਨਾਮ, (ਪੱਤਰ ਪ੍ਰੇਰਕ)— ਸੰਗਰੂਰ ਤੋਂ ਲੌਂਗੋਵਾਲ ਪਾਇਆ ਇਕ ਪੱਤਰ ਪੂਰੇ 16 ਦਿਨਾਂ ਪਿਛੋਂ ਆਪਣੀ ਮੰਜ਼ਿਲ ਤੇ ਪੁਜਣ ਦਾ ਸਮਾਚਾਰ ਮਿਲਿਆ ਹੈ ਜਦੋਂ ਕਿ ਲੌਂਗੋਵਾਲ-ਸੰਗਰੂਰ ਦੀ ਦੂਰੀ ਕੇਵਲ 16 ਕਿਲੋਮੀਟਰ ਹੈ। ਪਤਾ ਲੱਗਾ ਹੈ ਕਿ ਸੰਗਰੂਰ ਤੋਂ ਲੌਂਗੋਵਾਲ ਜਾਣ ਵਾਲੀ ਸਾਰੀ ਡਾਕ ਵਾਇਆ ਬਰਨਾਲਾ ਆਉਂਦੀ ਹੈ ਅਤੇ ਇਸ ਤਰ੍ਹਾਂ ਇਕ ਲੰਮਾ ਚੱਕਰ ਤਹਿ ਕਰਨਾ ਪੈਂਦਾ ਹੈ। ਜੇ ਸੰਗਰੂਰ ਤੋਂ ਡਾਕ ਸਿੱਧੀ ਲੌਂਗੋਵਾਲ ਘੱਲਣ ਦਾ ਪ੍ਰਬੰਧ ਕੀਤਾ ਜਾਵੇ ਤਾਂ ਸ਼ਾਇਦ ਡਾਕ ਕੁਝ ਜਲਦੀ ਆਪਣਾ ਸਫਰ ਤਹਿ ਕਰ ਲਿਆ ਕਰੇ।

ਪਾਕਿਸਤਾਨੀ ਕੰਬਲ

ਕਿਸੇ ਦਰਿਆ ਵਿਚ ਇਕ ਰਿੱਛ ਰੁੜ੍ਹਿਆ ਜਾ ਰਿਹਾ ਸੀ। ਇਕ ਯਾਤਰੂ ਨੇ ਉਸ ਨੂੰ ਕੰਬਲ ਸਮਝ ਕੇ ਜੱਫਾ ਮਾਰ ਲਿਆ। ਮਗਰੋਂ ਰਿੱਛ ਨੂੰ ਪਤਾ ਲੱਗਾ ਕਿ ਜੱਫਾ ਮਾਰਨ ਵਾਲਾ ਸੱਜਣ ਕਈਆਂ ਦਿਨਾਂ ਤੋਂ ਬਚਿਆ ਫਿਰਦਾ ਸੀ ਤਾਂ ਉਸ ਨੇ ਯਾਤਰੂ ਨੂੰ ਘੁੱਟ ਕੇ ਫੜ ਲਿਆ। ਰਿੱਛ ਨੂੰ ਜੱਫਾ ਪਾਉਣ ਵਾਲੇ ਯਾਤਰੂ ਦੇ ਇਕ ਦੋਸਤ ਨੇ, ਜੋ ਦਰਿਆ ਤੋਂ ਬਾਹਰ ਖੜ੍ਹਾ ਸੀ, ਬੜੀ ਬੂ-ਪਾਹਰਿਆ ਕੀਤੀ ਅਤੇ ਕਿਹਾ ਕਿ ਕੰਬਲ ਦਾ ਖਹਿੜਾ ਛੱਡ ਦੇ। ਆਪਣੇ ਕੋਲ ਕੰਬਲ ਹੋਰ ਬਥੇਰੇ ਨੇ। ਰਿੱਛ ਦੇ ਜੱਫੇ ਵਿਚ ਫਸਿਆ ਸੱਜਣ ਕਹਿਣ ਲੱਗਾ, "ਮੈਂ ਤਾਂ ਕੰਬਲ ਨੂੰ ਛਡਦਾ ਹਾਂ, ਕੰਬਲ ਹੀ ਮੈਨੂੰ ਨਹੀਂ ਛੱਡ ਰਿਹਾ।"

ਬਿਲਕੁਲ ਇਹੋ ਹਾਲਤ ਹੁਣ ਪਾਕਿਸਤਾਨ ਦੇ ਜਨਰਲ ਜ਼ਿਆ-ਉਲ-ਹੱਕ ਹੋਰਾਂ ਦੀ ਹੋ ਗਈ ਹੈ। ਉਨ੍ਹਾਂ ਨੇ ਕੁਮਾਰੀ ਬੇਨਜ਼ੀਰ ਨੂੰ ਰੁੜ੍ਹਿਆ ਜਾਂਦਾ ਕੰਬਲ ਸਮਝ ਕੇ ਜੱਫਾ ਮਾਰਿਆ ਸੀ। ਮਾਮਲਾ ਉਲਟ ਹੋ ਗਿਆ। ਹੁਣ ਕੁਮਾਰੀ ਭੁੱਟੋ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਜਿੰਨਾ ਚਿਰ ਜ਼ਿਆ ਸਾਹਿਬ ਪਾਕਿਸਤਾਨ ਵਿਚ ਲੋਕਰਾਜ ਬਹਾਲ ਨਹੀਂ ਕਰਦੇ, ਓਨਾ ਚਿਰ ਇਹ ਕੰਬਲ ਉਨ੍ਹਾਂ ਦਾ ਖਹਿੜਾ ਨਹੀਂ ਛੱਡੇਗਾ। ਪਾਕਿਸਤਾਨ ਦੇ ਸ਼ਹਿਰਾਂ ਵਿਚ ਲਾਠੀਚਾਰਜ ਹੋ ਰਹੇ ਹਨ ਅਤੇ ਕਈ ਥਾਵਾਂ 'ਤੇ ਗੋਲੀਆਂ ਵੀ ਚੱਲੀਆਂ ਹਨ ਪਰ ਕੰਬਲ ਅਜੇ ਉਸੇ ਤਰ੍ਹਾਂ ਮਜ਼ਬੂਤੀ ਨਾਲ ਯਾਤਰੂ ਨੂੰ ਫੜੀ ਖੜ੍ਹਾ ਹੈ।

ਚਾਚਾ ਚੰਡੀਗੜ੍ਹੀਆ

ਵੇਖੋ ਸਿਓਲ ਕੀ ਦਿੰਦਾ ਹੈ-ਸ਼ਿੰਨੀ

— ਪ੍ਰਤੀਕ ਸਿੰਘ —



ਸ਼ਿੰਨੀ ਅਬਰਾਹਮ ਇਕ ਬਹੁ-ਚਰਚਿਤ ਭਾਰਤੀ ਮਹਿਲਾ ਐਥਲੀਟ ਹੈ ਪੀ ਟੀ ਊਸ਼ਾ ਤੇ ਵਾਲਸੰਮਾ ਤੋਂ ਬਾਅਦ ਸ਼ਿੰਨੀ ਹੀ ਇਕ ਅਜਿਹੀ ਦੌੜਾਕ ਹੈ ਜਿਸ ਤੋਂ ਇਸ ਵਾਰ ਸਿਓਲ ਵਿਚ ਹੋ ਰਹੀਆਂ ਏਸ਼ੀਆਈ ਖੇਡਾਂ ਵਿਚ ਸੋਨ ਤਮਗਾ ਜਿੱਤਣ ਦੀਆਂ ਉਮੀਦਾਂ ਹਨ। ਉਹਨੂੰ ਲਾਸ ਏਂਜਲਸ ਓਲੰਪਿਕ ਵਿਚ ਸੈਮੀਫਾਈਨਲ (800 ਮੀਟਰ) ਵਿਚ ਪਹੁੰਚਣ ਵਾਲੀ ਪਹਿਲੀ ਭਾਰਤੀ ਔਰਤ ਹੋਣ ਦਾ ਮਾਣ ਹਾਸਲ ਹੈ।

ਸਾਂਵਲੇ ਰੰਗ ਦੀ ਸ਼ਿੰਨੀ ਅਬਰਾਹਮ ਜਿਸ ਦੀ ਉਮਰ ਇਸ ਵੇਲੇ 21 ਸਾਲ (8-5-1965) ਵਜ਼ਨ ਤਕਰੀਬਨ 83 ਕਿਲੋਗਰਾਮ ਤੇ ਕੱਦ 164 ਸੈਂਟੀਮੀਟਰ ਹੈ, ਐਫ ਸੀ ਆਈ ਵਿਚ ਅਸਿਸਟੈਂਟ ਮੈਨੇਜਰ ਵਜੋਂ ਨਿਯੁਕਤ ਹੈ।

? ਸ਼ਿੰਨੀ, ਤੇਰਾ ਜੱਦੀ ਪਿੰਡ ਥਾਡੂਪੁਜ਼ਾ ਤਾਂ ਵਾਲੀਬਾਲ ਕਰਕੇ ਮਸ਼ਹੂਰ ਹੈ ਪਰ ਤੂੰ ਇਕ ਅਥਲੀਟ ਬਣ ਕੇ ਉੱਭਰੀ ਹੈਂ। ਉਹ ਕੀ ਕਾਰਨ ਹੈ ਜੋ ਤੂੰ ਅਥਲੈਟਿਕਸ ਵੱਲ ਆਈ?

—ਮੇਰੇ ਅਥਲੈਟਿਕਸ ਵੱਲ ਆਉਣ ਲਈ ਮੇਰੇ ਪਿਤਾ ਜੀ ਦਾ ਬਹੁਤ ਹੱਥ ਹੈ। ਉਹ ਖੇਡ ਪ੍ਰੇਮੀ ਹਨ ਅਤੇ ਜਦੋਂ ਮੈਂ ਕੁੱਝ ਵੱਡੀ ਹੋਈ ਤਾਂ ਉਹਨਾਂ ਮੈਨੂੰ ਦੌੜਾਂ ਵਿਚ ਭਾਗ ਲੈਣ ਲਈ ਪ੍ਰੇਰਿਆ। ਸਾਡੇ ਘਰ ਦੇ ਲਾਗੇ ਜਿਹੇ ਹੀ ਇਕ ਸਟੇਡੀਅਮ ਸੀ ਜਿਥੇ ਦੌੜਾਂ ਵਗੈਰਾ ਅਕਸਰ ਹੋਇਆ ਕਰਦੀਆਂ ਸਨ ਅਤੇ ਫਿਰ ਕੁੱਝ ਸਾਲ ਬਾਅਦ ਮੈਂ ਕੋਟਾਯਮ ਸਪੋਰਟਸ ਡਿਵੀਜ਼ਨ ਵਿਚ ਦਾਖਲ ਹੋ ਗਈ।

? ਤੂੰ ਉਸ ਤਿੱਕੜੀ ਵਿਚੋਂ ਇਕ ਹੈ, ਜੋ ਪਿਛਲੇ ਤਕਰੀਬਨ ਤਿੰਨ ਸਾਲਾਂ ਤੋਂ ਟਰੈਕ ਤੇ ਛਾਈ ਰਹੀ ਹੈ, ਜਦੋਂ ਕਿ ਊਸ਼ਾ ਤੇ ਵਾਲਸੰਮਾ ਆਪਣੇ ਜਾਤੀ ਕੋਚਾਂ ਤੋਂ ਸਿਖਲਾਈ ਲੈ ਰਹੀਆਂ ਹਨ, ਪਰ ਤੇਰਾ ਕੋਈ ਜਾਤੀ ਕੋਚ ਨਹੀਂ। ਕੀ ਕਾਰਨ ਹੈ?

—ਇਹ ਸੱਚ ਹੈ ਕਿ ਮੇਰੇ ਕੋਲ ਕੋਈ ਜਾਤੀ ਕੋਚ ਨਹੀਂ ਹੈ। ਜੇਕਰ ਊਸ਼ਾ ਤੇ ਵਾਲਸੰਮਾ ਪਿੱਛੇ 'ਨਾਮਬੀਅਰ' ਅਤੇ 'ਕੁੱਟੀ' ਹੁਰਾਂ ਦਾ ਤਕੜਾ ਹੱਥ ਹੈ ਤਾਂ ਮੇਰੇ ਕੋਲ ਪੀ ਜੇ ਦੇਵਾਸੀਆ ਵਰਗੇ ਤਜਰਬਾਕਾਰ ਕੋਚ ਹਨ ਜਿਨ੍ਹਾਂ ਦੀ ਸਿਖਲਾਈ ਸਦਕਾ ਮੈਂ ਇਸ ਹਾਲ ਤਕ ਪਹੁੰਚੀ ਹਾਂ। ਪਰ ਮੈਂ ਬੀ ਬਾਲਚੰਦਰਨ ਹੁਰਾਂ ਨੂੰ ਵੀ ਨਹੀਂ ਭੁਲਾਂਗੀ ਜਿਨ੍ਹਾਂ ਮੈਨੂੰ ਜੀ ਵੀ ਰਾਜਾ ਸਪੋਰਟਸ ਸਕੂਲ ਵਿਚ ਕੋਚਿੰਗ ਦਿੱਤੀ। ਫਿਰ ਮੈਂ ਅਲਫੋਸਾ ਕਾਲਿਜ (ਪੇਲਾਈ) ਦੇ ਸਪੋਰਟਸ ਹੋਸਟਲ ਵਿਚ ਦਾਖਲਾ ਲੈ ਲਿਆ। ਉਥੇ ਮੇਰੇ ਕੋਚ ਐਮ ਐਮ ਜੋਸਫ ਸਨ।

? ਤ੍ਰਿਵੇਂਦਰਮ ਵਿਚ ਨੌਕਰੀ ਕਰਦਿਆਂ ਤੇਰੀ ਪ੍ਰੈਕਟਿਸ ਦੀ ਦੇਖ ਭਾਲ ਕੌਣ ਕਰਦਾ ਹੈ?

—ਕੋਈ ਵੀ ਨਹੀਂ। ਇਥੇ ਮੈਂ ਸਾਡੇ ਰਾਸ਼ਟਰੀ ਕੋਚ ਸ੍ਰੀ ਜੋਗਿੰਦਰ ਸਿੰਘ ਸੈਣੀ ਦੀ ਪ੍ਰੈਕਟਿਸ ਸੂਚੀ (ਸ਼ੈਡਿਊਲ) ਮੁਤਾਬਕ ਇਕੱਲੀ ਹੀ ਪ੍ਰੈਕਟਿਸ ਕਰਦੀ ਹਾਂ।

? ਸ਼ਿੰਨੀ ਤੂੰ ਆਪਣੇ ਅਭਿਆਸ ਅਤੇ ਨੌਕਰੀ ਨੂੰ ਇਕਠਿਆਂ ਕਿਵੇਂ...?

—ਸਬੱਬੀ, ਮੇਰੇ ਅਫਸਰ ਮੇਰੀ ਹਾਜ਼ਰੀ ਪ੍ਰਤੀ ਏਨੇ ਸਖਤ ਨਹੀਂ ਹਨ। ਉਹ ਸਮਝਦਾਰ ਹਨ। ਤੇ ਏਸੇ ਕਰਕੇ ਮੈਨੂੰ ਆਪਣਾ ਅਭਿਆਸ ਬਿਨਾਂ ਨਾਗਾ ਕਰਨ ਵਿਚ ਕੋਈ ਵੀ ਮੁਸ਼ਕਿਲ ਨਹੀਂ ਆਉਂਦੀ।

? ਕੋਈ ਅਭੁੱਲ ਯਾਦ...?

—ਜਿਸ ਵੇਲੇ ਮੈਨੂੰ ਪਤਾ ਲਗਿਆ ਕਿ ਮੈਂ ਓਲੰਪਿਕ (1984 ਲਾਸ ਏਂਜਲਸ) ਵਾਸਤੇ ਚੁਣੀ ਗਈ ਹਾਂ ਤਾਂ ਮੈਨੂੰ ਬੇਥਾਹ ਖੁਸ਼ੀ ਹੋਈ ਅਤੇ ਉਥੇ ਜਦੋਂ ਮੈਂ 800 ਮੀਟਰ ਦੀ ਦੌੜ ਖਤਮ ਕਰ ਚੁੱਕੀ ਸਾਂ ਤਾਂ ਕਿਸੇ ਜਾਣਕਾਰ ਨੇ ਮੈਨੂੰ ਦਸਿਆ ਕਿ ਮੈਂ ਪਹਿਲੀ ਭਾਰਤੀ ਔਰਤ ਹਾਂ ਜਿਸ ਨੇ ਇਸ ਦੌੜ ਵਿਚ ਸੈਮੀ-ਫਾਈਨਲ ਕੁਆਲੀਫਾਈ ਕੀਤਾ ਹੈ। ਉਸ ਵੇਲੇ ਇਉਂ ਲਗਿਆ ਜਿਵੇਂ ਮੈਂ ਟਰੈਕ ਤੇ ਨੱਚ ਰਹੀ ਹੋਵਾਂ। ਉਹ ਪਲ ਮੈਨੂੰ ਹਮੇਸ਼ਾਂ ਯਾਦ ਰਹਿਣਗੇ।

? ਆਉਂਦੀਆਂ ਸਿਓਲ ਏਸ਼ੀਆਈ ਖੇਡਾਂ ਵਾਸਤੇ ਤੂੰ ਕਿੰਨੀ ਤਿਆਰੀ ਕੀਤੀ ਹੈ? ਤੇਰਾ ਬਿਹਤਰ ਸਮਾਂ ਕੀ ਹੈ?

—ਤਿਆਰੀ ਤਾਂ ਬੇਹੱਦ ਕੀਤੀ ਹੈ। ਜਿਸ ਦੇ ਆਧਾਰ ਤੇ ਮੈਂ ਕਹਿ ਸਕਦੀ ਹਾਂ ਕਿ ਮੈਨੂੰ ਬਿਹਤਰ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਮੇਰਾ ਦਿੱਲੀ ਵਿਚ ਰਾਸ਼ਟਰੀ ਰਿਕਾਰਡ 2 ਮਿੰਟ 4.9 ਸੈ: ਹੈ।...ਵੇਖੋ ਸਿਓਲ ਕੀ ਦਿੰਦਾ ਹੈ?

? ਭਵਿੱਖ ਦੀਆਂ ਯੋਜਨਾਵਾਂ ਕੀ ਹਨ?

—ਮੈਂ ਸਿਓਲ ਓਲੰਪਿਕ ਤੀਕ ਪ੍ਰੈਕਟਿਸ ਜਾਰੀ ਰਖਾਂਗੀ...ਮੈਂ 2 ਮਿੰਟਾਂ ਵਿਚ 800 ਮੀਟਰ ਪੂਰਾ ਕਰਨ ਵਾਲੀ ਪਹਿਲੀ ਭਾਰਤੀ ਔਰਤ ਬਣਨਾ ਚਾਹੁੰਦੀ ਹਾਂ।

(ਐਸ ਏ ਆਈ)

ਮਰਕਰੀ - ਲਿੰਕਨ ਦੀਆਂ ਕਾਰਾਂ, ਫੋਰਡ ਟਰੱਕਾਂ

ਦੀਆਂ ਕਤਾਰਾਂ ਦੇਖਣ ਲਈ ਅੱਜ ਹੀ

ਗੁਰਦੀਪ ਮੁੱਤੀ ਨੂੰ ਫੋਨ ਕਰੋ



ਗੁਰਦੀਪ (ਗੋਰਡੀ) ਮੁੱਤੀ

Used ਕਾਰਾਂ ਦੀ ਕੀਮਤ $299 ਤੋਂ ਸ਼ੁਰੂ ਹੁੰਦੀ ਹੈ।

ਆਪ ਆ ਕੇ ਮਿਲੋ ਜਾਂ ਅੱਜ ਹੀ ਫੋਨ ਕਰੋ

BUS. 520-3055 RES. 521-2184

Ford MERCURY LINCOLN

Ph. 520-3055

301 STEWARDSON WAY, NEW WESTMINSTER, B.C. V3M 2A5

New-West Lincoln Mercury

12th & 3rd Ave. New Westminister, B.C.

ਤੂੰ ਨਹੀਂ ਆਏਂਗਾ ਫਿਰ ਵੀ ਹੈ ਉਡੀਕ.
ਹੁਣ ਤੇ ਅਨਹੋਣੀ ਸਹਾਰਾ ਹੋਏਗਾ।
ਜਿਸ ਦੇ ਵਿਚ 'ਹਮਦਰਦ' ਹੁੰਦਾ ਸਾਂ ਗੜੂੰਦ.
ਕੀ ਕਦੇ ਫਿਰ ਉਹ ਨਜ਼ਾਰਾ ਹੋਏਗਾ?

Continued from Page 21

consumption of electricity rising to 308 kwh and consumption of fertiliser to 108 kg per hectare.

The green revolution has brought forth a highly prosperous class of capitalist landlords and rich peasants. They are not only ruthless exploiters of the local landless workers hired out by them and of the migrant land workers from Bihar and UP, hired through their agents and contractors and treated as bonded labours, they are also contenders for power at all levels—from the panchayat and bloc samitis to the state legislature. They work through both the major parties in the state—the Congress(I) and the Akali Dal—though a considerable majority supports the Akali Dal and in fact, virtually controls it.

MINT AUTO BODY LTD.

5590 Lane Street, Burnaby, B.C. V5H 2H5

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars



ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ

For further information call:

Phone: 433-1207

Bhupinder(Bob) Sihota

Hindu-Sikh Relations: The Basic Issue

It is obvious that the problem of Punjab today essentially is: how Hindu and Sikh relations are to develop? There are two directions in which these relations can move: integration or a loose binding together with grouses and grievances multiplying on both sides leading ultimately to disastrous consequences. The Sikhs represent a variation on the Hindu way of life and culture which is frankly heterodox. This means that the entire question of emotional, cultural and linguistic integration of the Punjabi speaking people as a part of the national mainstream has to be examined in depth and both long and short term policies must be evolved to achieve this objective.

Both the communities — the Hindus and the Sikhs — are closely bound to each other through ties of culture and race and a strong belief in progress through dynamic hardwork. After independence, the Sikhs inside Punjab and in the rest of the country became active participants in the task of nation-building. They are getting integrated into the political entity of the Indian nation, comprising all the components of the Indian people. In the new conditions owning in independent India, communalism based on religion or more specifically, on fundamentalism and revivalism, lost much of its pull with the Sikhs. It is obvious that till the sixties, objective conditions did not readily provide any fertile ground for movements of the nature of fundamentalism, including Sikh fundamentalism. This is to recognise the fact that in the name of the Sikh religion outright divisive and secessionist ideas could not be preached, or at least they did not appeal to the general Sikh masses. This is confirmed by two facts. In the fifties, Master Tara Singh who approached the Sikh masses with fundamentalist propaganda slowly lost ground to Sant Fateh Singh. Secondly, soon after the reorganisation of Punjab, the Akali politics began to be somewhat influenced by secularism.

Growth of Sikh Fundamentalism

Nevertheless, in the late sixties, communalism in Punjab as in other parts of the country began once again to raise its head. A revival of communal activities in the political field surfaced distinctly among the Sikhs during the following decade. The precondition for this phenomenon had been created by the sharpened, internal socio-economic contradictions which were reflected in the political structure also. Reactionary forces made use of the opportunity to boost communalist and separatist tendencies. They incited communal conflicts with the intention of weakening the democratic movement by dividing and antagonising the various sections. An attack was launched against the principles and policies of independent India and the principle of secularism, being the first to be undermined. The role of Hindu chauvinist organisations under these conditions has been nailed down recurrently by democratic parties as well as governmental institutions. As a simultaneous and parallel move, reactionary elements and organisations among the Sikhs focussed their attention on the Sikh masses, in order to win them over to their side and to weaken and break their link with the democratic and left forces.

Conservative and reactionary elements in different camps bagged maximum benefit from this move. Their activities assumed a menacing proportion and began to pose a challenge to national unity, integrity and social progress. On the basis of their common opposition to the secular-democratic set-up of the country, the Hindu as well as Sikh communal bodies found an appropriate platform for an understanding and even for a political collusion to a degree. Evolving a modified approach as a seemingly new attitude, representatives of both the sides began in the later part of the seventies to issue clean chits to each other denying the harbouring of any communal designs. All this coincided with mounting attacks—open or subtle—by imperialist and other external reactionary forces on India's policy of principled unity among the nonaligned, on her support for national liberation struggles and forces of social progress in the liberated countries, and on her policy of friendship and cooperation with socialist states. it is in this context that revivalist trends in India can be meaningfully evaluated.

In recent years, ideas of Sikh fundamentalism have sought to be spread among the Sikhs in India and abroad through conservative organisations. The dissemination of such ideas in the given circumstances only strengthened the attitude of communal exclusiveness and helped to juxtapose communal identity and national unity. Linked with hostility to social progress, the propagation of Sikh fundamentalism in contemporary Indian public life paved the way for the legitimacy of internal as well as external forces of conservatism and reaction.

Thought it may be incorrect to draw firm conclusions from the election results, they do reflect to a certain degree the erosion which has taken place in the social base of the congress (now the Congress-I) and the two communist parties — CPI and CPI(M), as a result of the rise of Sikh fundamentalism. On the other hand, both the Akali Dal and the Jana Sangh (now the Bharatiya Janata Party) have gained at their cost.

The Congress in the Punjab after independence became the weakest Congress organisation in any of the major regions, a fact reflected in the precentage of votes polled by it. The Congress polled 31.3 per cent of the total votes as afinst 24.0 per cent polled by Akali Dal. However, under the leadership of late Partap Singh Kairon, the Congress widened its base in the Sikh peasantry. Nevertheless even in this period the hold of the Congress among the Sikh peasants remained weak in the Malwa region which mostly consists of the erstwhile princely states.

The Congress support-base among the Sikh peasantry in the Punjab state as a whole from 1962-65 to 1977-80 may be measured from the percentage of support base of the party in the two districts in these two periods. On this basis it seems that the Congress support-base among the Sikh peasantry came down from around 34 per cent in 1962-65 to 14 per cent in 1977-80. In the same period, the Congress succeeded in consolidating its support-base amongst the scheduled castes in view of the prevailing class conflict between the peasant proprietors and the landless scheduled caste labourers.

This is further confirmed by the changes in the composition of the Congress legislature party pver the last three decades. The Sikh representation in the party came down from 62.4 per cent in 1962 to 44.4 in 1980.

What seems to have happened is that if in the Kairon period, the base of the Akali Dal under the leadership of Master Tara Singh was mostly confined to the urban areas, especially among the refugee Sikhs, in the post-Kairon period, it was extended to the rural areas also. In the same period, the Congress further consolidated its support-base among the scheduled castes, including the Mazhbi Sikhs and other backward Sikh communities.

Though in terms of the votes polled, both the CPI and the CPI(M) have not lost ground, the social base of the two parties too has been undergoing a major change. In 1952 the CPI and the Lal Communist Party (a splinter group which later joined the CPI) polled 8.2 per cent of votes and in 1980 these two parties were able to increase it to 10.84 per cent. All the same, the steep decline in the influence of the communist-led Kisan Sabhas and the rise of pro-Akali trend in the communist movement in the Punjab is a clear reflection of the change in the political and ideological commitment of the Sikh peasantry.

Economic Roots of Sikh Fundamentalism

One obvious explanation for the growth of Sikh fundamentalism is rooted in the economy of the state and particularly in changes which have taken place in the state's economy, both in industry and agriculture since independence. In the urban areas, the trading castes among the Sikhs operate at a lower level as compared with the Hindu trades. Africulture and trade are evidently very much linked with each other. During the last fifteen years or so, this link has grown much stronger in the wake of modernisation of agriculture since most of the agricultural inputs and outputs in the rural areas have to pass through the traders in urban areas. It results in a clash of economic interests between the dominant castes in the two religious categories.

At the same time, Sikh traders, smaller in number and operating at a lower scale, have to contend with competition from Hindu traders. Such a clash of interests is inevitably extended to all other domains of economic activity. Findings show that Hindus display a greater tendency towards flocking to the urban areas as compared with the Sikhs. The Sikh trading castes — Which are not particularly loved by the Sikh cultivating castes in fact, the sterotypes of distrust and dislike between the Bhapa and the Jat are not insignificant — find in religious symbols the only way of defending their trade interest.

The green revolution has led to phenomenal change, with wheat production rising to a record of 2,538 kg per hectare and rice to 3, 001 kg per hectare with a rate of annual rise in productivity of 5.86 per cent, per capita income rising to Rs 1,962 per capita


(Continued at Page 20)

ਜਿੰਦੇ ਦੇ ਦੋ ਸਾਥੀ ਨਹੀਂ ਫੜੇ ਗਏ

ਭੂਪਾਲ, . (ਪੀ ਟੀ ਆਈ) ਮੱਧ ਪ੍ਰਦੇਸ਼ ਪੁਲਸ ਹੈੱਡਕੁਆਟਰਜ਼ ਨੇ ਇਸ ਖਬਰ ਦਾ ਖੰਡਨ ਕੀਤਾ ਹੈ ਕਿ ਕਥਿਤ ਦਹਿਸ਼ਤਪਸੰਦ ਹਰਜਿੰਦਰ ਸਿੰਘ ਉਰਫ ਜਿੰਦਾ ਦੇ 2 ਸਾਥੀਆਂ ਨੂੰ ਪਿਛਲੇ ਹਫਤੇ ਗਵਾਲੀਅਰ ਨੇੜੇ ਇਕ ਪਿੰਡ ਵਿਚ ਗ੍ਰਿਫਤਾਰ ਕੀਤਾ ਗਿਆ। ਪੁਲਸ ਹੈੱਡਕੁਆਟਰਜ਼ ਦੇ ਇਕ ਬੁਲਾਰੇ ਨੇ ਕਿਹਾ ਕਿ ਇਹ ਖਬਰ ਵੀ ਗਲਤ ਹੈ ਕਿ ਇਸ ਸਬੰਧ ਵਿਚ ਪੰਜਾਬ ਦੇ ਡਾਇਰੈਕਟਰ ਜਨਰਲ ਪੁਲਸ ਸ੍ਰੀ ਰਿਬੀਰੋ ਨੇ ਗਵਾਲੀਅਰ ਦਾ ਦੌਰਾ ਕੀਤਾ। ਪਹਿਲਾਂ ਮਿਲੀ ਰਿਪੋਰਟ ਵਿਚ ਸੂਹੀਆ ਸੂਤਰਾਂ ਦੇ ਹਵਾਲੇ ਨਾਲ ਕਿਹਾ ਗਿਆ ਸੀ ਕਿ ਜਿੰਦੇ ਨੇ ਪਿਛਲੇ ਹਫਤੇ ਜਬਲਪੁਰ ਤੋਂ ਦਿੱਲੀ ਤਕ ਕੁਤਬ ਐਕਸਪ੍ਰੈਸ ਰਾਹੀਂ ਸਫਰ ਕੀਤਾ। ਬੁਲਾਰੇ ਨੇ ਕਿਹਾ ਕਿ ਮੱਧ ਪ੍ਰਦੇਸ਼ ਪੁਲਸ ਨੇ ਡਾਬਰਾ ਰੇਲਵੇ ਸਟੇਸ਼ਨ ਉਤੇ ਗੱਡੀ ਦੀ ਤਲਾਸ਼ੀ ਲਈ ਪਰ ਜਿੰਦਾ ਨਾ ਲੱਭਿਆ ਜਾ ਸਕਿਆ। ਬੁਲਾਰੇ ਅਨੁਸਾਰ ਗੱਡੀ ਦੇ ਇਕ ਮੁਸਾਫਰ ਨੂੰ ਸ਼ਕ ਕਾਰਨ ਹਿਰਾਸਤ ਵਿਚ ਲਿਆ ਗਿਆ ਪਰ ਪੁਛਗਿਛ ਪਿਛੋਂ ਉਸ ਨੂੰ ਛੱਡ ਦਿਤਾ ਗਿਆ। ਪਹਿਲੀ ਰਿਪੋਰਟ ਵਿਚ ਇਹ ਵੀ ਡਰ ਪ੍ਰਗਟ ਕੀਤਾ ਗਿਆ ਸੀ ਕਿ ਸ਼ਾਇਦ ਜਿੰਦਾ ਚੰਬਲ ਵਾਦੀ ਵਿਚ ਡਾਕੂਆਂ ਦੇ ਗ੍ਰੋਹ ਨਾਲ ਜਾ ਮਿਲਿਆ ਹੈ।

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

Member of Prestigious M.L.S.
Medallion Club For 83-84 85-86

■ BUYING
■ SELLING


Free Evaluation For Your Property Call Any Time Without Any Obligation

Bus. 736-3831 or Res. 434-8548

Pager - 687-1985 #2229



ਫ਼ਿਲਮ-ਲੋਕ



ਸਟਾਰਾਂ ਦੇ ਨਖਰੇ
ਹੁਣ ਨਿਰਮਾਤਾ ਨਹੀਂ ਸਹਿੰਦੇ

ਮਹਿਬੂਬ ਸਟੂਡਿਓ ਵਿਚ 'ਨਕਾਬ' ਦੇ ਚਮਕੀਲੇ ਭੜਕੀਲੇ ਸੈਟ ਤੇ ਚਮਕ ਦਮਕ ਬਦਲੇ ਇਕ ਅਜੀਬ ਜਿਹੀ ਬੇਚੈਨੀ ਅਤੇ ਖਾਮੋਸ਼ੀ ਦਾ ਆਲਮ ਸੀ। ਨਿਰਮਾਤਾ ਨਿਰਦੇਸ਼ਕ ਰਾਜ ਖੋਸਲਾ ਤੋਂ ਲੈ ਕੇ ਯੂਨਿਟ ਦੇ ਹਰ ਛੋਟੇ ਵੱਡੇ ਮੈਂਬਰਾਂ ਦੇ ਚੇਹਰਿਆਂ ਤੇ ਉਦਾਸੀ, ਘਬਰਾਹਟ ਅਤੇ ਬੇਯਕੀਨੀ ਦਾ ਮਿਲਿਆ-ਜੁਲਿਆ ਭਾਵ ਝਲਕ ਰਿਹਾ ਸੀ। ਇਸ ਬੇਚੈਨੀ ਅਤੇ ਉਦਾਸੀ ਦੀ ਵਜਹ ਸੀ ਵਿਨੋਦ ਖੰਨਾ ਦੀ ਗੈਰ ਹਾਜ਼ਰੀ। ਫਿਲਮ 'ਨਕਾਬ' ਲਈ 10 ਤੋਂ 19 ਮਾਰਚ ਤੱਕ ਹੋਣ ਵਾਲੀ ਸ਼ੂਟਿੰਗ ਦੌਰਾਨ ਉਹ ਸਿਰਫ ਇਕ ਦਿਨ ਹੀ ਸ਼ੂਟਿੰਗ ਵਿਚ ਹਿਸਾ ਲੈਣ ਆਇਆ। ਬਾਕੀ ਦਿਨ ਰੋਜ਼ ਕੋਈ ਨਾ ਕੋਈ ਬਹਾਨਾ ਬਣਾ ਕੇ ਆਂਖ-ਮਚੋਲੀ ਦੀ ਖੇਡ ਖੇਡਦਾ ਰਿਹਾ। ਪਿਛਲੇ ਦਿਨੀਂ ਵਿਨੋਦ ਖੰਨਾ ਜਦੋਂ ਸਵਾਮੀ ਵਿਨੋਦਾਨੰਦ ਦਾ ਗੇਰੂਆ ਚੋਲਾ ਉਤਾਰ ਕੇ ਦਾੜ੍ਹੀ ਸਫਾਚਟ ਕਰਾ ਕੇ ਚੁਸਤ-ਦਰੁਸਤ ਹੀਰੋ ਦੇ ਰੂਪ ਵਿਚ ਕਰੀਬ ਸਾਢੇ ਚਾਰ ਸਾਲਾਂ ਪਿਛੋਂ ਕੈਮਰੇ ਦੇ ਸਾਹਮਣੇ ਇਕ ਵਾਰ ਫਿਰ ਤੋਂ ਆ ਖੜ੍ਹਾ ਹੋਇਆ ਸੀ ਤਾਂ ਲਗਾ ਸੀ ਕਿ ਜ਼ਿੰਦਗੀ ਦੇ ਸਾਰੇ ਸਰੀਰਕ ਤੇ ਆਤਮਿਕ ਅਨੁਭਵਾਂ ਪਿਛੋਂ ਉਹ ਆਪਣੇ ਫਿਲਮੀ ਕੈਰੀਅਰ ਨੂੰ ਫਿਰ ਗੰਭੀਰਤਾ ਨਾਲ ਲੈਣ ਲਗਿਆ ਹੈ। ਸੰਦੀਪ ਸੇਠੀ ਦੀ ਮਹੇਸ਼ ਭੱਟ ਨਿਰਦੇਸ਼ਿਤ 'ਸ਼ਤਰੂਤਾ' ਜਦੋਂ ਵਿਸਫੋਟ ਦੇ ਨਾਂ ਤੇ ਦੁਬਾਰਾ ਸ਼ੁਰੂ ਕੀਤੀ ਗਈ ਤਾਂ ਵਿਨੋਦ ਖੰਨਾ ਨੇ ਭਰਪੂਰ ਸਹਿਯੋਗ ਪ੍ਰਦਾਨ ਕਰਨ ਵਿਚ ਕੋਈ ਕਸਰ ਨਾ ਛੱਡੀ। ਫਿਰ ਅਜਿਹਾ ਕੀ ਵਾਪਰ ਗਿਆ ਕਿ ਉਸ ਨੇ ਆਪਣੇ ਪੁਰਾਣੇ ਫਿਲਮਸਾਜ਼ ਮਿਤਰ ਰਾਜ ਖੋਸਲਾ (ਜਿਨ੍ਹਾਂ ਦੀਆਂ 'ਮੇਰਾ ਗਾਂਵ ਮੇਰਾ ਦੇਸ਼', 'ਕੱਚੇ ਧਾਗੇ', 'ਮੈਂ ਤੁਲਸੀ ਤੇਰੇ ਆਂਗਨ ਕੀ' ਤੋਂ ਵਿਨੋਦ ਖੰਨਾ ਦੇ ਕੈਰੀਅਰ ਨੂੰ ਨਵਾਂ ਜੀਵਨ ਮਿਲਿਆ ਸੀ) ਦੀ ਫਿਲਮ 'ਨਕਾਬ' ਸਵੀਕਾਰ ਕਰਨ ਪਿਛੋਂ ਉਸ ਨੇ ਮਿਊਜ਼ੀਕਲ ਚੇਅਰ ਦੀ ਖੇਡ ਖੇਡਣੀ ਸ਼ੁਰੂ ਕਰ ਦਿੱਤੀ ?

ਕਿੱਥੇ ਗਈ ਉਹ ਫੁਰਤੀ ?

'ਦਰ ਅਸਲ ਇਸ ਵਿਨੋਦ ਖੰਨਾ ਵਿਚ ਪਹਿਲਾਂ ਵਰਗਾ ਜੋਸ਼ ਅਤੇ ਹੋਸ਼, ਚੀਤੇ ਵਰਗੀ ਉਹ ਫੁਰਤੀ ਰਹੀ ਹੀ ਨਹੀਂ। ਰਾਜ ਖੋਸਲਾ ਦੀ ਯੂਨਿਟ ਦੇ ਇਕ ਮੈਂਬਰ ਨੇ ਦਸਿਆ, ਜਦ 15 ਮਾਰਚ ਨੂੰ ਉਹ ਫਰਾਹ ਅਤੇ ਵਜੇਂਦਰ ਘਾਟਗੇ ਨਾਲ 'ਨਕਾਬ' ਦੀ ਸ਼ੂਟਿੰਗ ਕਰਨ ਆਇਆ ਤਾਂ ਉਸ ਦੇ ਚੇਹਰੇ, ਉਸ ਦੀਆਂ ਅੱਖਾਂ ਅਤੇ ਉਸ ਦੇ ਵਿਅਕਤਿਤਵ ਤੋਂ ਲਗ ਰਿਹਾ ਸੀ ਕਿ ਜਿਵੇਂ ਉਹ ਬਹੁਤ ਕੁਝ ਗੁਆ ਚੁਕਾ ਹੋਵੇ। ਇਕ ਦਮ ਸਪਾਟ ਚੇਹਰਾ ਅਤੇ ਭਾਵ-ਵਿਹੀਨ ਅੱਖਾਂ। ਲਖ ਚਾਹੁਣ ਤੇ ਵੀ ਵਿਨੋਦ ਖੰਨਾ ਫਿਲਮੀ ਵਾਤਾਵਰਣ ਅਤੇ ਕੈਮਰੇ ਦੀ ਭਾਸ਼ਾ ਤੋਂ ਜਾਣ ਪਛਾਣ ਕਾਇਮ ਕਰ ਸਕਣ ਵਿਚ ਉਹ ਨਾਕਾਮਯਾਬ ਹੋ ਰਿਹਾ ਸੀ। ਹਾਲਾਂ ਕਿ ਗੀਤ ਕੇਵਲ ਫਰਹਾ ਤੇ ਫਿਲਮਾਇਆ ਜਾ ਰਿਹਾ ਸੀ ਪਰ ਗੀਤ ਦੀਆਂ ਪੰਕਤੀਆਂ ਨਾਲ ਹੀਰੋਇਨ (ਫਰਹਾ) ਦਾ ਪ੍ਰੇਮੀ (ਵਿਨੋਦ ਖੰਨਾ) ਅਤੇ ਮੰਗੇਤਰ (ਵਜੇਂਦਰ) ਦੇ ਚੇਹਰੇ ਦੇ ਸਹੀ ਭਾਵ ਤਾਂ ਕੈਮਰੇ ਵਿਚ ਕੈਦ ਕਰਨੇ ਹੀ ਸਨ। ਇਕ-ਇਕ ਸ਼ਾਟ ਲਈ ਵਿਨੋਦ ਖੰਨਾ ਨੂੰ ਕਾਫੀ ਮੇਹਨਤ ਅਤੇ ਪਰੇਸ਼ਾਨੀ ਉਠਾਉਣੀ ਪੈ ਰਹੀ ਸੀ। ਲੱਖ ਕੋਸ਼ਿਸ਼ਾਂ ਪਿਛੋਂ ਉਸ ਦਾ ਸਰੀਰ ਜਿਵੇਂ ਉਸ ਦੇ ਕਾਬੂ ਵਿਚ ਨਹੀਂ ਆ ਰਿਹਾ ਸੀ। ਇਕ ਤਾਂ ਉਹ ਆਇਆ ਦੇਰ ਨਾਲ, ਫਿਰ ਕਹਿਣ ਲੱਗਾ, ਮੈਨੂੰ ਛੇ ਵਜੇ ਤਕ ਛਡ ਦਿਓ। ਪਰ ਉਸ ਦੀ ਸ਼ੂਟਿੰਗ ਵਿਚ ਏਨਾ ਸਮਾਂ ਲਗਾ ਕਿ ਪੈਕਅਪ ਹੁੰਦੇ ਹੁੰਦੇ ਨੌਂ ਵਜ ਗਏ। ਉਸ ਦਿਨ ਤੋਂ ਬਾਅਦ ਸੁਆਮੀ ਜੀ ਮੁੜ ਕੇ 'ਨਕਾਬ' ਦੇ ਸੈਟ ਤੇ ਨਾ ਪਧਾਰੇ। ਲੋਕ ਕਹਿੰਦੇ ਹਨ ਕਿ ਭਗਵਾਨ ਰਜਨੀਸ਼ ਦਾ ਜਾਦੂ ਅਜੇ ਉਸ ਦੇ ਸਿਰੋਂ ਨਹੀਂ ਉਤਰਿਆ ਤੇ ਫਿਰ ਨਸ਼ਾ-ਪੱਤਾ ਕਰਨ ਲਗ ਪਿਆ ਹੈ — ਇਸ ਲਈ ਹੁਣ ਐਕਟਿੰਗ ਕਰਨੀ ਉਸ ਦੇ ਵਸ ਦਾ ਰੋਗ ਨਹੀਂ ਰਿਹਾ।

ਕਹਿੰਦੇ ਹਨ ਰਾਜ ਖੋਸਲਾ ਨੇ ਵਾਰ ਵਾਰ ਫੋਨ ਕਰਕੇ ਵਿਨੋਦ ਖੰਨਾ ਦਾ ਸਹੀ ਮਕਸਦ ਜਾਨਣ ਦੀ ਭਰਪੂਰ ਕੋਸ਼ਿਸ਼ ਕੀਤੀ ਪਰ ਉਸ ਦੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਗਈਆਂ। ਵਿਨੋਦ ਦੇ ਭਰਾ ਪ੍ਰਮੋਦ ਅਤੇ ਸੈਕਟਰੀ ਸੈਬੀ-ਸਭਰਵਾਲ ਤੋਂ ਵੀ ਉਨ੍ਹਾਂ ਨੂੰ ਕੋਈ ਮਦਦ ਨਹੀਂ ਮਿਲ ਸਕੀ। ਕਦੀ ਦੱਸਿਆ ਜਾਂਦਾ, ਵਿਨੋਦ ਦਿੱਲੀ ਚਲੇ ਗਿਆ ਹੈ ਤੇ ਕਦੀ ਕਿਹਾ ਜਾਂਦਾ ਅਜੇ ਸੁਤਾ ਹੋਇਆ ਹੈ ਤੇ ਅਸੀਂ ਉਸ ਨੂੰ ਜਗਾਉਣ ਦੀ ਜੁਰਅਤ ਨਹੀਂ ਕਰ ਸਕਦੇ। ਸੁਣਿਆ ਸੀ ਕਿ 19 ਮਾਰਚ ਨੂੰ ਰਾਜ ਖੋਸਲਾ ਨੇ ਫੈਸਲਾ ਕਰ ਲਿਆ ਸੀ ਕਿ ਜੇ ਵਿਨੋਦ ਖੰਨਾ ਉਸ ਦਿਨ ਵੀ ਸ਼ੂਟਿੰਗ ਤੇ ਨਾ ਆਇਆ ਤਾਂ ਉਸ ਦੀ ਥਾਂ ਕਿਸੇ ਦੂਜੇ ਹੀਰੋ ਨੂੰ ਲੈ ਲਿਆ ਜਾਏਗਾ ਭਾਵੇਂ ਸਾਢੇ ਤਿੰਨ ਲੱਖ ਰੁਪਏ ਦੇ ਲਗੇ-ਲਗਾਏ ਸੈਟ ਦਾ ਨੁਕਸਾਨ ਵੀ ਕਿਉਂ ਨਾ ਹੋ ਜਾਵੇ। ਮਹੀਨੇ ਭਰ ਲਈ ਬੁਕ ਮਹਿਬੂਬ ਸਟੂਡਿਓ ਦਾ ਕਿਰਾਇਆ ਵੀ ਭਰਨਾ ਪੈਣਾ ਸੀ।

ਖੋਸਲਾ ਵਲੋਂ ਪਹਿਲਾਂ ਵਿਨੋਦ ਖੰਨਾ ਤੇ ਫਰਹਾ ਨੂੰ ਲੈ ਕੇ ਸ਼ੁਰੂ ਕੀਤੀ ਗਈ ਫਿਲਮ 'ਨਕਾਬ'





'ਨਕਾਬ' ਵਿਚ ਪਿਛੋਂ ਵਿਨੋਦ ਦੀ ਥਾਂ ਰਿਸ਼ੀ ਕਪੂਰ ਨੂੰ ਸਾਈਨ ਕਰ ਲਿਆ।

ਸਵਾਮੀ ਜੀ ਗਏ, ਰਿਸ਼ੀ ਕਪੂਰ ਆ ਗਿਆ

ਸਵਾਮੀ ਜੀ ਗਏ, ਰਿਸ਼ੀ ਕਪੂਰ ਆ ਗਿਆ। 'ਨਕਾਬ' ਦੀ ਸ਼ੂਟਿੰਗ ਰੁਕੀ ਨਹੀਂ। ਵਿਨੋਦ ਖੰਨਾ ਨੇ ਨਾ ਆਉਣਾ ਸੀ ਤੇ ਨਾ ਆਇਆ। ਰਾਜ ਖੋਸਲਾ ਨੇ ਫੌਰਨ ਰਿਸ਼ੀ ਕਪੂਰ ਨੂੰ ਫੋਨ ਕੀਤਾ ਤੇ ਪੁਛਿਆ ਕਿ ਕੀ ਉਹ ਤੁਰੰਤ ਆਪਣੀਆਂ ਡੇਟਾਂ ਦੇਣ ਲਈ ਤਿਆਰ ਹੈ ? ਰਿਸ਼ੀ ਕਪੂਰ ਨੇ ਉਸ ਦਿਨ 'ਮਹਿਬੂਬ ਸਟੂਡਿਓ' ਵਿਚ 'ਹਥਿਆਰ' ਦੀ ਸ਼ੂਟਿੰਗ ਵਿਚ ਹਿਸਾ ਲੈਣਾ ਸੀ। ਉਹ ਸਟੂਡਿਓ ਆਇਆ ਤੇ ਉਸ ਨੂੰ 'ਨਕਾਬ' ਲਈ ਸਾਈਨ ਕਰ ਲਿਆ ਗਿਆ। ਉਹ 24 ਮਾਰਚ ਤੋਂ ਰਾਜ ਖੋਸਲਾ ਨਾਲ ਸ਼ੂਟਿੰਗ ਕਰਨ ਲਈ ਰਾਜੀ ਹੋ ਗਿਆ। ਪਰ ਰਾਜ ਖੋਸਲਾ ਵਿਨੋਦ ਦੀ ਦਗਾਬਾਜ਼ੀ ਤੋਂਏ ਪਰੇਸ਼ਾਨ ਸਾਰਾ ਦਰਦ ਚੁਪਚਾਪ ਪੀ ਗਏ ਕਿਉਂਕਿ ਪਿਛਲੇ ਦੋ ਤਿੰਨ ਸਾਲਾਂ ਤੋਂ ਉਨ੍ਹਾਂ ਦੇ ਨਿਰਦੇਸ਼ਨ ਵਿਚ ਬਣੀਆਂ 'ਦੋ ਪ੍ਰੇਮੀ', 'ਤੇਰੀ ਮਾਂਗ ਸਿਤਾਰੋਂ ਸੇ ਭਰ ਦੂੰ', 'ਦਾਸੀ', 'ਮਾਟੀ ਮਾਂਗੇ ਖੂਨ', 'ਮੇਰਾ ਦੋਸਤ ਮੇਰੇ ਦੁਸ਼ਮਣ' ਵਰਗੀਆਂ ਫਿਲਮਾਂ ਬੁਰੀ ਤਰ੍ਹਾਂ ਫਲਾਪ ਹੋ ਗਈਆਂ ਸਨ, ਇਸ ਲਈ ਰਾਜ ਖੋਸਲਾ ਜੇ ਵਿਨੋਦ ਖੰਨਾ ਦੇ ਵਿਸ਼ਵਾਸਘਾਤ ਦਾ ਢੰਡੋਰਾ ਪਿਟਦੇ ਤਾਂ ਲੋਕ ਹਮਦਰਦੀ ਜਿਤਾਉਣ ਦੀ ਬਜਾਏ ਮਖੌਲ ਹੀ ਉਡਾਉਂਦੇ। ਇਸ ਲਈ ਉਹ ਚੁਪ ਹੀ ਰਹੇ।

ਹੋਰ ਫਿਲਮਕਾਰਾਂ ਨੇ ਇਸ ਮਾਮਲੇ ਨੂੰ ਕਾਫੀ ਗੰਭੀਰਤਾ ਨਾਲ ਲਿਆ। ਉਨ੍ਹਾਂ ਨੂੰ ਡਰ ਪੈਦਾ ਹੋ ਗਿਆ ਕਿ ਪ੍ਰਵੀਨ ਬਾਬੀ ਵਾਂਗ ਵਿਨੋਦ ਵੀ ਉਨ੍ਹਾਂ ਨੂੰ ਮੰਝਧਾਰ ਵਿਚ ਡੁਬੋ ਕੇ ਛੂ-ਮੰਤਰ ਨਾ ਹੋ ਜਾਏ। ਬਿਪਿਨ ਉਪਾਧਿਆਇ ਦੀ ਰਮਨ ਕੁਮਾਰ ਨਿਰਦੇਸ਼ਤ 'ਆਂਧੀਆਂ' ਅਤੇ ਤਨਵੀਰ ਅਹਿਮਦ ਦੀ 'ਮਿਸਟਰ ਆਸ਼ਿਕ' ਪਰਵੀਨ ਦੇ ਪਲਾਇਨ ਕਰਕੇ ਅਜ ਤਕ ਡੱਬਿਆਂ ਵਿਚ ਅਧੂਰੀਆਂ ਬੰਦ ਪਈਆਂ ਹਨ। ਇਸ ਲਈ ਜਿਨ੍ਹਾਂ ਫਿਲਮਕਾਰਾਂ ਨੇ ਵਿਨੋਦ ਖੰਨਾ ਨੂੰ ਆਪਣੀਆਂ ਫਿਲਮਾਂ ਵਿਚ ਲੈਣ ਦੀ ਪਹਿਲੀ ਕੀਤੀ ਸੀ, ਉਨ੍ਹਾਂ ਵਿਚ ਚਿੰਤਾ ਤੇ ਸਹਿਮ ਦਾ ਵਾਤਾਵਰਣ ਛਾ ਗਿਆ। ਰੋਮੂ ਸਿੱਪੀ, ਸੁਨੀਲ ਸ਼ਰਮਾ, ਵਿਨੋਦ ਜੋਸ਼ੀ, ਸੁਨੀਲ ਦੱਤ ਵਰਗੇ ਲੋਕ ਜ਼ਰਾ ਘੱਟ ਚਿੰਤਤ ਸਨ ਕਿਉਂਕਿ ਉਨ੍ਹਾਂ ਦੀਆਂ ਫਿਲਮਾਂ ਅਜੇ ਸ਼ੁਰੂ ਨਹੀਂ ਸਨ ਹੋਈਆਂ ਪਰ ਕੜਿਕੀ 'ਚ ਫਸ ਗਈ ਹੇਮਾ ਮਾਲਿਨੀ ਜਿਹੜੀ ਮਹੇਸ਼ ਭੱਟ ਦੇ ਨਿਰਦੇਸ਼ਨ ਵਿਚ ਵਿਨੋਦ ਖੰਨਾ, ਮੰਦਾਕਿਨੀ, ਜੈਕੀ ਅਤੇ ਸ੍ਰੀਦੇਵੀ ਨੂੰ ਲੈ ਕੇ ਤੁਰੰਤ ਆਪਣੀ ਫਿਲਮ ਸ਼ੁਰੂ ਕਰਨਾ ਚਾਹੁੰਦੀ ਸੀ। ਉਸ ਨੇ ਫੌਰਨ ਵਿਨੋਦ ਖੰਨਾ ਨੂੰ ਹੱਥ ਜੋੜ ਦਿਤੇ ਅਤੇ ਉਸ ਦੀ ਥਾਂ ਰਾਜਨੀਕਾਂਤ ਨੂੰ ਲੈਣ ਦਾ ਫੈਸਲਾ ਕਰ ਲਿਆ।

ਰੇਖਾ ਦੀ ਆਂਖ-ਮਿਚੋਲੀ

ਜਿਸ ਤਰ੍ਹਾਂ ਰਾਜ ਖੋਸਲਾ ਨੇ ਮਜਬੂਰ ਹੋ ਕੇ 'ਨਕਾਬ' ਵਿਚੋਂ ਵਿਨੋਦ ਖੰਨਾ ਨੂੰ ਕੱਢਣ ਦਾ ਫੈਸਲਾ ਕੀਤਾ ਸੀ, ਉਸੇ ਤਰ੍ਹਾਂ ਫਿਰੋਜ਼ ਖਾਂ ਕੋਲ ਵੀ ਹੋਰ ਕੋਈ ਰਸਤਾ ਨਹੀਂ ਸੀ ਕਿ 'ਜਾਂਬਾਜ਼' ਵਿਚੋਂ ਉਹ ਰੇਖਾ ਨੂੰ ਕੱਢ ਕੇ ਬਾਹਰ ਕਰੇ। 'ਕੁਰਬਾਨੀ' ਦੀ ਜਬਰਦਸਤ ਕਾਮਯਾਬੀ ਪਿਛੋਂ ਜਦੋਂ ਫਿਰੋਜ਼ਖਾਨ ਨੇ 'ਜਾਂਬਾਜ਼' ਦੀ ਯੋਜਨਾ ਬਣਾਈ ਸੀ ਤਾਂ ਜ਼ੀਨਤ ਅਮਾਨ ਨੂੰ ਪੂਰਾ ਭਰੋਸਾ ਸੀ ਕਿ ਨਾਇਕਾ ਦੀ ਭੂਮਿਕਾ ਲਈ ਫਿਰ ਉਸ ਨੂੰ ਹੀ ਲਿਆ ਜਾਏਗਾ ਪਰ ਫਿਰੋਜ਼ ਖਾਨ ਨੇ ਰੇਖਾ ਨੂੰ ਸਾਈਨ ਕਰ ਲਿਆ ਸੀ। ਫਿਲਮ ਦਾ ਮਹੂਰਤ ਵੀ ਵੱਡੀ ਪੱਧਰ ਤੇ ਹੋਟਲ ਸੀ-ਰਾਕ ਵਿਚ ਕੀਤਾ ਗਿਆ। ਮਹੂਰਤ ਸ਼ਾਟ ਲਈ ਰਾਜ ਕਪੂਰ ਨੂੰ ਉਚੇਚਾ ਸੱਦਾ ਦੇ ਕੇ ਬੁਲਾਇਆ ਗਿਆ ਸੀ।

'ਜਾਂਬਜ਼' ਦੀ ਸ਼ੂਟਿੰਗ ਦਾ ਪਹਿਲਾ ਸ਼ਡਿਊਲ ਫਿਰੋਜ਼ ਖਾਂ ਨੇ ਲੰਦਨ ਵਿਚ ਰੱਖਿਆ ਸੀ ਜਿਥੇ ਉਨ੍ਹਾਂ ਨੇ ਰੇਖਾ ਤੇ ਇਕ ਖਾਸ ਡਿਸਕੋ ਗੀਤ ਫਿਲਮਾਇਆ ਸੀ। ਉਸ ਦੀ ਪੂਰੀ ਯੂਨਿਟ ਲੰਦਨ ਪਹੁੰਚੀ, ਰੇਖਾ ਦਾ ਇੰਤਜ਼ਾਰ ਕਰਦੀ ਰਹੀ ਪਰ ਉਸ ਦਾ ਕੋਈ ਥਹੁ-ਪਤਾ ਨਾ ਲਗਾ। ਨਾਰਾਜ਼ ਹੋ ਕੇ ਇਸੇ ਭੂਮਿਕਾ ਵਿਚ ਅਜ ਡਿੰਪਲ ਦਰਸ਼ਕਾਂ ਸਾਹਮਣੇ ਹੈ।

ਰੇਖਾ ਵਰਗੀ ਅਭਿਨੇਤਰੀ ਨਾਲ ਟੱਕਰ ਲੈਣੀ ਹਰ ਨਿਰਮਾਤਾ ਦੇ ਵਸ ਦੀ ਗੱਲ ਨਹੀਂ। ਪਰ ਫਿਰੋਜ਼ ਖਾਂ ਨੇ ਹਿੰਮਤ ਦਿਖਾਈ। ਅਜਿਹੀ ਹੀ ਹਿੰਮਤ ਗੁਲਜ਼ਾਰ ਨੇ ਉਸ ਨੂੰ 'ਨਮਕੀਨ' ਫਿਲਮ ਵਿਚੋਂ ਕੱਢਣ ਦਾ ਫੈਸਲਾ ਕਰ ਲਿਆ। ਰੇਖਾ ਨੂੰ ਗੁਲਜ਼ਾਰ ਨਾਲ ਸਮਝੌਤਾ ਕਰਨਾ ਪਿਆ ਤੇ ਗੁਲਜ਼ਾਰ ਦੀ ਅਗਲੀ ਫਿਲਮ 'ਇਜਾਜ਼ਤ' ਰੇਖਾ ਹੀ ਕਰ ਰਹੀ ਹੈ।

ਦੇਵਿੰਦਰ ਜੋਸ਼

ਮਨ ਜਾ ਮੇਰੀ ਯਾਰ ਜੋਗੀਆ।
ਭੁਲ ਜਾ ਪਹਿਲਾ ਪਿਆਰ ਜੋਗੀਆ।

ਇਸ ਝੰਜਟ ਵਿਚ ਕੀ ਰਖਿਆ ਏ,
ਭਗਵਾਂ ਭੇਸ ਉਤਾਰ ਜੋਗੀਆ।

ਜੰਗਲਾਂ ਵਿਚੋਂ ਕੀ ਲਭਦਾ ਏਂ,
ਤੇਰੇ ਘਰ ਸੰਸਾਰ ਜੋਗੀਆ।

ਤੇਰੇ ਬੋਲ ਉਡੀਕ ਰਹੀ ਏ,
ਪਾਇਲ ਦੀ ਝਨਕਾਰ ਜੋਗੀਆ।

ਜਿਸ ਨੂੰ ਮਿਥਿਆ ਆਖ ਰਿਹਾ ਏਂ,
ਅਸਲੀ ਹੈ ਸੰਸਾਰ ਜੋਗੀਆ।

ਅਪਣੀ ਕਸ਼ਤੀ ਡੋਬ ਨਾ ਐਵੇਂ,
ਐਵੇਂ ਦਿਲ ਨਾ ਹਾਰ ਜੋਗੀਆ।

ਜਿਸ ਨੂੰ ਰੋਂਦੀ ਛਡ ਆਇਆ ਏਂ,
ਉਸਦੀ ਵੀ ਲੈ ਸਾਰ ਜੋਗੀਆ।

ਝੂਠੇ ਸੁਰਗਾਂ ਦੇ ਲਾਰੇ ਤੋਂ,
ਸੁੱਚਾ ਸੁਰਗ ਨਾ ਵਾਰ ਜੋਗੀਆ।

ALLWAYS TRAVEL

IATA
APPOINTED AGENCY

- For Travel Around the World
- Complete Travel Arrangements

ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਜਾਣਾ ਹੋਵੇ ਤਾਂ ਆਲਵੇਜ਼ ਟਰੈਵਲ ਤੇ ਆਓ !

ਸਾਡੇ ਕੋਲ ਟਰੈਵਲ ਦੀਆਂ ਪੂਰੀਆਂ ਸੇਵਾਵਾਂ ਹਨ

Book Your Reservation Now For
SUMMER SPECIAL FARE
To INDIA, PAKISTAN, FIJI & LONDON etc.

ਗਰਮੀਆਂ ਵਿਚ ਇੰਡੀਆ, ਪਾਕਿਸਤਾਨ, ਫੀਜ਼ੀ ਜਾਂ ਲੰਡਨ ਜਾਣ ਲਈ ਸਪੈਸ਼ਲ ਕਿਰਾਏ ਲਈ ਆਪਣੀ ਬੁਕਿੰਗ ਕਰਾਓ

For more information : Ph. 875-1441

3657 Main St. (20th Ave.) Vancouver, B.C. V5V 3N6



ਰੇਖਾ

ਫਿਰੋਜ਼ ਖਾਨ ਦੀ 'ਜਾਂਬਾਜ਼' ਵਿਚ ਰੇਖਾ ਦੀ ਥਾਂ ਡਿੰਪਲ ਨੂੰ ਲਿਆ ਤਾਂ ਉਸ ਨੇ ਫਿਰੋਜ਼ ਨੂੰ ਭਰਪੂਰ ਸਹਿਯੋਗ ਦਿਤਾ ਲਗਦਾ ਹੈ। ਪਰ ਫਿਰ ਡਿੰਪਲ ਨੂੰ ਪਤਾ ਨਹੀਂ ਕੀ ਹੋ ਗਿਆ ਕਿ ਜੇ. ਪੀ. ਦੱਤਾ ਨੇ ਆਪਣੀ ਫਿਲਮ 'ਹਥਿਆਰ' ਦਾ ਮਹੂਰਤ ਜਦੋਂ ਫਿਲਮਾਲਯ ਸਟੂਡਿਓ ਵਿਚ ਧੂਮਧਾਮ ਨਾਲ ਸੰਪੰਨ ਹੋਇਆ ਸੀ ਤਾਂ ਧਰਮਿੰਦਰ, ਰਿਸ਼ੀ ਕਪੂਰ, ਅੰਮ੍ਰਿਤਾ ਸਿੰਘ ਅਤੇ ਸੰਜੇ ਦੱਤ ਨਾਲ ਡਿੰਪਲ ਨੇ ਵੀ ਮਹੂਰਤ ਵਿਚ ਹਿਸਾ ਲਿਆ ਸੀ ਅਤੇ ਉਹ ਸੰਜੇ ਨੂੰ ਇਹ ਦਸਣਾ ਨਹੀਂ ਭੁਲੀ ਸੀ ਕਿ ਉਸ ਨਾਲ ਕੰਮ ਕਰਨ ਦੀ ਇੱਛਾ ਉਹ ਬਹੁਤ ਦਿਨਾਂ ਤੋਂ ਰਖਦੀ ਸੀ। ਦਰਅਸਲ ਟੀਨਾ ਮੁਨੀਮ ਅਤੇ ਰਾਜੇਸ਼ ਖੰਨਾ ਦੀ ਵਧਦੀ ਦੋਸਤੀ ਅਤੇ ਇਕੱਠੇ ਰਹਿਣ ਦੀਆਂ ਖਬਰਾਂ ਤੋਂ ਪੈਦਾ ਹੋਈ ਖਿਝ ਸੰਜੇ ਦੱਤ ਅਤੇ ਡਿੰਪਲ ਵਿਚ ਦੋਸਤੀ ਦਾ ਕਾਰਣ ਤਾਂ ਬਣ ਗਈ ਪਰ ਵਪਾਰਿਕ ਤੌਰ ਤੇ ਇਨ੍ਹਾਂ ਦਾ ਜੋੜ ਅਜੇ ਤਕ ਨਹੀਂ ਸੀ ਹੋ ਸਕਿਆ।

11 ਮਾਰਚ ਤੋਂ 'ਹਥਿਆਰ' ਦੀ ਸ਼ੂਟਿੰਗ ਸ਼ੁਰੂ ਹੋਣ ਦਾ ਸਮਾਂ ਆਇਆ ਤਾਂ ਪਤਾ ਲਗਾ ਕਿ ਡਿੰਪਲ ਨੇ ਇਹ ਤਾਰੀਖਾਂ ਕਿਸੇ ਹੋਰ ਫਿਲਮ ਨੂੰ ਦੇ ਰੱਖੀਆਂ ਹਨ। ਨਿਰਮਾਤਾ-ਨਿਰਦੇਸ਼ਕ ਹੱਕੇ-ਬੱਕੇ ਰਹਿ ਗਏ। ਉਨ੍ਹਾਂ ਨੇ ਡਿੰਪਲ ਨਾਲ ਗੱਲ ਕੀਤੀ ਤਾਂ ਡਿੰਪਲ ਨੇ ਕਿਹਾ ਕਿ ਉਸ ਦੇ ਸੈਕਟਰੀ ਰਵੀ ਮਲਹੋਤਰਾ ਨਾਲ ਗੱਲ ਕੀਤੀ ਜਾਏ। ਸੈਕਟਰੀ ਟਾਲ-ਮਟੋਲ ਕਰਨ ਲੱਗਾ। ਨਿਰਮਾਤਾ ਨੂੰ ਗੁਸਾ ਆਇਆ ਕਿ ਜਦੋਂ ਉਨ੍ਹਾਂ ਨੇ ਡੇਟਾਂ ਨਵੰਬਰ ਵਿਚ ਹੀ ਬੁਕ ਕਰਵਾ ਲਈਆਂ ਸਨ ਤੇ ਫਿਰ ਇਹ ਡੇਟਾਂ ਕਿਸੇ ਹੋਰ ਨਿਰਮਾਤਾ ਨੂੰ ਦੇਣ ਦਾ ਕੀ ਹੱਕ ਹੈ? ਜੇ. ਪੀ. ਦੱਤਾ ਨੇ ਆਪਣਾ ਫੈਸਲਾ ਸੁਣਾ ਦਿਤਾ ਕਿ ਸ਼ੂਟਿੰਗ ਤਾਂ ਨਿਸਚਿਤ ਤਾਰੀਖ ਤੇ ਹੀ ਹੋਵੇਗੀ ਭਾਵੇਂ 'ਹਥਿਆਰ' ਵਿਚ ਡਿੰਪਲ ਦੀ ਥਾਂ ਕਿਸੇ ਨਵੀਂ ਲੜਕੀ ਨੂੰ ਹੀ ਕਿਉਂ ਨਾ ਲੈਣਾ ਪਵੇ। ਤੇ ਹੋਇਆ ਵੀ ਇਹੋ ਕੁਝ। 'ਹਥਿਆਰ' ਵਿਚ ਡਿੰਪਲ ਦੀ ਥਾਂ ਨਵੀਂ ਅਭਿਨੇਤਰੀ ਸੰਗੀਤਾ ਬਿਜਲਾਨੀ ਨੂੰ ਸਾਈਨ ਕਰ ਲਿਆ ਗਿਆ। ਉਹ ਮਿਸ ਇੰਡੀਆ ਦਾ ਖਿਤਾਬ ਜਿਤ ਚੁਕੀ ਹੈ ਅਤੇ ਪੌਂਡਸ ਕਰੀਮ ਦੇ ਇਸ਼ਤਿਹਾਰਾਂ ਵਿਚ ਮਾਡਲ ਗਰਲ ਵਜੋਂ ਅਕਸਰ ਦਿਖਾਈ ਦਿੰਦੀ ਹੈ।

ਤੂੰ ਅਜੇ ਨਵਤੇਜ ਲਿਖਣੀ ਸਿਖ ਗ਼ਜ਼ਲ ਕਾਹਲੀ ਨਾ ਕਰ
ਆ ਮੁਸ਼ਾਇਰੇ ਵਿਚ ਖੜੌਨੈਂ ਜੋੜ ਕੇ ਪੰਜ ਛੇ ਤੁਕਾਂ।

ਪ੍ਰੈਸ ਰਿਲੀਜ਼

ਕੰਮ ਲੱਭਦੇ ਹੋ? ਲਿਟਲ ਮਾਊਂਨਟੇਨ ਨੇਬਰਹੁਡ ਹਾਊਸ ਉਨ੍ਹਾਂ ਔਰਤਾਂ ਲਈ ਜੋ ਕੰਮ ਲੱਭ ਰਹੀਆਂ ਹਨ ਪਰ ਕੰਮ ਲੱਭਣ ਦੇ ਢੰਗਾਂ ਤੋਂ ਅਨਜਾਣ ਹਨ ਫਰੀ ਵਰਕਸ਼ਾਪ ਕਰ ਰਿਹਾ ਹੈ। ਅਸੀਂ ਤੁਹਾਨੂੰ ਦਸਾਂਗੇ ਕਿ ਇੰਟਰਵੀਊ ਦੇ ਦੌਰਾਨ ਕਿਸ ਤਰ੍ਹਾਂ ਦਾ ਵਰਤਾਉ ਕਰਨਾ ਹੈ ਜੋ ਤੁਹਾਨੂੰ ਕੰਮ ਲਭਣ ਵਿਚ ਮਦਦ ਕਰੇਗਾ। ਇਸ ਦੇ ਨਾਲ ਨਾਲ ਕੰਮ ਕਿਸ ਤਰ੍ਹਾਂ ਲਭੀਦੇ, ਅਰਜ਼ੀ ਭਰਨਾ, ਕਿਸ ਜਗਾਹ ਤੇ ਕਿਸ ਤਰ੍ਹਾਂ ਦੇ ਕੰਮ ਲਈ ਜਾਣਾ ਠੀਕ ਹੈ ਤੇ ਇੰਟਰਵੀਊ ਦੀ ਤਿਆਰੀ ਆਦਿ। ਇਸ ਸਾਰੀ ਜਾਣਕਾਰੀ ਲਈ ਸਤੰਬਰ 21 ਅਤੇ 28 ਨੂੰ। 3981 ਮੇਨ ਸਟਰੀਟ ਤੇ 2:30 ਤੋਂ 5 ਤੱਕ ਆਉ ਅਤੇ ਹੋਰ ਬਹੁਤ ਕੁਝ ਸਿਖੋ। ਬੱਚਿਆਂ ਦੀ ਦੇਖ ਭਾਲ ਦਾ ਮੁਫਤ ਪ੍ਰਬੰਧ ਹੈ। ਫੋਨ ਕਰੋ ਅਫਸਨੇ ਨੂੰ ਜਾਂ ਬਾਰਬਰਾ ਨੂੰ 879-7104 ਤੇ।

ਜ: ਤਲਵੰਡੀ ਦਲਾਂ ਦੀ ਫੁਟ ਤੋਂ ਪਰੇਸ਼ਾਨ

ਪਟਿਆਲਾ, -(ਵਿਸ਼ੇਸ਼ ਪ੍ਰਤੀਨਿਧ) ਸ਼ਰੋਮਣੀ ਅਕਾਲੀ ਦਲ (ਤਲਵੰਡੀ) ਦੇ ਸਾਬਕ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਇਕ ਭੇਂਟ ਵਿਚ ਕਿਹਾ ਹੈ ਕਿ ਇਹਨਾਂ ਖਬਰਾਂ ਵਿਚ ਕੋਈ ਸਚਾਈ ਨਹੀਂ ਕਿ ਮੈਂ ਜ਼ਿਲਾ ਪਟਿਆਲਾ ਦੇ ਆਪਣੇ ਸਮਰਥਕ ਅਕਾਲੀ ਵਰਕਰਾਂ ਵਿਚੋਂ ਕਿਸੇ ਨੂੰ ਸੰਯੁਕਤ ਅਕਾਲੀ ਦਲ ਨੂੰ ਛੱਡਣ ਦੀ ਕਿਸੇ ਨੂੰ ਪ੍ਰੇਰਨਾ ਕੀਤੀ ਹੈ ਜਾਂ ਕਿਸੇ ਹੋਰ ਦਲ ਵਿਚ ਸ਼ਾਮਲ ਹੋਣ ਦੀ ਸਲਾਹ ਦਿੱਤੀ ਹੈ। ਮੈਂ ਇਸ ਵੇਲੇ ਅਕਾਲੀ ਦਲਾਂ ਦੀ ਆਪੋ ਵਿਚ ਦੀ ਲੜਾਈ ਅਤੇ ਲੀਡਰਾਂ ਵਲੋਂ ਇਕ ਦੂਜੇ ਦੇ ਵਿਰੁਧ ਕੀਤੀ ਜਾ ਰਹੀ ਦੂਸ਼ਣਬਾਜ਼ੀ ਤੋਂ ਦੁਖੀ ਹਾਂ ਤੇ ਪੰਥਕ ਫੁਟ ਵਧਾਣ ਵਿਚ ਹਿਸੇਦਾਰ ਬਣਨ ਦੀ ਥਾਂ ਚੁਪ ਰਹਿਣ ਵਿਚ ਹੀ ਭਲਾਈ ਸਮਝਦਾ ਹਾਂ ਤੇ ਇਸ ਆਸ ਵਿਚ ਬਠਾ ਹਾਂ ਕਿ ਸਮਰਥ ਗੁਰੂ ਆਪਣੇ ਬਿਰਧ ਬਾਣੇ ਦੀ ਲਾਜ ਰਖਣ ਲਈ ਪੰਥ ਦੇ ਆਗੂਆਂ ਨੂੰ ਜ਼ਰੂਰ ਸੁਮਤ ਬਖਸ਼ੇਗਾ, ਅਤੇ ਉਹ ਆਪਣੇ ਤੇ ਬਿਗਾਨੇ ਦੀ ਪਛਾਣ ਕਰਨ ਉਪਰੰਤ ਖੁਆਰ ਹੋਏ ਸਭਿ ਮਿਲੈਂਗੇ ਦੇ ਵਾਕ ਅਨੁਸਾਰ ਆਖਰ ਠੋਕਰਾਂ ਖਾ ਕੇ ਮਿਲ ਬਹਿਣਗੇ ਤੇ ਜਦੋਂ ਮਿਲ ਬਹਿਣਗੇ ਤਾਂ ਪੰਥ ਚੜ੍ਹਦੀਆਂ ਕਲਾਂ ਵਿਚ ਜਾਵੇਗਾ ਹੀ ਇਹ ਮੇਰਾ ਨਿਸਚਾ ਹੈ। ਆਪ ਨੇ ਕਿਹਾ ਕਿ ਮੈਂ ਪੰਥਕ ਏਕਤਾ ਲਈ ਆਪਣੇ ਅਕਾਲੀ ਦਲ ਨੂੰ ਤੋੜਿਆ ਸੀ, ਇਸ ਲਈ ਮੈਂ ਫੁਟ ਪਾਊ ਕਾਰਵਾਈਆਂ ਵਿਚ ਕਿਵੇਂ ਹਿਸੇਦਾਰ ਬਣ ਸਕਦਾ ਹਾਂ, ਮੇਰਾ ਨਾਮ ਕਿਸੇ ਨੂੰ ਗਲਤ ਤੌਰ ਤੇ ਇਸਤੇਮਾਲ ਨਹੀਂ ਕਰਨਾ ਚਾਹੀਦਾ। ਮੈਂ ਨਾ ਕਿਸੇ ਨੂੰ ਕੋਈ ਦਲ ਛੱਡਣ ਲਈ ਕਿਹਾ ਹੈ ਤੇ ਨਾ ਹੀ ਕਿਸੇ ਹੋਰ ਦਲ ਵਿਚ ਸ਼ਾਮਲ ਹੋਣ ਦੀ ਸਲਾਹ ਦਿੱਤੀ ਹੈ।

ਭਾਰਤੀ ਜਹਾਜ਼ ਤਬਾਹ ਜਾਂਚ ਦੇ ਹੁਕਮ ਜਾਰੀ

ਨਵੀਂ ਦਿੱਲੀ, -(ਯੂ ਐਨ ਆਈ) ਭਾਰਤੀ ਹਵਾਈ ਸੈਨਾ ਦਾ ਲੜਾਕੂ ਹਵਾਈ ਜਹਾਜ਼ ਅੱਜ ਸ਼ਾਮ ਪਛਮੀ ਸੈਕਟਰ ਵਿਚ ਤਬਾਹ ਹੋ ਗਿਆ। ਜਹਾਜ਼ ਵਿਚ ਇਕੋ ਇਕ ਸਵਾਰ ਫਲਾਈਟ ਲੈਫਟੀਨੈਂਟ ਹਾਲਾਂ ਲਾਪਤਾ ਹੈ। ਹਾਦਸੇ ਦੀ ਜਾਂਚ ਦੇ ਹੁਕਮ ਦੇ ਦਿਤੇ ਗਏ ਹਨ।

ਮੋਹਨ ਕਲਾਥ ਹਾਊਸ

ਦੀ ਪੰਜਾਬੀ ਮਾਰਕਿਟ ਵਿਚ

1st ANNIVERSARY SALE

ਅਜੇ ਵੀ ਚੱਲ ਰਹੀ ਹੈ

ਨਵੀਆਂ ਸ਼ਿਪਮੈਂਟਾਂ ਪਹੁੰਚ ਚੁੱਕੀਆਂ ਹਨ

ਕਰੇਪ - ਡਸ਼ੀਨ - ਕਰੇਪ ਮਟੈਲਿਕ, ਪ੍ਰਿੰਟਿਡ ਜ਼ਰੀ - ਸੋਹਨੀ ਮਹੀਂਵਾਲ, ਚੁੰਨੀ ਦੇ ਸਿਤਾਰੇ ਸੂਟ, ਕੋਹੇਨੂਰ ਦੇ ਗਲੇ ਦੇ ਡੀਜ਼ਾਈਨ ਵਾਲੇ, ਬਨਾਰਸੀ ਕਰੇਪ, ਮੈਚਿੰਗ ਮਨਪਸੰਦ 3 ਪੀਸ ਸੂਟ ਬਹੁਤ ਹੀ ਸੋਹਣੇ ਸੋਹਣੇ ਪ੍ਰਿੰਟ, ਰੰਗ ਤੇ ਡੀਜ਼ਾਈਨ, ਪਲੇਨ ਸੂਟਾਂ ਦਾ ਕੱਪੜਾ ਤੇ ਫੈਂਸੀ ਕਢਾਈ ਵਾਲੀਆਂ ਚੁੰਨੀਆਂ ਸੈਂਕੜੇ ਹੀ ਰੰਗਾਂ ਵਿਚ ... ਗਰਮ ਸ਼ਾਲਾਂ, ਗਰਮ ਸੂਟਾਂ, ਕੁੜਤੇ ਪਜਾਮੇ ਤੇ ਕਮੀਜ਼ਾਂ ਦਾ ਕੱਪੜਾ, ਪੱਗਾਂ, ਰੁਮਾਲੇ, ਜਾਰਜੈੱਟ ਤੇ ਜਾਪਾਨੀ ਸਿਲਕ ਤੇ ਇੰਡੀਆ ਦੀਆਂ ਸਿਲਕ ਦੀਆਂ ਸਾੜ੍ਹੀਆਂ, ਲੈਂਹਗਾ ਕਮੀਜ਼ ਗੋਟੇ ਵਾਲੇ ਪਹੁੰਚ ਗਏ ਹਨ।

ਵਧੀਆ ਕੁਆਲਿਟੀ ਪਰ ਘੱਟ ਕੀਮਤਾਂ ਵਿਚ ਖਰੀਦ ਕੇ ਪੈਸੇ ਦੀ ਬਚਤ ਕਰੋ!

ਅਸੀਂ ਗਾਹਕ ਦੀ ਤਸੱਲੀ ਕਰਵਾਉਂਦੇ ਹਾਂ ਤੇ ਹਰ ਸੂਟ ਤੇ ਚੁੰਨੀ ਮੈਚ ਕਰਕੇ ਦਿੰਦੇ ਹਾਂ

ਪ੍ਰਿੰਟਿਡ ਕਰੇਪ ਸੂਟ ਸਪੈਸ਼ਲ $12.00 | ਪਲੇਨ ਕਰੇਪ ਸੂਟ ਸਪੈਸ਼ਲ $8.00

SPECIALIZING IN PUNJABI SUIT — FABRIC — SAREES & PURE SILK

ਅਸੀਂ ਹਫਤੇ ਦੇ ਸੱਤੇ ਦਿਨ ਖੋਲ੍ਹਦੇ ਹਾਂ।



MOHAN CLOTH HOUSE

VISA

6610 MAIN ST., VANCOUVER,

Ph. (604) 321-4211

MasterCard



ਲਓ ਜੀ! ਸ਼ੁਰੂ ਹੋ ਗਈ ਗਿਲਫੋਰਡ ਫਰਨੀਚਰ ਦੀ ਨਵੀਂ

ਧੂੰਆਂ ਕੱਢ ਸੇਲ!

ਜੋ ਕਿ ਸਤੰਬਰ ਦੇ ਅਖੀਰ ਤੱਕ ਚੱਲੇਗੀ, ਜਿਸ ਵਿਚ ਹਰ ਇਕ ਤਰ੍ਹਾਂ ਦੇ ਫਰਨੀਚਰ ਦੀਆਂ ਕੀਮਤਾਂ ਵਾਲਾ ਧੂੰਆਂ ਕੱਢ ਕੇ ਬੀ. ਸੀ. ਦੇ ਕੋਨੇ ਕੋਨੇ ਵਿਚ ਡਲਿਵਰ ਕਰ ਦਿਤਾ ਜਾਵੇਗਾ



ਧੂੰਆਂ ਕੱਢ ਸੇਲ ਵਿਚ ਸਿਲੀ ਦੇ ਮੈਟਰੈਸਾਂ ਦੀਆਂ ਗੱਡੀਆਂ ਲੱਦ ਕੇ ਪਹੁੰਚ ਗਈਆਂ ਹਨ - ਹਰ ਇਕ ਤਰ੍ਹਾਂ ਦੇ ਫਰਨੀਚਰ ਦੇ ਨਾਲ ਨਾਲ ਸਿਲੀ ਦੇ ਮੈਟਰੈਸਾਂ ਦੀਆਂ ਕੀਮਤਾਂ ਵਾਲਾ ਧੂੰਆਂ ਕੱਢ ਦਿਤਾ ਜਾਵੇਗਾ।

Just Say CHARGE IT On My GILLFORD FURNITUREMART Credit Card Apply For Yours Today!

"Better Quality Furnishings at Discount Prices"

FINANCING AVAILABLE O.A.C.

GILL-FORD FURNITUREMART

13442-108th Avenue, Surrey

HOURS: Mon.-Fri. 10-9; Sat. 10-6
Sunday & Holidays 10-6

588-4461